# ਵਰਿਆਮ

ਸਤੰਬਰ-ਅਗਸਤ ੧੯੯੫









ਸਤਿਗੁਰੂ ਰਾਮ ਸਿੰਘ ਜੀ ਦੀ ਪਾਵਨ ਅਗਵਾਈ ਵਿੱਚ, ਭਾਰਤੀ ਆਜ਼ਾਦੀ ਸੰਗਰਾਮ ਦੇ ਮੋਢੀ ਨਾਮਧਾਰੀਆਂ ਨੇ ਸ਼ਹੀਦੀਆਂ ਦਾ ਅਦੁੱਤੀ ਇਤਿਹਾਸ ਸਿਰਜਿਆ। ਅੰਮ੍ਰਿਤਸਰ ਰਾਏਕੋਟ ਲੁਧਿਆਣਾ ਵਿੱਚ ਫਾਂਸੀਆਂ ਅਤੇ ਮਾਲੇਰਕੋਟਲਾ ਵਿੱਚ ਤੋਪਾਂ ਸਾਹਵੇਂ ਸ਼ਹੀਦੀਆਂ ਇਸ ਮਾਰਗ ਦੇ ਮੀਲ ਪੱਥਰ ਹਨ।

ਕੇ ਲਾਈ ਹੈ ਸਭ ਕੋ ਕਤਲ ਹੋਨੇ ਕੀ ਉਮੀਦ, ਆਸ਼ਕੋਂ ਕਾ ਆਜ ਜਮਘਟ ਕੂਚਾ ਏ ਕਾਤਲ ਮੇਂ ਹੈ

–ਬਿਸਮਿਲ

Sri Satguru Jagjit Singh Ji eLibrary NamdhariElibrary@gmail.com



ਸੁਤੰਤਰਤਾ ਸੰਗਰਾਮ ਅਤੇ ਕੌਮੀ ਏਕਤਾ ਦੇ ਅਲਮ ਬਰਦਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਦੀ ਧਰਤੀ ਤੇ ਪੰਡਿਤ ਜਵਾਹਰ ਲਾਲ ਨਹਿਰੂ, ਮਾਸਟਰ ਤਾਰਾ ਸਿੰਘ, ਡਾ: ਸੈਫੂਲਦੀਨ ਕਿਚਲੂ ਅਤੇ ਹੋਰ ਆਗੂਆਂ ਨਾਲ ਪ੍ਰਸੰਨ ਮੁਦਰਾ ਵਿੱਚ ।




**ਸ਼ਹੀਦਾਂ ਨੂੰ ਪ੍ਰਣਾਮ :** ਪੰਜਾਬ ਦੇ ਸਾਬਕਾ ਮੁਖ ਮੰਤਰੀ ਸਵ: ਸ. ਬੇਅੰਤ ਸਿੰਘ ਦਾ ਇਕ ਵੱਡਾ ਕਾਰਜ ਹੈ ਨਾਮਧਾਰੀ ਸ਼ਹੀਦਾਂ ਦੀਆਂ ਯਾਦਗਾਰਾਂ ਕਾਇਮ ਕਰਨ ਵਿੱਚ ਭਾਰੀ ਯੋਗਦਾਨ । ੨੪ ਜੂਨ ੧੯੯੩ ਨੂੰ ਮਾਲੇਰਕੋਟਲਾ ਵਿੱਚ ਸ਼ਹੀਦੀ ਸਮਾਰਕ ਦਾ ਨੀਂਹ ਪੱਥਰ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਕਰ ਕਮਲਾ ਨਾਲ ਰੱਖਿਆ । ਇਸ ਮੌਕੇ ਸ: ਬੇਅੰਤ ਸਿੰਘ ਜੀ ਦੇ ਸ਼ੁਕਰਾਨੇ ਵਿੱਚ ਜੁੜੇ ਹੱਥ ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸ੍ਰੀ ਭੈਣੀ ਸਾਹਿਬ ਵਿਚ ਜੱਪ ਪਰਯੋਗ



ਸਤਿਗੁਰੂ ਜਗਜੀਤ ਸਿੰਘ ਜੀ ਸੰਗਤਾਂ ਨੂੰ ਆਪਣੀ ਹੱਥੀਂ ਕੜਾਹ ਪ੍ਰਸ਼ਾਦ ਵੰਡਦੇ ਹੋਏ ।
ਨਾਲ ਹਨ ਸ. ਸੇਵਾ ਸਿੰਘ ਤੰਬੂਆਂ ਵਾਲੇ ।

ਅੱਸੂ ਦਾ ਮਹੀਨਾ ਨਾਮਧਾਰੀਆਂ ਵਿਚ ਸਿਖਰ ਦੀ ਤਪ ਸਾਧਨਾ, ਨਾਮ ਸਿਮਰਨ, ਕੀਰਤਨ ਅਤੇ ਸੇਵਾ ਦਾ ਮਹੀਨਾ ਹੁੰਦਾ ਹੈ । ਇਹ ਮਹੀਨਾ ਸ੍ਰੀ ਭੈਣੀ ਸਾਹਿਬ ਵਿਚ ਸਾਲਾਨਾ ਪ੍ਰਯੋਗ ਦਾ ਹੁੰਦਾ ਹੈ । ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਦਾਦਾ ਗੁਰੂ ਸਤਿਗੁਰੂ ਹਰੀ ਸਿੰਘ ਜੀ ਅਤੇ ਪਿਤਾ ਗੁਰੂ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਆਰੰਭੇ ਪ੍ਰਯੋਗ ਨੂੰ ਹੋਰ ਵੀ ਵਿਸ਼ਾਲ ਰੂਪ ਦਿਤਾ ਹੈ । ਰੋਜ਼ਾਨਾ ਅੱਠ ਘੰਟੇ ਦਾ ਸਮੂਹਿਕ ਨਾਮ ਸਿਮਰਨ, ਆਸਾ ਦੀ ਵਾਰ ਦੇ ਕੀਰਤਨ, ਦੁਪਹਿਰ ਬਾਦ ਦਾ ਕੀਰਤਨ, ਹੱਲੇ ਦੇ ਦੀਵਾਨ, ਕਥਾ ਵਿਖਿਆਨ, ਸੰਗੀਤ ਦੀਆਂ ਬੈਠਕਾਂ ਕਵੀ ਦਰਬਾਰ ਅਤੇ ਹੱਥੀਂ ਸੇਵਾ ਕਰਨਾ, ਗੱਲ ਕੀ ਚੌਵੀ ਘੰਟੇ ਸਾਧਨਾ ਵਿਚ ਭਿੱਜੇ ਰਹਿਣਾ ਹੁੰਦਾ ਹੈ । ਅੰਤਲੇ ਚਾਰ ਦਿਨ ਤਾਂ ਭਾਰੀ ਮੇਲਾ ਹੁੰਦਾ ਹੈ ।

ਇਸ ਵਾਰ ੧ ਕੱਤਕ (੧੭ ਅਕਤੂਬਰ) ਨੂੰ ਸਵੇਰੇ ਮੇਲੇ ਦਾ ਭੋਗ ਪਵੇਗਾ । ਆਸਾ ਦੀ ਵਾਰ ਦੇ ਕੀਰਤਨ ਬਾਅਦ ਸਮੂਹਿਕ ਅਨੰਦ ਕਾਰਜ ਹੋਣਗੇ । ਪਾਠਾਂ ਦੇ ਭੋਗ ਪਾਏ ਜਾਣਗੇ ਅਤੇ ਸਰਬਤ ਦੇ ਭਲੇ ਲਈ ਅਰਦਾਸ ਹੋਵੇਗੀ ।

ਇਸ ਮਹੀਨੇ ਵਿਚ ਥਾਓਂ-ਥਾਈਂ ਸਥਾਨਕ ਸੰਗਤਾਂ ਵੀ ਵਿਸ਼ੇਸ਼ ਸਿਮਰਨ ਪਰਯੋਗ ਕਰਦੀਆਂ ਹਨ ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari


Phone : 61040
Code : 01824

**For Fitting Diesel Engines in Foreign**

**&**

**Indian Car Bodies**



Specialists in :

**Mercedes Benz Car Repairing**

# Amarjit Motor Garage

G. T. ROAD, Opp. JALANDHAR OCTROI POST,

**PHAGWARA**




Sri Satguru Jagjit Singh Ji eLibrary NamdhariElibrary@gmail.com

https://archive.org/details/namdhari


ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਡਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Please Contact :

PHONES Office : 2528411
2510345
Resi. : 6845441

# NAMDHARI AGENCIES

2/2068, Chah Andara, (Behind Jubilee Cinema),
**Chandni Chowk, DELHI—110006**




Sri Satguru Jagjit Singh Ji eLibrary NamdhariElibrary@gmail.com

**HIGH CLASS GUN MANUFACTURERS**

**(SINGLE & DOUBLE BARRELS) 12-BORE GUNS**

**ALSO SALE & PURCHASES OF**

**INDIAN & IMPORTED (12-Bore Guns, Revolvers/Pistols N. P. Bore) Guns**

**Also Repairers of all Types of Guns**



## Once Purchased Ever Purchased

**Best Quality of The Day is Our Motto**

**Contact Us With Full Confidence :**

**Hello : 533810**

# Free India Gun Manufacturers

**Prop : S. KARTAR SINGH (JAMMU-WALE)**

**6 Industrial Estate, Ashok Nagar,**

**Jammu Cantt.-3**

**Sister Concern :**

**M/s KARTAR SINGH**

**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ

ਅਗਸਤ-ਸਤੰਬਰ ੧੯੯੫ ਜਿਲਦ-੨੦ ਅੰਕ-੧੦-੧੧

## ਤਤਕਰਾ

| | | |
|---|---|---|
| ਕੂਕਾ ਅੰਦੋਲਨ | —ਡਾ: ਫੌਜਾ ਸਿੰਘ | ੯ |
| ਨਾਮਧਾਰੀ ਮੂਵਮੈਂਟ | —ਬਾਬਾ ਸੋਹਨ ਸਿੰਘ ਭਕਨਾ | ੧੩ |
| ਨਾਮਧਾਰੀ ਮੂਵਮੈਂਟ ਵਿਚ ਸ਼ਾਮਲ ਹੋਣਾ | —ਬਾਬਾ ਸੋਹਣ ਸਿੰਘ ਭਕਨਾ | ੧੫ |
| ਮਾਸਟਰ ਤਾਰਾ ਸਿੰਘ ਅਤੇ ਸ੍ਰੀ ਭੈਣੀ ਸਾਹਿਬ ਦੀ ਸਰਬ ਸੰਪਰਦਾਇ ਕਾਨਫਰੰਸ | —ਜਗਦੀਸ਼ ਸਿੰਘ | ੧੭ |
| ਟੈਗੋਰ, ਖੁਸ਼ਵੰਤ-ਬਾਣੀ ਅਤੇ ਮਾਈਕਲ ਜੈਕਸਨ | —ਅਮਰ ਭਾਰਤੀ | ੨੧ |
| ਗਿਆਨਧਾਰਾ ਦਾ ਸਿੰਧੂ ਪਰਵਾਹ | —ਕਿਰਪਾਲ ਸਿੰਘ ਕਸੇਲ | ੨੩ |
| ਗੀਤ | —ਅਜੈਬ ਸਿੰਘ | ੨੭ |
| ਇੰਦਰ ਸਿੰਘ ਨਾਮਧਾਰੀ | —ਆਤਮਾ ਸਿੰਘ ਸਨਖਤਰਵੀ | ੨੮ |
| ਗਰਮ ਕੋਟ (ਕਹਾਣੀ) | —ਰਾਜਿੰਦਰ ਸਿੰਘ ਬੇਦੀ | ੩੦ |
| ਅੱਧੀ ਰਾਤ ਨੂੰ (ਕਵਿਤਾ) | —ਸੁਰਜੀਤ ਖੁਰਸ਼ੀਦੀ | ੩੬ |
| ਅਮਾਨਤ ਵਿਚ ਖਿਆਨਤ | —ਪਿਆਰਾ ਸਿੰਘ ਦਾਤਾ | ੩੭ |
| ...ਕੋਈ ਮੁਸਲਮਾਨ ਮਾਰਿਐ | —ਜਗਦੀਸ਼ ਸਿੰਘ | ੪੧ |
| ਪਰਦੇਸਾਂ ਵਿਚ ਸਿੱਖ ਵਿਰਸੇ ਦੀ ਸੰਭਾਲ | —ਡਾ: ਜਸਵੰਤ ਸਿੰਘ ਜੱਸ | ੪੫ |
| ਪਿੰਡ ਦੀਆਂ ਯਾਦਾਂ | —ਗੁਰਦੇਵ ਸਿੰਘ ਹੰਜਰਾ | ੪੭ |
| ਸੁਖਾਵੇਂ ਪਲ ਉਡੀਕ ਰਹੇ ਹਨ | —ਜਗਦੀਸ਼ ਸਿੰਘ | ੪੯ |
| ਸਿਮ੍ਰਤੀ ਬੀਬੀ ਮਹਿੰਦਰ ਕੌਰ | —ਪ੍ਰੀਤਮ ਸਿੰਘ ਕਵੀ | ੫੪ |
| ਸ਼ਰਧਾਂਜਲੀਆਂ | | ੫੭ |
| ਖ਼ਬਰਨਾਮਾ | | ੬੧ |
| ਪ੍ਰਤੀਕਰਮ | | ੬੭ |

# ਸਿੱਖ ਸੰਮੇਲਨ
# ਭੈਣੀ ਸਾਹਿਬ ਤੋਂ ਅੰਮ੍ਰਿਤਸਰ

ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਵਲੋਂ ਸ੍ਰੀ ਅੰਮ੍ਰਿਤਸਰ ਵਿਚ ਪੰਜ ਦਿਵਸੀ ਵਿਸ਼ਵ ਸਿਖ ਸੰਮੇਲਨ ੨੫ ਸਤੰਬਰ ਨੂੰ ਸਮਾਪਤ ਹੋਇਆ। ਜਦੋਂ ਕੌਮਾਂ ਧਰਮਾਂ ਅਗੇ ਕੋਈ ਗੰਭੀਰ ਮਸਲੇ ਹੋਣ ਜਾਂ ਪਰਸਪਰ ਵਿਚਾਰ ਵਟਾਂਦਰੇ ਦੀ ਲੋੜ ਹੋਵੇ ਤਾਂ ਅਜਿਹੇ ਸੰਮੇਲਨ ਮੀਲ ਪੱਥਰ ਸਾਬਤ ਹੁੰਦੇ ਹਨ। ਅਜ ਤੋਂ ਅਕਾਹਠ ਸਾਲ ਪਹਿਲਾਂ ਇਹਨਾਂ ਹੀ ਦਿਨਾਂ ਵਿਚ ਇਕ ਸੰਮੇਲਨ ਹੋਇਆ ਸੀ। ਉਹ ਸੀ ੧੩ ਅਕਤੂਬਰ ੧੯੩੪ ਨੂੰ ਸ੍ਰੀ ਭੈਣੀ ਸਾਹਿਬ ਵਿਚ ਹੋਣ ਵਾਲੀ ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ। ਇਸ ਕਾਨਫਰੰਸ ਦਾ ਸੰਪੂਰਨ ਖਰਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤਾ ਸੀ। ਇਹ ਉਹ ਸਮਾਂ ਸੀ ਜਦੋਂ ਪੰਥ ਦੀਆਂ ਵਖ ਵਖ ਸ਼ਾਖਾਵਾਂ ਆਪਸ ਵਿਚ ਵੀ ਖਹਿੰਦੀਆਂ ਸਨ ਅਤੇ ਇਕ ਦੂਜੀ ਨਾਲ ਵੀ। ਅਕਾਲੀ ਪਾਰਟੀ ਦੇ ਹੀ ਦੋ ਧੜੇ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਦੀ ਅਗਵਾਈ ਵਿਚ ਇਕ ਦੂਜੇ ਦੇ ਵਿਰੋਧੀ ਸਨ। ਨਾਮਧਾਰੀਆਂ ਨਾਲ ਦੂਜੀਆਂ ਸੰਪਰਦਾਵਾਂ ਦੀ ਵਡੀ ਅੜਿਚਣ ਅਰਦਾਸ ਦਾ ਮਸਲਾ ਸੀ। ਨਾਮਧਾਰੀ ੧੨ ਗੁਰੂਆਂ ਦੀ ਅਰਦਾਸ ਕਰਦੇ ਸਨ ਅਤੇ ਹੋਰ ਸੰਸਥਾਵਾਂ ੧੦ ਪਾਤਸ਼ਾਹੀਆਂ ਦੀ। ਅਜ ਦੇ ਹਾਲਾਤ ਨਾਲੋਂ ਉਸ ਵੇਲੇ ਇਕਠੇ ਹੋਣਾ ਬਹੁਤ ਮੁਸ਼ਕਲ ਸੀ। ਫੇਰ ਅੰਗਰੇਜ਼ ਸਰਕਾਰ ਵੀ ਇਸ ਗਲ ਦੇ ਵਿਰੁਧ ਸੀ। ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਭ ਅੜਿਚਨਾਂ ਦੂਰ ਕੀਤੀਆਂ। ਆਪਣੇ ਇਕ ਭਾਸ਼ਨ ਵਿਚ ਉਹਨਾਂ ਨੇ ਆਖਿਆ।

"ਅਸੀਂ ਉਥੇ ਗੁਰੂ ਨਾਨਕ ਸਰਬ ਸੰਪਰਦਾ ਕਾਨਫਰੰਸ ਰਖ ਦਿਤੀ। ਉਹਦੇ ਤੇ ਸਜਣ ਆਏ। ਉਹਨਾਂ ਨੇ ਮੈਨੂੰ ਆਖਿਆ, "ਅਸੀਂ ਤਾਂ ਜਾਨੇ ਹਾਂ ਜੇ ਅਸੀਂ ਉਥੇ ਦਸਾਂ ਗੁਰੂਆਂ ਦਾ ਅਰਦਾਸਾ ਕਰੀਏ ਭੈਣੀ ਸਾਹਿਬ ਜਾ ਕੇ।"

ਮੈਂ ਆਖਿਆ, "ਜੀ ਤੁਸੀਂ ਇਕ ਦਾ ਵੀ ਕਰ ਲਉ ਬੇਸ਼ਕ, ਮੈਨੂੰ ਕੋਈ ਇਤਰਾਜ਼ ਨਹੀਂ ਤੁਸਾਂ ਆਪ ਕਰਨੈ।"

ਇਸ ਕਾਨਫਰੰਸ ਨੇ ਵਾਤਾਵਰਨ ਵਿਚ ਅਮਲੀ ਤਬਦੀਲੀ ਲਿਆਂਦੀ। ਹੋਰਨਾਂ ਥਾਵਾਂ ਤੇ ਵੀ ਅਜਿਹੀਆਂ ਕਾਨਫਰੰਸਾਂ ਹੋਈਆਂ। ਪ੍ਰੋ: ਮੋਹਣ ਸਿੰਘ ਨੇ ਆਪਣੀ ਮਸ਼ਹੂਰ ਕਵਿਤਾ ਸਿੱਖੀ ਵਿਚ ਇਸੇ ਵੇਗ ਵਿਚ ਲਿਖਿਆ :



Sri Satguru Jagjit Singh Ji eLibrary NamdhariElibrary@gmail.com

ਕੀ ਹੋਇਆ ਜੇ
ਅਜ ਸ਼ਾਖਾਂ ਏਸ ਦੀਆਂ
ਅਜ ਲਗਰਾਂ ਏਸ ਦੀਆਂ
ਆਪੋ ਵਿਚ ਪਾਟ ਗਈਆਂ
ਆਪੋ ਵਿਚ ਤਿੜਕ ਗਈਆਂ
ਕੋਈ ਪੂਰਬ ਚਲੀ ਗਈ
ਕੋਈ ਪੱਛਮ ਚਲੀ ਗਈ
ਕੋਈ ਪਿੰਡੀ ਮੱਲ ਬੈਠੀ
ਕੋਈ ਭੈਣੀ ਜਾ ਬੈਠੀ
ਪਰ ਮੁੱਢ ਤਾਂ ਇਕੋ ਏ
ਪਰ ਖ਼ੂਨ ਤਾਂ ਸਾਂਝਾ ਏ ।

ਵਿਸ਼ਵ ਸਿਖ ਸੰਮੇਲਨ ਅੰਮ੍ਰਿਤਸਰ ੧੯੯੫ ਬਹੁਤ ਵੱਡ-ਆਕਾਰੀ ਸੰਮੇਲਨ ਸੀ । ਇਸ ਦਾ ਚਰਚਾ ਇਸ਼ਤਿਹਾਰਾਂ ਰਾਹੀਂ ਅਤੇ ਲੇਖਾਂ ਰਾਹੀਂ ਅਖਬਾਰਾਂ ਵਿਚ ਬਹੁਤ ਸੀ । ਬਹੁਤ ਵੱਡੀ ਪੱਧਰ ਤੇ ਕਰੋੜਾਂ ਰੁਪਏ ਦੇ ਖਰਚੇ ਨਾਲ ਇਹ ਆਯੋਜਿਤ ਕੀਤਾ ਗਿਆ ।

ਜਿਨ੍ਹਾਂ ਨੂੰ ੧੯੩੪ ਵਾਲੀ ਕਾਨਫਰੰਸ ਦੀ ਕੁਝ ਯਾਦ ਸੀ ਉਹ ਇਸ ਸੰਮੇਲਨ ਬਾਰੇ ਉਹੋ ਜਿਹੀ ਆਸ ਰਖਦੇ ਸਨ । ਅਕਸਰ ਸ਼ਰੋਮਣੀ ਪਤਰਕਾਰ ਸ. ਗੁਰਬਖਸ਼ ਸਿੰਘ ਬੰਨੋਆਣਾ ਦੀ ਪੁਛ ਹੁੰਦੀ ਕੀ ਨਾਮਧਾਰੀਆਂ ਨੂੰ ਇਸ ਕਾਨਫਰੰਸ ਵਾਸਤੇ ਸਦਿਆ ਗਿਆ ਹੈ ਕਿ ਨਹੀਂ ? ਸਾਡਾ ਉਤਰ ਹੁੰਦਾ "ਪਤਾ ਨਹੀਂ ।" ਸਿਖ ਸਮਾਜ ਦੀਆਂ ਕੁਝ ਸੰਪਰਦਾਵਾਂ ਜਿਨ੍ਹਾਂ ਨੂੰ ਸੰਤ ਸਮਾਜ ਵਜੋਂ ਪਛਾਣਿਆ ਜਾਂਦਾ ਹੈ ਉਹ ਐਲਾਨੀਆਂ ਇਸ ਸੰਮੇਲਨ ਤੋਂ ਵੱਖ ਸਨ ਅਤੇ ਇਵੇਂ ਹੀ ਕੁਝ ਅਕਾਲੀ ਗਰੁਪ ਵੀ ।

ਕਾਨਫਰੰਸ ਦੀ ਸਮਾਪਤੀ ਤੋਂ ਕੁਝ ਦਿਨ ਹੀ ਪਹਿਲਾਂ ਪਤਾ ਲਗਾ ਕਿ ਨਾਮਧਾਰੀ ਸ਼ਹੀਦਾਂ ਦਾ ਵੀ ਸਨਮਾਨ ਕਰਨਾ ਹੈ ਅਤੇ ਇਸ ਮੰਤਵ ਵਾਸਤੇ ਸ਼ਰੋਮਣੀ ਕਮੇਟੀ ਵਲੋਂ ਸੱਦਾ-ਪੱਤਰ ਆਇਆ ਹੈ । ਭਾਵੇਂ ਸਮਾਂ ਥੋੜ੍ਹਾ ਸੀ ਅਤੇ ਗੱਲ ਵੀ ਪੂਰੀ ਤਰ੍ਹਾਂ ਸਪਸ਼ਟ ਨਹੀਂ ਸੀ, ਪਰ ਜਿਨ੍ਹਾਂ ਨੇ ਏਕਤਾ ਵਾਸਤੇ ਏਡੀ ਵੱਡੀ ਕਾਨਫਰੰਸ ਅਕਾਹਠ ਸਾਲ ਪਹਿਲਾਂ ਹੀ ਕੀਤੀ ਹੋਵੇ ਅਤੇ ਵੱਡੀ ਹੱਦ ਤਕ ਲਿਫ ਸਕਦੇ ਹੋਣ ਉਹਨਾਂ ਵਾਸਤੇ ਇਹ ਜ਼ਰੂਰੀ ਸੀ ਕਿ ਘਟੋ ਘਟ ਸੱਦਾ ਪ੍ਰਵਾਨ ਕਰਕੇ ਉਥੇ ਜਾਣ ਤਾਂ ਸਹੀ । ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ ਸਮੇਂ ਨਾਮਧਾਰੀਆਂ ਨੇ ਕਿੱਡੀ ਦੂਰ ਤਕ ਪਹੁੰਚ ਕੀਤੀ ਸੀ, ਇਸ ਦਾ ਪਤਾ ਤਾਂ ਇਸੇ ਅੰਕ ਵਿਚ ਛਪੇ ਇਕ ਹੋਰ ਮਜ਼ਮੂਨ ਤੋਂ ਲਗ ਜਾਵੇਗਾ, ਪਰ ਆਖਰੀ ਤੰਦ ਫੜ ਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਵਫਦ ਸ੍ਰੀ ਅੰਮ੍ਰਿਤਸਰ ਭੇਜਿਆ । ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਸ. ਹ ਸ. ਹੰਸਪਾਲ ਨੇ ਇਸ ਕਾਰਜ ਵਿਚ ਅਹਿਮ ਭੂਮਿਕਾ ਨਿਭਾਈ । ਉਹ ਆਪ ਤਾਂ ਨਾ ਜਾ ਸਕੇ, ਪਰ ਸਾਡੀ ਜ਼ਿੰਮੇਵਾਰੀ ਲਾਈ ਕਿ ਇਸ ਕਾਰਜ ਨੂੰ ਕਰਨਾ ਹੈ । ੨੫ ਸਤੰਬਰ ੧੯੯੫ ਨੂੰ ਮੰਜੀ ਸਾਹਿਬ ਤੇ ਭਰਪੂਰ ਸਜੇ ਦੀਵਾਨ ਵਿਚ ਨਾਮਧਾਰੀਆਂ ਦਾ ਇਕ ਵਡਾ ਜਥਾ ਹਾਜ਼ਰ ਸੀ । ਫੈਸਲਾ ਇਹ ਹੀ ਹੋਇਆ ਕਿ ਨਾਮਧਾਰੀ ਵਫਦ ਦੇ ਗਿਆਰਾਂ ਵਿਅਕਤੀਆਂ ਨੂੰ ਪ੍ਰਤੀਨਿਧ ਤੌਰ ਤੇ ਸਨਮਾਨਿਤ ਕੀਤਾ ਜਾਵੇ । ਸਿੰਘ ਸਾਹਿਬ ਹਰਭਜਨ ਸਿੰਘ ਯੋਗੀ ਜੀ ਨੇ ਸਟੇਜ ਤੋਂ ਉੱਚੀ ਆਵਾਜ਼ ਵਿਚ ਕਿਹਾ : "ਨਾਮਧਾਰੀਆਂ ਦਾ ਜਥਾ ਆਇਆ ਹੈ, ਜੈਕਾਰਾ ਛੱਡੋ ।" ਅਤੇ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਜਥੇ ਦਾ ਸੁਆਗਤ ਕੀਤਾ । ਵਫਦ ਦੇ ਹਰ ਮੈਂਬਰ ਨੂੰ ਇਕ ਗਰਮ ਸ਼ਾਲ, ਇਕ ਕੇਸਰੀ ਰੰਗ ਦਾ ਰੇਸ਼ਮੀ ਪਟਕਾ ਅਤੇ ਚਾਂਦੀ ਦੀ ਇਕ ਤਸ਼ਤਰੀ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਨੇ ਭੇਟ ਕੀਤੀ ।

ਸਿੱਖ ਸੰਮੇਲਨ ਦੀ ਇਸ ਕਾਰਵਾਈ ਦਾ ਵਿਆਪਕ ਸੁਆਗਤ ਹੋਇਆ ਹੈ । ਅਖਬਾਰਾਂ ਨੇ ਇਸ ਗੱਲ ਨੂੰ ਚੰਗੀ ਤੇ ਅਹਿਮ ਗੱਲ ਆਖਿਆ ਹੈ । ਪ੍ਰੋ: ਪਿਆਰਾ ਸਿੰਘ ਭੋਗਲ ਹੋਰਾਂ ਬੁੱਧਵਾਰ ੪ ਅਕਤੂਬਰ ੧੯੯੫ ਦੀ 'ਅਜੀਤ' ਵਿਚ ਲਿਖਿਆ—

"ਨਾਮਧਾਰੀ ਸ਼ਹੀਦਾਂ ਦਾ ਸਨਮਾਨ ਅਤੇ ਸਟੇਜ ਉਤੇ ਬੁਲਾ ਕੇ ਚੋਣਵੇਂ ਨਾਮਧਾਰੀ ਮੁਖੀਆਂ ਦਾ ਸਨਮਾਨ ਸਿੱਖ ਮੁਖ ਧਾਰਾ ਤੋਂ ਬਾਹਰ ਧੱਕ ਦਿਤੇ ਗਏ ਸਿੱਖ ਵੀਰਾਂ ਨੂੰ ਮੁੜ ਨੇੜੇ ਲਿਆਉਣ ਦਾ ਸ਼ਲਾਘਾਯੋਗ ਉੱਦਮ ਸੀ ।"

ਸਤਿਗੁਰੂ ਜਗਜੀਤ ਸਿੰਘ ਜੀ ਨੇ ਤਾਂ ਆਪਣੇ ਸਤਿਗੁਰੂ ਪਿਤਾ ਦੇ ਪੂਰਨਿਆਂ ਤੇ ਚਲਦਿਆਂ ਛੋਟੇ ਜਿਹੇ ਹੁੰਗਾਰੇ ਨੂੰ ਵੱਡਾ ਬਲ ਦਿਤਾ ਹੈ । ਉਹਨਾਂ ਤਾਂ ਇਕ ਵਾਰ ਮੁੜ ਸਾਬਤ ਕਰ ਦਿਤਾ ਹੈ ਕਿ—

ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,
ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥
—ਭਾਈ ਗੁਰਦਾਸ

ਅੰਮ੍ਰਿਤਸਰ ਵਿਚ ਦਿਤੇ ਜਾਣ ਵਾਲੇ ਕਈ ਸਨਮਾਨਾਂ ਕਾਰਨ ਅਖਬਾਰਾਂ ਵਿਚ ਬਹੁਤ ਇਤਰਾਜ਼ ਆਏ ਹਨ ਅਤੇ


Sri Satguru Jagjit Singh Ji eLibrary NamdhariElibrary@gmail.com

ਸੰਮੇਲਨ ਚਰਚਾ ਦਾ ਵਿਸ਼ਾ ਬਣਿਆ ਹੈ ਜਦਕਿ ਭੈਣੀ ਸਾਹਿਬ ਦੀ ਕਾਨਫਰੰਸ ਨੇ ਯਕਦਮ ਤਿੱਖਾ ਪ੍ਰਭਾਵ ਏਕਤਾ ਅਤੇ ਅਮਨ ਦਾ ਸਿਰਜਿਆ ਸੀ। ਇਹ ਇਸ ਕਰਕੇ ਕਿ ਭੈਣੀ ਸਾਹਿਬ ਕਾਨਫਰੰਸ ਪਿਛੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿਕਨਾਤੀਸੀ ਸ਼ਖਸੀਅਤ ਸੀ ਜੋ ਆਪਣਾ ਹੱਕ ਦਾਨ ਕਰ ਸਕਦੀ ਸੀ। ਅੰਮ੍ਰਿਤਸਰ ਵਿਚ ਸਿਆਸੀ ਮਜਬੂਰੀਆਂ ਸਨ ਜਿਨ੍ਹਾਂ ਨੇ ਰੌਲਾ ਪੁਆ ਦਿਤਾ ਹੈ।

## ਸ. ਬੇਅੰਤ ਸਿੰਘ

ਪੰਜਾਬ ਦੇ ਸਾਬਕਾ ਮੁਖ ਮੰਤਰੀ ਸਰਦਾਰ ਬੇਅੰਤ ਸਿੰਘ ਜਿਹੜੇ ਹਾਲਾਤ ਵਿਚ ਸ਼ਹੀਦ ਹੋਏ ਹਨ, ਉਹ ਸਭ ਨੂੰ ਪਤਾ ਹਨ। ਪੰਦਰਾਂ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਸਹਿਤ, ਰਾਜ ਸੱਤਾ ਦੇ ਗੜ੍ਹ-ਕੇਂਦਰ ਅਤੇ ਭਾਰੀ ਸੁਰੱਖਿਆ ਦੀ ਛਤਰੀ ਦੇ ਬਾਵਜੂਦ ਇਕ ਭਿਆਨਕ ਬੰਬ, ਜੀਵਨ ਲੀਲਾ ਸਮਾਪਤ ਕਰ ਗਿਆ। ਭਾਣਾ ਕਰਤਾਰ ਦਾ 'ਜਿਵ ਜਿਵ ਹੁਕਮੁ ਤਿਵੈ ਤਿਵ ਕਾਰ।'

ਕਦੀ ਸਮਾਂ ਸੀ ਰਾਜ ਗੱਦੀ ਨੂੰ ਰਸਤਾ ਹੀ ਖ਼ੂਨ ਦੇ ਦਰਿਆ ਵਿਚੋਂ ਦੀ ਜਾਂਦਾ ਸੀ। ਦੋ ਹੀ ਵਿਕਲਪ ਹੁੰਦੇ ਸਨ, ਤਖਤ ਜਾਂ ਤਖਤਾ। ਮਰ ਜਾਣਾ ਜਾਂ ਮਾਰ ਦੇਣਾ। ਰਾਜ ਗੱਦੀ ਜਾਂ ਮੌਤ। ਖੇਡਣ ਵਾਲੇ ਫੇਰ ਵੀ ਇਹ ਖੇਡ ਖੇਡਦੇ ਸਨ। ਹਾਂ ਇਹ ਖੇਡ ਖੇਡਣ ਵਾਲਿਆਂ ਦਾ ਇਕ ਵਖਰਾ ਵਰਗ ਬਣ ਗਿਆ ਸੀ।ਸਮਾਂ ਬਦਲ ਗਿਆ ਹੈ। ਰਾਜਗੱਦੀਆਂ ਵੋਟਾਂ ਨਾਲ ਮਿਲਦੀਆਂ ਹਨ ਫੇਰ ਵੀ ਸੱਤਾ ਤੇ ਬੈਠੇ ਵਿਅਕਤੀ ਲਈ ਖਤਰਾ ਤਾਂ ਹਰ ਸਮੇਂ ਬਣਿਆ ਹੀ ਰਹਿੰਦਾ ਹੈ। ਇਹ ਸਾਬਤ ਹੋ ਗਿਆ ਹੈ ਕਿ ਜਿੰਨਾਂ ਬੰਦਾ ਮਸ਼ਹੂਰ ਹੈ ਉਨਾ ਹੀ ਖਤਰਾ ਵੱਧ। ਸਿਆਸਤ ਦੀ ਖੇਡ ਨੇਤਾਵਾਂ ਨੂੰ ਆਮ ਜਨਤਾ ਦੇ ਸਨਮੁਖ ਲੈ ਆਈ ਹੈ। ਹੋਰ ਵੀ ਤਿਗੜਮਾਂ ਹਨ ਪਰ ਮੁਕਦੀ ਗਲ ਜਨਤਾ ਦੀ ਟੇਕ ਤੇ ਹੀ ਹੈ। ਸ. ਬੇਅੰਤ ਸਿੰਘ ਜੀ ਰਾਜ ਗੱਦੀ ਤਕ ਜਨਤਾ ਦੇ ਸੰਪਰਕ ਵਾਲੀ ਗਲੀ ਚੋਂ ਲੰਘ ਕੇ ਪੁਜੇ ਸਨ। ਸਾਇਕਲ ਹੋਵੇ ਸਕੂਟਰ ਹੋਵੇ, ਉਹ ਲੋਕਾਂ ਵਿਚ ਹਰ ਸਮੇਂ ਵਿਚਰਦੇ ਹੀ ਰਹੇ। ਪੰਜਾਬ ਵਿਚ ਬਾਰਾਂ ਚੌਦਾਂ ਸਾਲ ਸਾੜਸਤੀ ਦਾ ਸਮਾਂ ਰਿਹਾ? ਰਾਜ ਗੱਦੀ ਪ੍ਰਾਪਤ ਕਰਨ ਲਈ ਸਦੀਆਂ ਪੁਰਾਣੇ ਸੰਦ ਵਰਤੇ ਗਏ। ਸ਼ਬਦ ਦੀ ਸ਼ਕਤੀ ਨਾਲ ਦੁਨੀਆਂ ਜਿਤਨ ਵਾਲੇ ਗੁਰੂ ਨਾਨਕ ਦੀ ਧਰਤੀ ਤੇ ਖ਼ੂਨ ਦੀਆਂ ਨਦੀਆਂ ਵਹਿ ਤੁਰੀਆਂ। ਬੇਦੋਸਾ ਖ਼ੂਨ ਸੜਕਾਂ ਤੇ ਰੁਲ਼ਣ ਲਗਾ। ਪੰਜਾਬ ਦੇ ਲੋਕ ਅਤੇ ਖਾਸ ਕਰਕੇ ਸਿਖ ਦਿਖ ਵਾਲੇ ਲੋਕ ਦੁਨੀਆਂ ਵਾਸਤੇ ਤਮਾਸ਼ਾ ਬਣ ਗਏ। ਗੁਰੂ ਗਰੰਥ ਦੀ ਧਰਤੀ ਤੇ ਲੋਕ ਸਾਹਮਣੇ ਮਰ ਰਹੇ ਬੰਦਿਆਂ ਨੂੰ ਵੇਖ ਅਖੀਆਂ ਮੀਟ ਕੇ ਅੰਦਰ ਵੜ ਜਾਂਦੇ। ਆਮ ਲੋਕ ਕੀ ਵੱਡੇ ਲੀਡਰ ਛੁੱਪ ਕੇ ਦਿਨ ਕਟਣ ਲਗੇ।

ਸਾਨੂੰ ਯਾਦ ਹੈ ਕਿ ਇਸ ਭਿਆਨਕ ਸਮੇਂ ਵੀ ਸ. ਬੇਅੰਤ ਸਿੰਘ ਪਿੰਡ ਪਿੰਡ ਤੇ ਘਰ ਘਰ ਫਿਰਦੇ ਰਹੇ। ਦੂਸਰੇ ਅਰਥਾਂ ਵਿਚ ਇਹ ਵੀ ਖ਼ੂਨ ਦੀ ਨਦੀ ਲੰਘਦੇ ਰਹੇ ਕਿਸੇ ਵੀ ਸਮੇਂ ਕੁਝ ਵੀ ਵਾਪਰ ਸਕਦਾ ਸੀ ਅਤੇ ਜਦੋਂ ਸੱਤਾ ਦੀ ਦੇਵੀ ਰਾਜ-ਮੁਕਟ ਫੜ ਕੇ ਖੜ੍ਹੀ ਸੀ ਓਦੋਂ ਹੋਰ ਕਿਸੇ ਵੀ ਲੀਡਰ ਦਾ ਕੱਦ ਬੁੱਤ ਏਡਾ ਨਹੀਂ ਸੀ ਰਿਹਾ ਕਿ ਉਹ ਆਪਣਾ ਸਿਰ ਪੇਸ਼ ਕਰਨ ਦੀ ਸੋਚ ਵੀ ਸਕੇ। ਉਂਝ ਵੀ ਉਸ ਭਿਆਨਕ ਸਮੇਂ ਵਿਚ ਇਹ ਰਾਜ-ਮੁਕਟ ਪਹਿਨਣਾ ਸੱਪ ਦੀ ਖੁੱਡ ਵਿਚ ਜਾਂ ਭੇੜੀਏ ਦੀ ਗਾਰ ਵਿਚ ਸਿਰ ਦੇਣਾ ਸੀ। ਓਸ ਸਮੇਂ ਇਹ ਰਾਜ-ਮੁਕਟ ਸ. ਬੇਅੰਤ ਸਿੰਘ ਦੇ ਸਿਰ ਰਖਿਆ ਗਿਆ ਜਦੋਂ ਲੋਕਾਂ ਦੇ ਦਿਲ ਦੀ ਪੁਕਾਰ ਸੀ ਕਿ ਕੋਈ ਵੀ ਆਵੇ ਜੋ ਇਸ ਖ਼ੂਨ ਦੀ ਹੋਲੀ ਨੂੰ ਬੰਦ ਕਰਾਵੇ। ਉਂਝ ਇਹ ਕਾਰਜ ਅਸੰਭਵ ਦਿਸਦਾ ਸੀ।

ਸ. ਬੇਅੰਤ ਸਿੰਘ ਆਖਰ ਪੰਜਾਬ ਵਿਚ ਇਸ ਖ਼ੂਨੀ ਖੇਡ ਨੂੰ ਬੰਦ ਕਰਾਉਣ ਵਿਚ ਕਾਮਯਾਬ ਹੋ ਗਏ। ਇਹਦੇ ਵਾਸਤੇ ਉਹਨਾਂ ਰਾਜ ਸ਼ਕਤੀ ਦੀ ਵਰਤੋਂ ਵੀ ਕੀਤੀ ਅਤੇ ਲੋਕ ਸ਼ਕਤੀ ਦੀ ਵੀ, ਪਰ ਖ਼ੂਨ ਦੀ ਹੋਲੀ ਵਿਚ ਤਾਂ ਪਿਚਕਾਰੀਆਂ ਖ਼ੂਨ ਦੀਆਂ ਹੀ ਚਲਦੀਆਂ ਹਨ। ਇਹਦੇ ਵਿਚ ਨਾ ਦਲੀਲ, ਨਾ ਤਰਕ, ਨਾ ਇਨਸਾਫ ਦੀ ਗੱਲ ਚਲਦੀ ਹੁੰਦੀ ਹੈ। ਖ਼ੂਨੀ ਸਿਆਸਤ ਦੀ ਭੇਟ ਬਹੁਤ ਸਾਰੇ ਕੀਮਤੀ ਸਿਰ ਚੜ੍ਹ ਗਏ ਹਨ। ਇਹਦੇ ਵਿਚ ਕੋਈ ਸ਼ੱਕ ਨਹੀਂ ਅਤੇ ਸ. ਬੇਅੰਤ ਸਿੰਘ ਖੁਦ ਵੀ ਜਾਣਦੇ ਸਨ ਕਿ ਉਹਨਾਂ ਦੇ ਸਿਰ ਦੀ ਮੰਗ ਹੋ ਰਹੀ ਹੈ। ਉਹਨਾਂ ਸਿਰ ਦੇ ਦਿਤਾ ਅਤੇ ਸਿਰੜ ਬਚਾ ਲਿਆ। ਅਸੀਂ ਅਰਦਾਸ ਕਰਦੇ ਹਾਂ ਕਿ ਉਹਨਾਂ ਦਾ ਬਲੀਦਾਨ ਪੰਜਾਬ ਵਿਚ ਨਰੋਈ ਸਿਆਸਤ ਦੇ ਦਰ ਖੋਲ੍ਹ ਦੇਵੇ।

ਸ. ਬੇਅੰਤ ਸਿੰਘ ਜੀ ਦੇ ਅਨੇਕਾਂ ਕਾਰਜਾਂ ਵਿਚੋਂ ਇਕ ਬਹੁਤ ਸਿਰ-ਕੱਢਵਾਂ ਹੈ—ਦੇਸ਼ ਦੇ ਸ਼ਹੀਦਾਂ ਦਾ ਸਤਿਕਾਰ ਅਤੇ ਸਨਮਾਨ ਕਾਇਮ ਕਰਨਾ। ਇਹ ਸ਼ਰੇਅ ਸ. ਬੇਅੰਤ ਸਿੰਘ ਜੀ ਨੂੰ ਹੀ ਜਾਂਦਾ ਹੈ ਕਿ ਉਹਨਾਂ ਨੇ ਨਾਮਧਾਰੀ ਸ਼ਹੀਦਾਂ ਦੀਆਂ ਯਾਦਗਾਰਾਂ ਕਾਇਮ ਕਰਨ ਵਿਚ ਮਿਸਾਲੀ ਸਹਿਯੋਗ ਦਿਤਾ। ਉਹ ਨਾਮਧਾਰੀ ਸ਼ਹੀਦ ਜਿਹੜੇ ਤੋਪਾਂ ਨਾਲ ਉੜਾ



Sri Satguru Jagjit Singh Ji eLibrary NamdhariElibrary@gmail.com

ਦਿਤੇ ਗਏ, ਫ਼ਾਂਸੀਆਂ ਤੇ ਲਟਕਾ ਦਿਤੇ ਗਏ, ਪਰ ਵੱਖ ਵੱਖ ਸਰਕਾਰਾਂ ਵਲੋਂ ਆਜ਼ਾਦੀ ਦੇ ਛਤਾਲੀ ਸਾਲ ਬਾਅਦ ਤਕ ਵਿਸਾਰ ਛਡੇ ਗਏ ਉਹਨਾਂ ਦੀ ਯਾਦ ਨੂੰ ਤਾਜ਼ਾ ਕਰਨਾ ਕੋਈ ਛੋਟੀ ਗੱਲ ਨਹੀਂ ਹੈ ਅਤੇ ਇਹ ਕਾਰਜ ਸ. ਬੇਅੰਤ ਸਿੰਘ ਨੇ ਕੀਤਾ। ਇਸੇ ਵਾਸਤੇ ਹੀ ਸ. ਬੇਅੰਤ ਸਿੰਘ ਦੀ ਯਾਦ ਵਿਚ ਸ੍ਰੀ ਭੈਣੀ ਸਾਹਿਬ ਵਿਚ ਪਾਠਾਂ ਦੇ ਭੋਗ ਪਾਏ ਗਏ। ਸ. ਬੇਅੰਤ ਸਿੰਘ ਇਸ ਇਕੱਲੇ ਕੰਮ ਲਈ ਵੀ ਸਦਾ ਯਾਦ ਰਹਿਣਗੇ।

—ਜਗਦੀਸ਼ ਸਿੰਘ

## ਇਹ ਅੰਕ

ਇਹ ਅੰਕ ਭਾਵੇਂ ਲੇਟ ਹੈ ਅਤੇ ਭਾਵੇਂ ਦੋ ਮਹੀਨਿਆਂ ਦਾ ਇਕੱਠਾ, ਪਰ ਹੈ ਵੱਡ-ਆਕਾਰੀ। ਅਗਸਤ ਸਤੰਬਰ ਦੇ ਮਹੀਨਿਆਂ ਨਾਲ ਇਤਿਹਾਸ ਦੇ ਅਹਿਮ ਦਿਨ ਜੁੜੇ ਹੋਏ ਹਨ। ੧੫ ਅਗਸਤ ਭਾਰਤ ਦਾ ਆਜ਼ਾਦੀ ਦਿਵਸ, ੫ ਅਗਸਤ ਰਾਏਕੋਟ ਦੇ ਸ਼ਹੀਦਾਂ ਦਾ ਦਿਨ ਅਤੇ ੧੫ ਸਤੰਬਰ ਅੰਮ੍ਰਿਤਸਰ ਦੇ ਸ਼ਹੀਦਾਂ ਦਾ ਬਲੀਦਾਨ ਦਿਵਸ ਹੈ। ਇਸੇ ਅੰਕ ਦੇ ਟਾਈਟਲ ਉਤੇ ਨਾਮਧਾਰੀ ਸ਼ਹੀਦਾਂ ਦੇ ਚਿੱਤਰ ਹਨ। ਨਾਮਧਾਰੀ ਸਮਾਜ ਨੇ ਜੋ ਕੁਰਬਾਨੀਆਂ ਦੇਸ਼ ਦੀ ਆਜ਼ਾਦੀ ਖਾਤਰ ਦਿਤੀਆਂ ਹਨ ਉਹਨਾਂ ਦਾ ਮੁੱਲ ਕੀ ਪੈਣਾ ਹੈ ਜ਼ਿਕਰ ਤਕ ਵੀ ਠੀਕ ਢੰਗ ਨਾਲ ਅਸੀਂ ਨਹੀਂ ਕਰਵਾ ਸਕੇ। ਇਸ ਅੰਕ ਵਿਚ ਕੁਝ ਅਹਿਮ ਲੇਖ ਹਨ ਜਿਨ੍ਹਾਂ ਦੇ ਲੇਖਕਾਂ ਨੇ ਟਕਸਾਲੀ ਨਾਮਧਾਰੀ ਸ਼ਬਦਾਵਲੀ ਤਾਂ ਨਹੀਂ ਵਰਤੀ, ਪਰ ਉਹਨਾਂ ਵਿਚ ਗੱਲਾਂ ਅਤੇ ਮੁੱਦੇ ਬਹੁਤ ਅਹਿਮ ਉਭਾਰ ਦਿਤੇ ਹਨ। ਡਾ. ਫੌਜਾ ਸਿੰਘ ਜੀ ਤਾਂ ਆਪ ਮਸ਼ਹੂਰ ਇਤਿਹਾਸਕਾਰ ਸਨ। ਉਹਨਾਂ ਦੀ ਲਿਖਤ ਇਤਿਹਾਸ ਦੀਆਂ ਘਟਨਾਵਾਂ ਨਾਲ ਨਾਪੀ ਤੋਲੀ ਹੁੰਦੀ ਹੈ। ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ ਨਾਮਧਾਰੀ ਲਹਿਰ ਬਾਰੇ ਇਕੋ ਵਿਸ਼ੇ ਤੇ ਦੋ ਮਜ਼ਮੂਨ ਅਸੀਂ ਛਾਪੇ ਹਨ। ਸ. ਗੁਰਬਖਸ਼ ਸਿੰਘ ਬੰਨੋਆਣਾ ਸ਼ਰੋਮਣੀ ਪੱਤਰਕਾਰ ਨੇ ਦੇਸ਼ ਭਗਤ ਯਾਦਗਾਰ ਹਾਲ ਵਿਚ ਪਈਆਂ ਬਾਬਾ ਜੀ ਦੀਆਂ ਉਰਦੂ ਲਿਖਤਾਂ 'ਚੋਂ ਇਹ ਲੇਖ ਕਢੇ ਹਨ। ਇਹਨਾਂ ਦਾ ਦਸਤਾਵੇਜ਼ੀ ਮਹੱਤਵ ਹੈ ਇਸ ਵਾਸਤੇ ਇਥੇ ਛਾਪ ਰਹੇ ਹਾਂ। ਭਾਵੇਂ ਇਤਿਹਾਸਕਾਰੀ ਦੇ ਪੱਖੋਂ ਸੰਨਾਂ ਸੰਮਤਾਂ ਅਤੇ ਘਟਨਾਵਾਂ ਦਾ ਢੇਰ ਸਾਰਾ ਫਰਕ ਵੀ ਹੈ ਤੇ ਨਾਮਧਾਰੀ ਵਿਸ਼ਵਾਸ਼ ਦੇ ਉਲਟ ਸਤਿਗੁਰੂ ਰਾਮ ਸਿੰਘ ਦੇਹ ਦੇ ਤਿਆਗਨ ਬਾਰੇ ਵੀ ਲਿਖਿਆ ਹੈ ਪਰ ਤੱਤ ਰੂਪ ਵਿਚ ਉਹਨਾਂ ਦੇ ਜੀਵਨ ਤੇ ਪਏ ਨਾਮਧਾਰੀ ਲਹਿਰ ਦੇ ਪ੍ਰਭਾਵ ਨੂੰ ਇਹ ਮਜ਼ਮੂਨ ਉਜਾਗਰ ਕਰਦੇ ਹਨ। ਡਾ: ਫੌਜਾ ਸਿੰਘ ਵਾਲੇ ਲੇਖ ਵਿਚ ਵੀ ਜਿਵੇਂ ਕਿਵੇਂ ਭਗਵਾਨ ਸਿੰਘ ਅੜਬੰਗੀ ਵਲੋਂ ਪੁਲਿਸ ਸਿਪਾਹੀ ਮਾਰਨ ਦਾ ਸਾਲ ੧੯੩੩ ਵੀ ਗਲਤ ਹੀ ਹੈ (ਪੁਸਤਕ ਵਿਚ ਵੀ ਇਹ ਹੀ ਹੈ)। ਪਰ ਇਸ ਸਭ ਕੁਝ ਦੇ ਬਾਵਜੂਦ ਨਾਮਧਾਰੀ ਸਮਾਜ ਦੀਆਂ ਕੁਰਬਾਨੀਆਂ ਦੀ ਲਿਸ਼ਕੋਰ ਜ਼ਬਰਦਸਤ ਪੈਂਦੀ ਹੈ। ਹੋਰ ਵੀ ਸਾਮਗਰੀ ਕਾਫੀ ਮਹੱਤਵ ਪੂਰਨ ਹੈ ਪਰ ਬਹੁਤ ਕੁਝ ਹੋਰ ਕਰਨ ਵਾਲਾ ਹੈ ਛਪਣ ਵਾਲਾ ਹੈ। ਅਸੀਂ ਸਮੇਂ ਯਤਨ ਕਰਕੇ ਰਹਾਂਗੇ। ਇਸ ਅੰਕ ਦੇ ਟਾਈਟਲ ਦੀਆਂ ਤਸਵੀਰਾਂ ਦੀ ਸੈਟਿੰਗ ਸੁਖਵੰਤ ਆਰਟਿਸਟ ਨੇ ਕੀਤੀ ਹੈ। ਆਸ ਕਰਦੇ ਹਾਂ ਪਾਠਕ ਜੋ ਕੁਝ ਵੀ ਪ੍ਰਸਤੁਤ ਕੀਤਾ ਗਿਆ ਹੈ ਉਸ ਨੂੰ ਕਬੂਲ ਕਰਨਗੇ।

—ਜਗਦੀਸ਼ ਸਿੰਘ

## ਵਰਿਆਮ ਦੇ ਨਵੇਂ ਦਰ

| | |
|---|---|
| ਇਹ ਅੰਕ | ੧੫.੦੦ ,, |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੪੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ ,, |

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩-੨-੭੭ ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

☐ ਵਰਿਆਮ ਵਾਸਤੇ ਭੇਜੇ ਜਾਣ ਵਾਲੇ ਚੈਕ-ਡਰਾਫਟ-ਮਨੀਆਰਡਰ ਉਤੇ Monthly Wariam ਹੀ ਲਿਖਿਆ ਜਾਵੇ।

## ਪਾਠਕਾਂ ਨੂੰ ਬੇਨਤੀ

ਆਪਣੇ ਪਿਛਲੇ ਚੰਦੇ ਭਿਜਵਾਓ ਅਤੇ ਆਪਣੇ ਘੇਰੇ ਵਿਚ ਆਉਣ ਵਾਲੇ ਹੋਰ ਸਜਣਾਂ ਨੂੰ ਵਰਿਆਮ ਦੇ ਗ੍ਰਾਹਕ ਬਨਣ ਵਾਸਤੇ ਪ੍ਰੇਰੋ।

—ਮੈਨੇਜਰ



Sri Satguru Jagjit Singh Ji eLibrary NamdhariElibrary@gmail.com

# ਕੂਕਾ ਅੰਦੋਲਨ

— ਡਾ. ਫ਼ੌਜਾ ਸਿੰਘ

...ਸੰਨ ੧੮੫੭ ਦੇ ਵਿਦਰੋਹ ਅਤੇ ਪਿੱਛੋਂ ਜਿਹੜੀਆਂ ਸਜ਼ਾਵਾਂ ਵਿਦੇਸ਼ੀ ਸਰਕਾਰ ਨੇ ਦਿਤੀਆਂ, ਉਨ੍ਹਾਂ ਦਾ ਉੱਤਰ ਪੰਜਾਬ ਨੇ ਕੂਕਾ ਅੰਦੋਲਨ ਦੇ ਰੂਪ ਵਿਚ ਦਿਤਾ। ਜਿਨ੍ਹਾਂ ਦਿਨਾਂ ਵਿਚ ਆਮ ਲੋਕ ਸਹਿਮ ਦੇ ਮਾਰੇ ਅੰਗਰੇਜ਼ਾਂ ਦੇ ਖਿਲਾਫ ਮਾਮੂਲੀ ਗੱਲ ਕਰਨੋਂ ਵੀ ਡਰਦੇ ਸਨ, ਉਨ੍ਹਾਂ ਦਿਨਾਂ ਵਿਚ ਬਾਬਾ ਰਾਮ ਸਿੰਘ ਅਤੇ ਉਨ੍ਹਾਂ ਦੇ ਕੂਕਾ ਪੈਰੋਕਾਰਾਂ ਨੇ ਇਨ੍ਹਾਂ ਨੂੰ ਬਿੱਲੇ, ਮਲੇਛ ਅਤੇ ਮਹਾਂ-ਮਲੇਛ ਆਖਿਆ, ਜਨਤਾ ਵਿਚ ਇਨ੍ਹਾਂ ਦੇ ਖਿਲਾਫ ਪ੍ਰਚਾਰ ਕੀਤਾ ਅਤੇ ਆਜ਼ਾਦੀ ਦੀ ਕੂਕ ਮਾਰੀ। ਕੂਕਾ ਲਹਿਰ ਨੇ ਲੋਕਾਂ ਦੇ ਦਿਲਾਂ ਨੂੰ ਟੁੰਬਿਆ ਤੇ ਥੋੜ੍ਹੇ ਵਰ੍ਹਿਆਂ ਵਿਚ ਹੀ ਉਹ ਹਜ਼ਾਰਾਂ ਦੀ ਗਿਣਤੀ ਵਿਚ ਇਸ ਦੇ ਮੈਂਬਰ ਬਣ ਗਏ। ਇਹ ਵੇਖ ਕੇ ਸਰਕਾਰ ਨੂੰ ਡਾਢਾ ਤੌਖਲਾ ਪੈ ਗਿਆ ਅਤੇ ਉਸ ਨੇ ਕੂਕਾ ਸਰਗਰਮੀਆਂ ਉਤੇ ਸਖਤ ਪਾਬੰਦੀਆਂ ਲਾ ਦਿਤੀਆਂ ਤੇ ਬਾਬਾ ਰਾਮ ਸਿੰਘ ਨੂੰ ਭੈਣੀ ਸਾਹਿਬ ਵਿਚ ਬੰਦ ਕਰ ਦਿਤਾ।

ਇਨ੍ਹਾਂ ਪਾਬੰਦੀਆਂ ਦਾ ਅਸਰ ਉਲਟਾ ਪਿਆ। ਕੂਕਿਆਂ ਨੇ ਆਪਣੀ ਜਥੇਬੰਦੀ ਨੂੰ ਹੋਰ ਪੱਕਾ ਕਰ ਲਿਆ ਤੇ ਹਕੂਮਤ ਦੀਆਂ ਨਜ਼ਰਾਂ ਤੋਂ ਆਪਣੀਆਂ ਕਾਰਵਾਈਆਂ ਨੂੰ ਲੁਕਾਈ ਰੱਖਣ ਲਈ ਨਿਆਂ ਅਤੇ ਡਾਕ ਦੇ ਆਪਣੇ ਵਖਰੇ ਤੇ ਖੁਫੀਆ ਪ੍ਰਬੰਧ ਕਰ ਲਏ। ਉਨ੍ਹਾਂ ਦੀ ਗਿਣਤੀ ਵਿਚ ਵੀ ਦਿਨ ਦੂਣੀ ਅਤੇ ਰਾਤ ਚੌਗੁਣੀ ਉੱਨਤੀ ਹੋਣ ਲਗੀ।

ਸੰਨ ੧੮੭੧ ਦੇ ਜੂਨ ਅਤੇ ਜੁਲਾਈ ਦੇ ਮਹੀਨਿਆਂ ਵਿਚ ਕੁਝ ਕੂਕਾ ਜਥਿਆਂ ਨੇ ਅੰਮ੍ਰਿਤਸਰ ਤੇ ਰਾਏਕੋਟ ਦੇ ਬੁੱਚੜ ਮਾਰ ਦਿਤੇ। ਇਹ ਗਊ-ਹੱਤਿਆ ਕਰਦੇ ਸਨ। ਕੂਕੇ ਕਈ ਕਾਰਣਾਂ ਕਰਕੇ ਗਊ-ਹੱਤਿਆ ਦੇ ਸਖਤ ਵਿਰੁਧ ਸਨ। ਇਕ, ਇਨਾਂ ਦੇ ਪਿੱਛੇ ਅੰਗਰੇਜ਼ਾਂ ਦਾ ਹੱਥ ਸੀ, ਅੰਗਰੇਜ਼ਾਂ ਨੇ ਹੀ ਇਹ ਬੁੱਚੜਖਾਨੇ ਸ਼ੁਰੂ ਕੀਤੇ ਸਨ ਤੇ ਉਹੀ ਇਨ੍ਹਾਂ ਨੂੰ ਬੰਦ ਨਹੀਂ ਸਨ ਹੋਣ ਦੇਂਦੇ। ਦੂਜੇ ਗਊ-ਹਤਿਆ ਦਾ ਬੰਦ ਕਰਨਾ ਆਜ਼ਾਦੀ ਦੀ ਮੁਹਿੰਮ ਨਾਲ ਇਕ ਡੂੰਘਾ ਸੰਬੰਧ ਰਖਦਾ ਸੀ, ਕਿਉਂਕਿ ਖਾਲਸੇ ਦੀ ਆਪਣੀ ਹਕੂਮਤ ਦੇ ਦਿਨਾਂ ਵਿਚ ਗਊ-ਹੱਤਿਆ ਦੀ ਸਖਤ ਮਨਾਹੀ ਹੁੰਦੀ ਸੀ। ਤੀਜੇ, ਜੇ ਮੁਹਿੰਮ ਗਊ-ਹੱਤਿਆ ਵਰਗੇ ਨਾਜ਼ਕ ਸਵਾਲ ਤੋਂ ਛੇੜੀ ਜਾਏ, ਤਾਂ ਇਸ ਦੀ ਸਫਲਤਾ ਵਿਚ ਸ਼ੱਕ ਦੀ ਕੋਈ ਥਾਂ ਨਹੀਂ ਰਹੇਗੀ।

ਹਮਲਾਵਰ ਕੂਕੇ ਕੁਝ ਚਿਰ ਮਗਰੋਂ ਫੜੇ ਗਏ ਤੇ ਉਨ੍ਹਾਂ ਵਿਚੋਂ ਕੁਝ ਨੂੰ ਫ਼ਾਂਸੀ ਦੀ ਸਜ਼ਾ ਹੋਈ। ਅੰਮ੍ਰਿਤਸਰ ਦੇ ਮੁਕੱਦਮੇ ਵਿਚ ਬੀਲ੍ਹਾ ਸਿੰਘ ਜੱਟ, ਫ਼ਤਹ ਸਿੰਘ ਭਾਟੜਾ, ਹਾਕਿਮ ਸਿੰਘ ਬ੍ਰਾਹਮਣ ਅਤੇ ਲਹਿਣਾ ਸਿੰਘ ਤਰਖਾਣ ਨੂੰ ਫ਼ਾਂਸੀ ਮਿਲੀ ਅਤੇ ਲਾਲ ਸਿੰਘ ਤੇ ਲਹਿਣਾ ਸਿੰਘ ਪੁਤਰ ਬੁਲਾਕਾ ਸਿੰਘ ਨੂੰ ਕਾਲੇ ਪਾਣੀ ਦੀ ਸਜ਼ਾ। ਭਾਈ ਸੰਤੋਖ ਸਿੰਘ ਦੀ ਅਣਛਪੀ ਪੁਸਤਕ 'ਗੁਰੂ ਬਿਲਾਸ' ਵਿਚ ਫ਼ਾਂਸੀ ਚੜ੍ਹਨ ਵਾਲਿਆਂ ਦਾ ਦ੍ਰਿਸ਼ ਇਉਂ ਦਿਤਾ ਹੈ :

"ਫ਼ਾਂਸੀ ਵਾਲੇ ਸਿੰਘਾਂ ਨੂੰ ਫਰੰਗੀ ਨੇ ਕਿਹਾ—ਜੋ ਕੁਝ ਖਾਣਾ ਹੈ ਸੋ ਖਾਏ ਲਵੋ। ਜਿਸ ਨੂੰ ਮਿਲਣਾ ਹੈ ਸੋ ਮਿਲ ਲਵੋ। ਸਿੰਘਾਂ ਨੇ ਕਿਹਾ—ਸਾਡਾ ਖਾਣਾ ਨਾਮ ਹੈ ਅਕਾਲ ਪੁਰਖ ਕਾ। ਮਰਨ ਥੀਂ ਸਾਨੂੰ ਕੋਈ ਡਰ ਨਹੀਂ ਹੈ, ਕਿਉਂਕਿ ਸਾਡੇ ਵਡਿਆਂ ਨੇ ਧਰਮ ਹੇਤ ਸੀਸ ਦਿਤੇ ਹਨ ਅਤੇ ਸੀ ਨਹੀਂ ਕੀਤੀ। ਇਸੀ ਤਰ੍ਹਾਂ ਅਸੀਂ ਸੀਸ ਦੇਵਾਂਗੇ। ਸਾਕ-ਸੈਨ ਭੀ ਸਾਡਾ ਧਰਮ ਹੈ, ਅਸੀਂ ਕਿਸੇ ਨੂੰ ਨਹੀਂ ਮਿਲਣਾ ਹੈ, ਧਰਮ ਹੇਤ ਸੀਸ ਦੇਵਾਂਗੇ, ਸੀ ਨਹੀਂ ਕਰਨੀ। ਸੁਣਕੇ ਫਰੰਗੀ ਚੁਪ ਕਰ ਰਿਹਾ, ਕੋਈ ਉੱਤਰ ਨਾ ਫੁਰਿਆ। ਸਿੰਘਾਂ ਨੇ ਅੰਮ੍ਰਿਤਸਰ ਤਲਾ ਵਿਚ ਇਸ਼ਨਾਨ ਕਰਕੇ ਗਰੰਥ ਸਾਹਿਬ ਕਾ ਜੋ ਭੋਗ ਪਾਇਆ, ਚੜ੍ਹਾਈ ਕਾ ਪੜ੍ਹਕੇ, ਤਾਂ ਉਸੇ ਵਕਤ ਸਿਪਾਹੀ ਨੇ ਹੁਕਮ ਆਇ ਸੁਣਾਇਆ ਕਿ ਚਲੋ। ਸਿੰਘ ਢੋਲਕੀ ਬਜਾਇਕੇ ਸ਼ਬਦ ਪੜ੍ਹਦੇ ਗਏ :

"ਤੇਰੀ ਸਰਨ ਮੇਰੇ ਦੀਨ ਦਇਆਲਾ,
ਸੁਖ ਸਾਗਰ ਮੇਰੇ ਗੁਰ ਗੋਪਾਲਾ।
ਕਰ ਕਿਰਪਾ ਨਾਨਕ ਗੁਣ ਗਾਵੈ,
ਰਾਖੋ ਸਰਮ ਅਸਾੜੀ ਜੀਉ।"

ਬੜੀ ਛੱਬ ਨਾਲ ਸ਼ਬਦ ਪੜ੍ਹਿਆ ਔਰ ਚਲੇ। ਬੀਲ੍ਹਾ ਸਿੰਘ ਨੇ ਅਰਦਾਸਾ ਕੀਤਾ ਔਰ ਟੁਰੇ। ਆਏ ਫਾਂਸੀ ਵਾਲੀ ਜਗ੍ਹਾ। ਸਿੰਘਾਂ ਦੇ ਚੇਹਰਿਆਂ ਉਪਰ ਲਾਲੀਆਂ ਦਗਦੀਆਂ ਹਨ। ਬੇਗਮ ਹੈਂ ਜਿਨ੍ਹਾਂ ਦੇ ਮਨ ਮੇਂ ਮੌਤ ਕਾ ਭੈ ਨਹੀਂ ਹੈ, ਨਿਰਭੈ ਸ਼ਬਦ ਪੜ੍ਹਦੇ ਹੈਂ, ਤਖਤ ਪਰ ਚੜ੍ਹੇ। ਅਰਦਾਸਾ



Sri Satguru Jagjit Singh Ji eLibrary NamdhariElibrary@gmail.com

ਚੜ੍ਹਾਈ ਕਾ ਕੀਤਾ ਜੋ ਮੈਂ ਤੇਰੇ ਪਰਤਾਪ ਸੇ ਤਖਤ ਪਰ ਚੜ੍ਹਿਆ ਹਾਂ। ਬੜੀ ਨੇਕ ਨਾਮੀ ਪਾਈ ਹੈ, ਬੜਾ ਔਹਦਾ ਹੋਇਆ ਹੈ, ਬੜੇ ਹੌਂਸਲੇ ਵਾਲਿਆਂ ਨੇ ਚੂੜ੍ਹਾ ਨੇੜੇ ਨਹੀਂ ਆਉਣ ਦਿਤਾ। ਆਪਣੀ ਹੱਥੀਂ ਰੱਸੇ ਗਲਾਂ ਮੇਂ ਪਾਏ—ਸਿਧੇ ਮੂੰਹ ਹੋਏ ਕੇ ਸੀਸ ਦੀਏ, ਸੀ ਨਹੀਂ ਕੀਤੀ। ਸੂਰਮਿਆਂ ਨੇ ਅੱਗੇ ਹੀ ਪੈਰ ਧਰੇ ਨੇ।"

ਇਸੇ ਤਰ੍ਹਾਂ ਰਾਏਕੋਟ ਦੇ ਮੁਕੱਦਮੇ ਵਿਚ ਪੰਜ ਕੂਕਿਆਂ ਨੂੰ ਫਾਹੇ ਲਾਇਆ ਗਿਆ, ਜਿਨ੍ਹਾਂ ਦੇ ਨਾਂ ਇਹ ਹਨ—ਮਸਤਾਨ ਸਿੰਘ, ਮੰਗਲ ਸਿੰਘ, ਗੁਰਮੁਖ ਸਿੰਘ (ਤਿੰਨੋਂ ਪਿੰਡ ਪਿਥੋਕਿਆਂ ਦੇ), ਗਿਆਨੀ ਰਤਨ ਸਿੰਘ ਮੰਡੀਵਾਲਾ ਤੇ ਰਤਨ ਸਿੰਘ ਨਾਈਵਾਲਾ। ਪਹਿਲੇ ਤਿੰਨਾਂ ਨੂੰ ਰਾਏਕੋਟ ਦੇ ਬੁਚੜਖਾਨੇ ਦੇ ਕੋਲ ਤੇ ਪਿਛਲੇ ਦੋਹਾਂ ਨੂੰ ਲੁਧਿਆਣੇ ਦੀ ਜੇਲ੍ਹ ਦੇ ਬਾਹਰਵਾਰ ਫਾਂਸੀ ਦਿਤੀ ਗਈ। ਲੁਧਿਆਣੇ ਵਾਲਿਆਂ ਚੋਂ ਗਿਆਨੀ ਰਤਨ ਸਿੰਘ ਇਕ ਉਘਾ ਕੂਕਾ ਸੂਬਾ ਸੀ, ਜਿਹੜਾਂ ਇਕ ਵਿਦਵਾਨ ਹੋਣ ਦੇ ਨਾਤੇ ਕੂਕਾ ਜਥੇਬੰਦੀ ਦੇ ਨਿਆਂ-ਪ੍ਰਬੰਧਾਂ ਲਈ ਜ਼ਿੰਮੇਦਾਰ ਸੀ। ਦੂਜਾ ਰਤਨ ਸਿੰਘ ਉਸ ਦਾ ਨਾਇਬ ਸੂਬਾ ਸੀ।

ਭਾਈ ਸੰਤੋਖ ਸਿੰਘ ਦੇ ਗੁਰੂ ਬਿਲਾਸ ਵਿਚ ਲਿਖਿਆ ਹੈ ਕਿ ਜਿਸ ਵੇਲੇ ਬਾਬਾ ਗਿਆਨਾ ਸਿੰਘ (ਗਿਆਨੀ ਰਤਨ ਸਿੰਘ ਦਾ ਪ੍ਰਚਲਿਤ ਨਾਉਂ) ਤਖ਼ਤ ਤੇ ਚੜ੍ਹਿਆ, ਉਸ ਨੇ ਕੋਲ ਖੜੇ ਫਰੰਗੀਆਂ ਨੂੰ ਸੰਬੋਧਨ ਕਰਕੇ ਕਿਹਾ: "ਬਿੱਲਿਆ! ਮੂੰਹ ਤੇ ਸਾਮ੍ਹਣੇ ਰੱਖ, ਪਿੱਠ ਕਿਉਂ ਕੀਤੀ ਹੈ? ਦਸ ਮਹੀਨੇ ਕਿਸੇ ਜੱਟੀ ਦੀ ਕੁੱਖ ਵਿਚੋਂ ਕਟਕੇ ਫੇਰ ਆਇਆ ਜਾਣ, ਜੁਆਨ ਹੋ ਕੇ ਬਦਲੇ ਲਵਾਂਗੇ। ਸੁਣ ਓਏ ਬਿਲਿਆ! ਤੇਰੀ ਮਤ ਮਾੜੀ ਦੇਖੀ ਹੈ। ਤੁਹਾਡੀ ਅਦਾਲਤ ਨਹੀਂ ਹੈ। ਬੇਅਦਾਲਤੀ ਹੋਣੇ ਲਗੀ ਹੈ। ਮੈਨੂੰ ਮਾਰਕੇ ਕੋਈ ਬੰਦ ਤਾਂ ਨਹੀਂ ਹੋਏ ਜਾਣੇ ਹੈਂ। ਜਿਨ੍ਹਾਂ ਨੇ ਤੁਹਾਨੂੰ ਮਾਰਨਾ ਹੈ, ਸੋ ਰਾਮਦਾਸਪੁਰੇ ਮੇਂ ਬੈਠਾ ਹੈ। ਪਿਛੋਂ ਤੁਹਾਡਾ ਨਾਸ ਕਰਸੀ। ਇਹ ਤਾਂ ਅਜੇ ਮੁੰਡਿਆਂ ਵਾਲੀ ਖੇਡ ਹੋਈ ਹੈ, ਸ਼ੇਸ਼ਨਾਗ ਤਾਂ ਬੈਠਾ ਹੈ ਪਾਛੇ ਤੁਹਾਡਾ ਨਾਸ ਕਰਸੀ। ਜੋ ਇਕ ਦੋ ਸਰਪ ਮਾਰ ਦੀਏ ਤਾਂ ਕੀ ਹੂਆ, ਤੁਹਾਡਾ ਕਾਲ ਤੁਹਾਡੇ ਸਿਰ ਤੇ ਬੈਠਾ ਹੈ......ਅਸੀਂ ਭੀ ਕਿਧਰੇ ਨਹੀਂ ਜਾਣਾ ਹੈ, ਕੋਈ ਮਾਉਂ ਜਣੇਗੀ ਨਵੇਂ ਚੋਲੇ ਪਾਇਕੇ ਜੁਆਨ ਹੋਇਕੇ ਫੇਰ ਸ੍ਰੀ ਸਾਹਿਬ ਫੜਾਂਗੇ......ਤੁਸਾਂ ਦੇ ਤਹਿਤ ਨੂੰ ਉਠਾਂਵਾਂਗੇ, ਤੁਸਾਂ ਦੇ ਸਾਥ ਲੜਾਈ ਕਰਾਂਗੇ। ਬੋਲ ਕੀਤਾ:

ਸਾਈਂ ਨਾਲ ਤਿਨ੍ਹਾਂ ਦਾ ਦਾਵਾ,
ਜਿਨ੍ਹਾ ਸਿਰ ਸਾਂਈ ਨੂੰ ਦਿੱਤਾ।
ਬਹੁਤੀ ਥਾਵੇਂ ਚਿਤ ਚਾਇ ਖਲੋਤਾ,
ਸਾਕ ਸਾਂਈ ਨਾਲ ਕਿਤਾ।
ਜੈਸੀ ਲਾਵਣ ਤੋੜ ਨਿਭਾਵਣ,
ਕਦੇ ਨਾ ਫੇਰਨ ਚਿਤਾ।
ਬਿਨ ਸਿਰ ਦਿੱਤਿਆਂ ਸ਼ਹੁ ਨਹੀਂ ਮਿਲਦਾ,
ਲਖਾਂ ਜੇਹੀ ਗੱਲ ਇੱਕਾ।

ਇਸ ਤੋਂ ਬਾਅਦ ਆਪਣੇ ਗਲ ਆਪ ਰੱਸੇ ਪਾ ਕੇ ਉਹ ਫਾਂਸੀ ਚੜ੍ਹ ਗਏ।

ਅੰਮ੍ਰਿਤਸਰ, ਰਾਏਕੋਟ ਤੇ ਲੁਧਿਆਣੇ ਦੀਆਂ ਫ਼ਾਂਸੀਆਂ ਨੇ ਕੂਕਿਆਂ ਦੇ ਜੋਸ਼ ਨੂੰ ਹੋਰ ਵਧਾ ਦਿਤਾ ਤੇ ਉਨ੍ਹਾਂ ਨੇ ਸਕਰੌਦੀ ਦੇ ਲਹਿਣਾ ਸਿੰਘ ਤੇ ਹੀਰਾ ਸਿੰਘ ਦੀ ਸਰਦਾਰੀ ਹੇਠ ਇਕ ਸ਼ਹੀਦੀ ਜਥਾ ਕਾਇਮ ਕਰ ਲਿਆ।

੧੧-੧੨ ਜਨਵਰੀ ਸੰਨ ੧੮੭੨, ਨੂੰ ਭੈਣੀ ਸਾਹਿਬ ਵਿਚ ਮਾਘੀ ਦਾ ਮੇਲਾ ਸੀ। ਇਹ ਸ਼ਹੀਦੀ ਜਥਾ ਮੇਲੇ ਤੇ ਪਹੁੰਚਿਆ ਅਤੇ ਉਥੋਂ ੧੩ ਜਨਵਰੀ ਨੂੰ ਮਲੇਰਕੋਟਲੇ ਉਤੇ ਹਮਲਾ ਕਰਨ ਦੀ ਯੋਜਨਾ ਬਣਾ ਕੇ ਚਲਿਆ। ਚਲਣ ਤੋਂ ਪਹਿਲਾਂ ਇਨ੍ਹਾਂ ਨੂੰ ਬਾਬਾ ਰਾਮ ਸਿੰਘ ਨੇ ਸਮਝਾਇਆ ਕਿ ਤੁਸੀਂ ਇੰਜ ਨਾ ਕਰੋ, ਕਿਉਂਕਿ ਅਜੇ ਇਸ ਦਾ ਵਕਤ ਨਹੀਂ ਆਇਆ, ਪਰੰਤੂ ਜਥੇ ਦੇ ਸਰਦਾਰ ਹੀਰਾ ਸਿੰਘ ਨੇ ਕਿਹਾ ਕਿ ਸਾਨੂੰ ਗੁਰੂ ਤੇਗ ਬਹਾਦਰ ਜੀ ਹੁਕਮ ਦੇਂਦੇ ਹਨ, ਅਸੀਂ ਇਨ੍ਹਾਂ ਦਾ ਹੁਕਮ ਕਿਵੇਂ ਮੋੜ ਸਕਦੇ ਹਾਂ, ਹੁਣ ਤਾਂ ਸੀਸ ਲਗਣਗੇ, ਜੇ ਅਸੀਂ ਠਹਿਰੀਏ ਤਾਂ ਅਸੀਂ ਝੂਠੇ ਹੁੰਦੇ ਹਾਂ। ਫਿਰ ਉਸ ਨੇ ਇਕ ਲਕੀਰ ਮਾਰ ਕੇ ਕਿਹਾ ਕਿ ਜਿੰਨ੍ਹਾਂ ਨੇ ਸੀਸ ਦੇਣੇ ਹਨ, ਉਹ ਲਕੀਰ ਟੱਪ ਆਉਣ। ਉਧਰ ਕੁਝ ਸਿੰਘ ਨੇ ਕੋਠੇ ਤੇ ਚੜ੍ਹ ਕੇ ਆਵਾਜ਼ ਦਿਤੀ ਕਿ "ਧਰਮ ਜਹਾਜ਼ ਤਿਆਰ ਹੈ, ਆਓ ਜੇ ਕਿਸੇ ਨੇ ਚੜ੍ਹਨਾ ਹੈ ਤਾਂ ਚੜ੍ਹ ਜਾਓ।" ੧੪੦ ਬੰਦਿਆਂ ਨੇ ਉਹ ਲੀਕ ਟੱਪੀ। ਫਿਰ ਇਹ ਸਿਰਲੱਥਾਂ ਦਾ ਜਥਾ ਅਰਦਾਸਾ ਸੋਧ ਕੇ ਮਲੇਰਕੋਟਲੇ ਵਲ ਤੁਰ ਪਿਆ।

ਅਗਲੀ ਰਾਤ ਪਿੰਡ ਰਬੋਂ ਦੇ ਖੂਹਾਂ ਤੇ ਕੱਢੀ। ਇਥੇ ਉਨ੍ਹਾਂ ਨੇ ਸੋਚਿਆ ਕਿ ਕਿਉਂ ਨਾ ਪਹਿਲਾਂ ਮਲੌਦ ਉਤੇ ਹਮਲਾ ਕੀਤਾ ਜਾਏ, ਇਥੋਂ ਦੇ ਸਰਦਾਰ ਬਦਨ ਸਿੰਘ ਦੇ



Sri Satguru Jagjit Singh Ji eLibrary NamdhariElibrary@gmail.com



ਸਤਿਗੁਰੂ ਰਾਮ ਸਿੰਘ ਜੀ—ਮੁਖੀ ਸੂਬਿਆਂ ਅਤੇ ਸ਼ਹੀਦਾਂ ਦੇ ਸੰਗ

ਪਾਸ ਘੋੜੇ ਤੇ ਹਥਿਆਰ ਬਹੁਤ ਹਨ, ਜੇ ਉਨ੍ਹਾਂ ਵਿਚੋਂ ਕੁਝ ਵੀ ਉਨ੍ਹਾਂ ਦੇ ਹੱਥ ਆ ਜਾਣ ਤਾਂ ਮਲੇਰਕੋਟਲੇ ਦੇ ਹਮਲੇ ਦੀ ਸਫਲਤਾ ਬਿਲਕੁਲ ਯਕੀਨੀ ਹੋ ਜਾਏਗੀ। ਇਹ ਗੱਲ ਪੱਕੀ ਕਰਕੇ ਉਨ੍ਹਾਂ ਨੇ ੧੪ ਜਨਵਰੀ ਸੰਨ ੧੮੭੨ ਦੀ ਸ਼ਾਮ ਨੂੰ ਮਲੌਦ ਉਤੇ ਹਮਲਾ ਕਰ ਦਿਤਾ, ਜਿਸ ਵਿਚ ਉਨ੍ਹਾਂ ਦੇ ਦੋ ਆਦਮੀ ਸ਼ਹੀਦ ਤੇ ਚਾਰ ਫੱਟੜ ਹੋਏ। ਸ. ਬਦਨ ਸਿੰਘ ਦੇ ਵੀ ਦੋ ਆਦਮੀ ਮਾਰੇ ਗਏ ਅਤੇ ਦੋ ਜ਼ਖਮੀ ਹੋਏ। ਪਰੰਤੂ ਕੂਕੇ ਆਪਣੇ ਮਨੋਰਥ ਵਿਚ ਕੁਝ ਹੱਦ ਤਕ ਜ਼ਰੂਰ ਸਫਲ ਹੋ ਗਏ, ਕਿਉਂਕਿ ਕੁਝ ਹਥਿਆਰ ਉਨ੍ਹਾਂ ਦੇ ਕਾਬੂ ਆ ਗਏ, ਜਿਹੜੇ ਮਲੇਰਕੋਟਲੇ ਦੀ ਲੜਾਈ ਵਿਚ ਬੜੇ ਲਾਭਦਾਇਕ ਸਾਬਤ ਹੋਏ।

ਮਲੇਰਕੋਟਲੇ ਦਾ ਹਮਲਾ ੧੫ ਜਨਵਰੀ ਦੀ ਸਵੇਰ ਹੁੰਦਿਆਂ ਹੀ ਕਰ ਦਿਤਾ ਗਿਆ। ਇਸ ਹਮਲੇ ਵਿਚ ਭਾਗ ਲੈਣ ਵਾਲੇ ੧੨੫ ਬੰਦੇ ਸਨ, ਜਿਨ੍ਹਾਂ ਵਿਚ ਦੋ ਔਰਤਾਂ ਵੀ ਸ਼ਾਮਿਲ ਸਨ। ਇਨ੍ਹਾਂ ਦਾ ਪਹਿਲਾ ਤੇ ਮੁਢਲਾ ਮਨੋਰਥ ਸ਼ਾਹੀ ਮਹਿਲ ਦੇ ਅਸਲੇ ਤੇ ਕਬਜ਼ਾ ਜਮਾਉਣਾ ਸੀ। ਬਦ-ਕਿਸਮਤੀ ਨੂੰ ਜਿਸ ਥਾਂ ਤੇ ਉਨ੍ਹਾਂ ਸਭ ਤੋਂ ਪਹਿਲਾਂ ਹੱਲਾ ਕੀਤਾ, ਉਥੇ ਹਥਿਆਰ ਥੋੜ੍ਹੇ ਸਨ ਅਤੇ ਦਫਤਰੀ ਫ਼ਾਈਲਾਂ ਬਹੁਤੀਆਂ। ਜਿੰਨੇ ਚਿਰ ਨੂੰ ਉਨ੍ਹਾਂ ਅਗਾਂਹ ਵਧਣਾ ਸ਼ੁਰੂ ਕੀਤਾ, ਉੱਨੇ ਚਿਰ ਨੂੰ ਸਰਕਾਰੀ ਫ਼ੌਜ ਅਤੇ ਪੁਲੀਸ ਮੌਕੇ ਤੇ ਆ ਗਈਆਂ। ਦੁਸ਼ਮਣ ਕੋਲ ਜੰਗੀ ਸਾਮਾਨ ਦੀ ਕੋਈ ਘਾਟ ਨਹੀਂ ਸੀ, ਇਸ ਲਈ ਕੂਕਿਆਂ ਨੂੰ ਹਮਲਾ ਤਰਕ ਕਰਕੇ ਵਾਪਸ ਮੁੜਨਾ ਪਿਆ। ਦੁਸ਼ਮਣ ਨੇ ਪਿੱਛਾ ਕੀਤਾ। ਉਸ ਦੇ ਮੁਕਾਬਲੇ ਵਿਚ ਕੂਕਿਆਂ ਕੋਲ ਲੜਾਈ ਦੇ ਸਾਧਨ ਬਹੁਤ ਥੋੜ੍ਹੇ ਸਨ। ਫਿਰ ਵੀ ਉਨ੍ਹਾਂ ਨੇ ਵੈਰੀ ਦਾ ਮੂੰਹ ਭੰਨ ਦਿਤਾ ਅਤੇ ਉਸਨੂੰ ਵਾਪਸ ਜਾਣ ਤੇ ਮਜਬੂਰ ਕਰ ਦਿਤਾ। ਇਸ ਲੜਾਈ ਵਿਚ ਮਲੇਰਕੋਟਲਾ ਸਰਕਾਰ ਦੇ ੮ ਆਦਮੀ ਜਾਨੋਂ ਮਾਰੇ ਗਏ, ਦੋ ਸਖਤ ਫੱਟੜ ਹੋਏ ਅਤੇ ੯ ਨੂੰ ਮਾਮੂਲੀ ਜ਼ਖਮ ਆਏ। ਕੂਕਿਆਂ ਵਲੋਂ ਸਤ ਜਾਨੋਂ ਮਾਰੇ ਗਏ, ਇਕ ਸਖਤ ਫੱਟੜ ਹੋਇਆ ਅਤੇ ੩੦ ਨੂੰ ਮਾਮੂਲੀ ਜ਼ਖਮ ਆਏ। ਕਈ ਲੇਖਕਾਂ ਨੇ ਲਿਖਿਆ ਹੈ ਕਿ ਇਸ ਲੜਾਈ ਵਿਚ ਕੂਕਾ ਜਥੇ ਦੇ ਸਰਦਾਰ ਹੀਰਾ ਸਿੰਘ ਨੇ ਮਲੇਰਕੋਟਲੇ ਦੇ ਇਕ ਵੱਡੇ ਅਫਸਰ ਸਮੁੰਦ ਖਾਂ ਨੂੰ ਵੰਗਾਰ ਕੇ ਮਾਰਿਆ। ਸਮੁੰਦ ਖਾਂ ਨੇ ਪਹਿਲੋਂ ਵਾਰ ਕੀਤਾਂ। ਹੀਰਾ ਸਿੰਘ ਨੇ ਉਸ ਦੇ ਵਾਰ ਨੂੰ ਖੱਬੇ ਹੱਥ ਨਾਲ ਡੱਕਿਆ ਤੇ ਫਿਰ ਆਪ ਅਜੇਹੀ ਫੁਰਤੀ ਨਾਲ ਵਾਰ ਕੀਤਾ ਕਿ ਸਮੁੰਦ ਖਾਂ ਦਾ ਗਾਟਾ ਧੌਣ ਤੋਂ



Sri Satguru Jagjit Singh Ji eLibrary NamdhariElibrary@gmail.com

ਉਭਰ ਕੇ ਪਰ੍ਹੇ ਜਾ ਪਿਆ। ਇਸ ਮੁਕਾਬਲੇ ਵਿਚ ਹੀਰਾ ਸਿੰਘ ਦਾ ਖੱਬਾ ਗੁਟ ਕੱਟਿਆ ਗਿਆ।

ਇਨ੍ਹਾਂ ਕੂਕਾ ਹਮਲਾਵਰਾਂ ਚੋਂ ੬੮ ਨੂੰ, ਜਦੋਂ ਉਹ ਰੜ ਪਿੰਡ ਦੀ ਜੂਹ ਵਿਚ ਰੋਟੀ ਤਿਆਰ ਕਰ ਰਹੇ ਸਨ, ਲੜਾਈ ਵਾਲੇ ਦਿਨ ਹੀ ਫੜ ਲਿਆ ਗਿਆ। ਉਸ ਤੋਂ ਤੀਸਰੇ ਦਿਨ ਉਨ੍ਹਾਂ ਨੂੰ ਗੱਡਿਆਂ ਤੇ ਚਾੜ੍ਹ ਕੇ ਮਲੇਰਕੋਟਲੇ ਲਿਆਂਦਾ ਗਿਆ ਤੇ ਇਥੇ ਉਨ੍ਹਾਂ ਵਿਚੋਂ ੬੫ ਨੂੰ ਤੋਪਾਂ ਨਾਲ ਉਡਾ ਦਿਤਾ ਗਿਆ ਤੇ ਇਕ ਨੂੰ ਤਲਵਾਰ ਨਾਲ ਟੁਕੜੇ ਟੁਕੜੇ ਕੀਤਾ ਗਿਆ। ਜਿਨ੍ਹਾਂ ਦੋ ਨੂੰ ਛੱਡ ਦਿਤਾ ਗਿਆ ਉਹ ਦੋਵੇਂ ਔਰਤਾਂ ਸਨ—ਇੰਦਰ ਕੌਰ ਤੇ ਖੇਮ ਕੌਰ। ਮਗਰੋਂ ਇਨ੍ਹਾਂ ਨੇ ਦਸਿਆ ਕਿ ਜਦੋਂ ਸਿੰਘਾਂ ਨੂੰ ਤੋਪਾਂ ਅੱਗੇ ਖੜਾ ਕੀਤਾ ਜਾਂਦਾ ਸੀ, ਉਹ ਤੋਪਾਂ ਨਾਲ ਬੱਝਣ ਤੋਂ ਨਾਂਹ ਕਰ ਦੇਂਦੇ ਸਨ। ਹੁਕਮ ਸੀ ਕਿ ਤੋਪਾਂ ਵਲ ਪਿੱਠ ਕਰਕੇ ਖਲ੍ਹਾਰਿਆ ਜਾਏ, ਪਰੰਤੂ ਉਨ੍ਹਾਂ ਇਹ ਕਹਿ ਕੇ ਹੁਕਮ ਮੰਨਣ ਤੋਂ ਨਾਂਹ ਕਰ ਦਿਤੀ ਕਿ ਸੂਰਬੀਰ ਪਿੱਠ ਵਿਚ ਨਹੀਂ, ਛਾਤੀ ਵਿਚ ਗੋਲਾ ਖਾ ਕੇ ਖੁਸ਼ ਹੁੰਦੇ ਹਨ, ਮੌਤ ਵਲ ਕੰਡ ਕਰਨਾ ਕਾਇਰਾਂ ਦਾ ਕੰਮ ਹੈ। ਲੁਧਿਆਣੇ ਦਾ ਡਿਪਟੀ ਕਮਿਸ਼ਨਰ ਕੋਵਨ, ਜਿਸ ਦੇ ਹੁਕਮ ਨਾਲ ਤੇ ਜਿਸ ਦੀ ਹਾਜ਼ਰੀ ਵਿਚ ਇਹ ਕੰਮ ਹੋ ਰਿਹਾ ਸੀ, ਆਪ ਲਿਖਦਾ ਹੈ ਕਿ ੧੭ ਜਨਵਰੀ ਦੀ ਸ਼ਾਮ ਨੂੰ ਜਦੋਂ ਕੂਕੇ ਤੋਪਾਂ ਨਾਲ ਉਡਾਏ ਜਾ ਰਹੇ ਸਨ, ਇਕ ਜਵਾਨ ਕੂਕੇ ਨੇ ਮੈਨੂੰ ਦਾੜ੍ਹੀਓਂ ਫੜ ਲਿਆ ਤੇ ਖੂਬ ਝੰਜੋੜਿਆ, ਮੈਂ ਬੜੀ ਮੁਸ਼ਕਿਲ ਨਾਲ ਉਸ ਤੋਂ ਆਪਣੇ ਆਪ ਨੂੰ ਛੁਡਾਇਆ। ਉਸ ਨੇ ਫਿਰ ਨੇੜੇ ਖੜੇ ਕੁਝ ਰਿਆਸਤੀ ਅਫਸਰਾਂ ਤੇ ਹੱਲਾ ਕਰ ਦਿਤਾ ਪਰ ਉਨ੍ਹਾਂ ਨੇ ਤਲਵਾਰਾਂ ਨਾਲ ਉਸ ਦੇ ਕਈ ਟੋਟੇ ਕਰ ਦਿਤੇ। ਇਕ ਰਵਾਇਤ ਅਨੁਸਾਰ ਇਨ੍ਹਾਂ ਕੂਕਿਆਂ ਵਿਚੋਂ ਇਕ ਦਾ ਕਦ ਇੰਨਾ ਛੋਟਾ ਸੀ ਕਿ ਉਸ ਦਾ ਸਿਰ ਤੋਪ ਦੇ ਮੂੰਹ ਤੋਂ ਥੱਲੇ ਰਹਿ ਜਾਂਦਾ ਸੀ। ਕੋਵਨ ਦਾ ਖਿਆਲ ਸੀ ਕਿ ਇਸ ਨੂੰ ਛੱਡ ਦਿਤਾ ਜਾਏ, ਪਰ ਉਸ ਨੇ ਇਹ ਮੰਨਣ ਤੋਂ ਸਾਫ਼ ਇਨਕਾਰ ਕਰ ਦਿਤਾ ਤੇ ਕਿਹਾ ਕਿ ਜੇ ਇਹੀ ਕਾਰਣ ਹੈ ਤਾਂ ਮੇਰੇ ਪੈਰਾਂ ਥੱਲੇ ਮਿੱਟੀ ਜਾਂ ਪੱਥਰ ਰਖ ਦਿਓ ਜਿਸ ਨਾਲ ਮੈਂ ਉੱਚਾ ਹੋ ਕੇ ਤੋਪ ਦੇ ਮੂੰਹ ਤਕ ਅੱਪੜ ਜਾਵਾਂਗਾ। ਸੋ ਇਸ ਤਰ੍ਹਾਂ ਹੀ ਕੀਤਾ ਗਿਆ। ਕੋਵਨ ਆਪਣੀ ਇਕ ਚਿੱਠੀ ਵਿਚ ਲਿਖਦਾ ਹੈ ਕਿ ਇਸ ਵੇਲੇ ਇਨ੍ਹਾਂ ਦੇ ਚਿਹਰੇ ਤੇ ਜ਼ਰਾ ਵੀ ਡਰ ਨਹੀਂ ਸੀ ਅਤੇ ਉਹ ਅੱਗੋਂ ਤਾੜ ਤਾੜ ਜਵਾਬ ਦਿੰਦੇ ਸਨ ਤੇ ਇਨ੍ਹਾਂ ਵਿਚੋਂ ਕਿਸੇ ਇਕ ਨੇ ਵੀ ਨਹੀਂ ਕਿਹਾ ਕਿ ਮੈਂ ਮਲੇਰਕੋਟਲੇ ਦੇ ਹਮਲੇ ਵਿਚ ਹਿੱਸਾ ਨਹੀਂ ਲਿਆ। ਭਾਈ ਸੰਤੋਖ ਸਿੰਘ ਦੇ ਗੁਰੂ ਬਿਲਾਸ ਅਨੁਸਾਰ ਜਥੇ ਦੇ ਸਰਦਾਰ ਹੀਰਾ ਸਿੰਘ ਨੇ ਕੋਵਨ ਨੂੰ ਲਲਕਾਰ ਕੇ ਆਖਿਆ ਕਿ ਬਿੱਲਿਆ! ਤੁਹਾਡਾ ਰਾਜ ਨਹੀਂ ਰਹਿਣ ਦੇਣਾ, ਭਾਵੇਂ ਸਾਨੂੰ ਕਈ ਵਾਰ ਜਨਮ ਲੈ ਕੇ ਆਉਣਾ ਪਵੇ।

ਅੰਗਰੇਜ਼ ਹਾਕਮਾਂ ਦੀ ਉਪਰਲੀ ਵਹਿਸ਼ੀਆਨਾ ਕਾਰਵਾਈ ਨੇ ਹਿੰਦੋਸਤਾਨੀਆਂ ਦੇ ਹੀ ਨਹੀਂ ਸਗੋਂ ਕਈ ਅੰਗਰੇਜ਼ਾਂ ਦੇ ਵੀ ਲੂੰ-ਕੰਡੇ ਖੜੇ ਕਰ ਦਿਤੇ, ਜਿਵੇਂ ਕਿ ਇਕ ਅੰਗਰੇਜ਼ ਕਾਟਨ ਨਾਮੀਂ ਆਪਣੀ ਜੀਵਨ ਕਥਾ ਵਿਚ ਲਿਖਦਾ ਹੈ ਕਿ ਮੈਂ ਆਪਣੀ ਸਾਰੀ ਜ਼ਿੰਦਗੀ ਵਿਚ ਕਦੇ ਇੰਨੀ ਹੌਲਨਾਕ ਘਟਨਾ ਨਹੀਂ ਵੇਖੀ। ਪਰੰਤੂ ਸਰਕਾਰ ਨੇ ਇਥੇ ਹੀ ਬਸ ਨਹੀਂ ਕੀਤੀ। ਇਨ੍ਹਾਂ ਬਾਬਾ ਰਾਮ ਸਿੰਘ ਅਤੇ ਉਨ੍ਹਾਂ ਦੇ ਦਸ ਸੂਬਿਆਂ ਨੂੰ ਬਿਨਾਂ ਕੋਈ ਮੁਕੱਦਮਾ ਚਲਾਏ ਜਾਂ ਕਸੂਰ ਦੱਸੇ ਪੰਜਾਬ ਤੋਂ ਬਾਹਰ, ਕਈ ਹਾਲਤਾਂ ਵਿਚ ਹਿੰਦੁਸਤਾਨ ਤੋਂ ਵੀ ਦੂਰ, ਜੇਲ੍ਹਾਂ ਵਿਚ ਬੰਦ ਕਰ ਦਿਤਾ। ਕੂਕਾ ਜਥੇਬੰਦੀ ਨੂੰ ਕਾਨੂੰਨ ਵਿਰੁਧ ਕਰਾਰ ਦੇ ਕੇ ਤੋੜਨ ਦਾ ਪੂਰਾ ਪੂਰਾ ਯਤਨ ਕੀਤਾ ਗਿਆ ਅਤੇ ਉਸ ਦੇ ਕੇਂਦਰ ਭੈਣੀ ਸਾਹਿਬ ਉਤੇ ਪੁਲੀਸ ਦੀ ਇਕ ਪੱਕੀ ਚੌਕੀ ਬਹਾ ਦਿਤੀ ਗਈ। ਵਿਦੇਸ਼ੀ ਸਰਕਾਰ ਦਾ ਵਿਸ਼ਵਾਸ ਸੀ ਕਿ ਇਹ ਕਰਾਰੀਆਂ ਸੱਟਾਂ ਕੂਕਿਆਂ ਨੂੰ ਖਤਮ ਕਰ ਦੇਣਗੀਆਂ, ਪਰ ਉਸ ਦੀ ਇਹ ਆਸ ਪੂਰੀ ਨਾ ਹੋਈ, ਕਿਉਂਕਿ ਕੁਝ ਚਿਰ ਦੇ ਬਾਅਦ ਕੂਕਿਆਂ ਦਾ ਜੋਸ਼ ਫਿਰ ਠਾਠਾਂ ਮਾਰਨ ਲਗ ਪਿਆ। ਭੈਣੀ ਸਾਹਿਬ ਦੀ ਪੁਲੀਸ ਚੌਕੀ ਖਾਹਮਖਾਹ ਤੰਗ ਕਰਦੀ ਰਹਿੰਦੀ ਸੀ। ਉਸ ਤੋਂ ਤੰਗ ਆ ਕੇ ਜਨਵਰੀ ੧੯੩੩ ਵਿਚ ਇਕ ਸੂਰਬੀਰ ਕੂਕੇ ਭਗਵਾਨ ਸਿੰਘ ਨੇ ਇਕ ਪੁਲਸੀਏ ਸਿਪਾਹੀ ਨੂੰ ਮਾਰ ਮਾਰ ਕੇ ਚਿੱਤ ਕਰ ਦਿਤਾ, ਜਿਸ ਦਾ ਅਸਰ ਇਹ ਹੋਇਆ ਕਿ ਅੱਗੋਂ ਲਈ ਚੌਕੀ ਵਾਲਿਆਂ ਦਾ ਵਤੀਰਾ ਕੁਝ ਸੁਧਰ ਗਿਆ।

ਅੱਗੇ ਜਾ ਕੇ ਕੂਕਾ ਅੰਦੋਲਨ ਦਾ ਅਸਰ ਗ਼ਦਰ ਪਾਰਟੀ ਉਤੇ ਪਿਆ। ਇਹ ਚੀਜ਼ ਬਾਬਾ ਸੋਹਨ ਸਿੰਘ ਭਕਨੇ ਦੀ ਜੀਵਨ ਕਹਾਣੀ ਵਿਚੋਂ ਪ੍ਰਤੱਖ ਨਜ਼ਰ ਆਉਂਦੀ ਹੈ ਤੇ ਇਵੇਂ ਵੀਰ-ਪਰੰਪਰਾ ਦਾ ਪ੍ਰਵਾਹ ਚਲਦਾ ਰਿਹਾ।

[ਪੁਸਤਕ 'ਪੰਜਾਬੀ ਵੀਰ ਪਰੰਪਰਾ ਦਾ ਵਿਕਾਸ' ਜਿਲਦ ਚੌਥੀ, ੧੯ਵੀਂ ਸਦੀ, ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚੋਂ ਧੰਨਵਾਦ ਸਹਿਤ]



Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਮੂਵਮੈਂਟ

—ਬਾਬਾ ਸੋਹਨ ਸਿੰਘ ਭਕਨਾ

ਗਦਰ ਪਾਰਟੀ ਬਾਰੇ ਕੋਈ ਬਿਆਨ ਦੇਣ ਤੋਂ ਪਹਿਲਾਂ ਮੈਂ ਇਹ ਵੀ ਮੁਨਾਸਬ ਸਮਝਦਾ ਹਾਂ ਕਿ ਗਦਰ ਪਾਰਟੀ ਵਿਚ ਕੰਮ ਕਰਨ ਤੋਂ ਪਹਿਲਾਂ ਜਿਹਨਾਂ ਤਹਿਰੀਕਾਂ ਵਿਚ ਮੈਂ ਕੰਮ ਕੀਤਾ ਹੈ ਉਦਾਹਰਣ ਵਜੋਂ ਨਾਮਧਾਰੀ ਮੂਵਮੈਂਟ ਅਤੇ ੧੯੦੭ ਦੀ ਐਜੀਟੇਸ਼ਨ ਆਦਿ ਉਹਨਾਂ ਬਾਰੇ ਜੋ ਮੇਰਾ ਖਿਆਲ ਹੈ ਉਹ ਵੀ ਪਾਠਕਾਂ ਸਾਹਮਣੇ ਪੇਸ਼ ਕਰਦਿਆਂ। ਨਾਮਧਾਰੀ ਮੂਵਮੈਂਟ ਵਿਚ ੧੮੯੬ ਤੋਂ ਲੈ ਕੇ ੧੯੦੮ ਤਕ ਮੈਂ ਰਿਹਾ। ਅਤੇ ਨਾਮਧਾਰੀਆਂ ਵਿਚ ਜੋ ਮਹਾਰਾਜ ਰਾਮ ਸਿੰਘ ਜੀ ਦੇ ਨਜ਼ਦੀਕੀ ਪੈਰੋਕਾਰ ਸਨ ਅਤੇ ਆਜ਼ਾਦ ਖਿਆਲ ਵੀ ਉਹਨਾਂ ਦੇ ਨੇੜੇ ਰਿਹਾ। ਇਹਨਾਂ ਆਜ਼ਾਦ ਖਿਆਲ ਮਹਾਪੁਰਸ਼ਾਂ ਵਿਚ ਬਾਬਾ ਕੇਸਰ ਸਿੰਘ ਅਲ ਮਾਰੂਫ ਬਾਬਾ ਕੇਸਰ ਇਕ ਖਾਸ ਹਸਤੀ ਸਨ ਜਿਨ੍ਹਾਂ ਦੀ ਨਾਮਧਾਰੀਆਂ ਵਿਚ ਹੁਣ ਵੀ ਪੂਰੀ ਇਜ਼ਤ ਹੈ। ਇਹ ਪਿੰਡ ਮੁਹਾਵਾ ਨੇੜੇ ਅਟਾਰੀ ਸ਼ਾਮ ਸਿੰਘ ਦੇ ਰਹਿਣ ਵਾਲੇ ਸਨ। ਨਾਮਧਾਰੀ ਮੂਵਮੈਂਟ ਸਿਖ ਰਾਜ ਦੇ ਤਬਾਹ ਹੋਣ ਤੋਂ ਥੋਹੜੇ ਸਾਲ ਪਿਛੋਂ ਹੀ ਜ਼ਹੂਰ ਵਿਚ ਆਈ। ਬਾਬਾ ਰਾਮ ਸਿੰਘ ਜੀ ਸਿਖ ਗੜਾਡੀਲ ਪਲਟਨ ਵਿਚ ਮੁਲਾਜ਼ਮ ਸਨ। ਹੋਤੀ ਮਰਦਾਨ ਵਿਚ ਉਹਨਾਂ ਦੀ ਛਾਉਣੀ ਸੀ। ਹਜ਼ਰੋ ਵਿਚ ਇਕ ਮਹਾਪੁਰਸ਼ ਬਾਬਾ ਬਾਲਕ ਸਿੰਘ ਸਨ। ਇਹ ਉਹਨਾਂ ਦੇ ਪੈਰੋਕਾਰ ਸਨ। ਜਦੋਂ ਸਿਖ ਰਾਜ ਖਤਮ ਹੋ ਗਿਆ ਤਾਂ ਇਹ ਆਪਣੇ ਪਿੰਡ ਮੋਜ਼ਿਆ ਭੈਣੀ ਜ਼ਿਲਾ ਲੁਧਿਆਣਾ ਵਿਚ ਆ ਗਏ। ਇਹਨਾਂ ਦੇ ਬਜ਼ੁਰਗ ਲੋਹਾਰਾ ਕੰਮ ਕਰਦੇ ਸਨ। ਇਹਨਾਂ ਨੇ ਵੀ ਆਪਣਾ ਲੋਹੇ ਦਾ ਕੰਮ ਸ਼ੁਰੂ ਕੀਤਾ। ਪ੍ਰਤੀਤ ਹੁੰਦਾ ਕਿ ਜਿਵੇਂ ਇਹਨਾਂ ਦੀ ਲੋਹੇ ਦੀ ਭੱਠੀ ਤਪਦੀ ਸੀ। ਉਸੇ ਤਰ੍ਹਾਂ ਉਹਨਾਂ ਦੇ ਅੰਤਹਕਰਨ ਵਿਚ ਪੁਲਿਟੀਕਲ, ਸਮਾਜਕ ਅਤੇ ਧਾਰਮਕ ਅਵਸਥਾ ਨੂੰ ਸੋਧਣ ਲਈ ਭੱਠੀ ਤੱਪ ਰਹੀ ਸੀ। ਇਸ ਲਈ ਸਹਿਜੇ ਸਹਿਜੇ ਉਹਨਾਂ ਨੇ ਆਪਣਾ ਕੰਮ ਸ਼ੁਰੂ ਕੀਤਾ। ਕਿਉਂਕਿ ਆਪ ਇਹ ਪਰਮੇਸ਼ਵਰ ਭਗਤੀ ਵਿਚ ਮਗਨ ਸਨ ਇਸ ਲਈ ਜੋ ਵੀ ਉਹਨਾਂ ਦੇ ਕੋਲ ਆਉਂਦਾ ਉਹਨਾਂ ਨੂੰ ਪਰਮੇਸ਼ਰ ਭਗਤੀ ਦਾ ਉਪਦੇਸ਼ ਅਤੇ ਨਾਲ ਸ਼ਰਾਬ ਅਤੇ ਮਾਸ ਦਾ ਤਿਆਗ ਅਤੇ ਹੱਥ ਦੀ ਕਮਾਈ ਕਰਕੇ ਖਾਣ ਦਾ ਉਪਦੇਸ਼ ਦਿੰਦੇ ਸਨ। ਸਮਾਜਕ ਊਚ ਨੀਚ ਨੂੰ ਵੀ ਇਸੇ ਤਰ੍ਹਾਂ ਠੀਕ ਕਰਨ ਲਈ ਉਹਨਾਂ ਨੇ ਹੁਕਮ ਦਿਤਾ ਕਿ ਨਾਮਧਾਰੀਆਂ ਦਾ ਕੋਈ ਲਾਗੀ ਨਹੀਂ। ਭਾਵੇਂ ਨਾਮਧਾਰੀ ਅਮੀਰ ਹੋਵੇ ਜਾਂ ਗਰੀਬ ਉਸ ਨੂੰ ਖੂਹ ਤੋਂ ਆਪ ਆਪਣੇ ਘਰ ਲਈ ਪਾਣੀ ਭਰਨਾ ਅਤੇ ਘਰ ਆਏ ਸਿਖ ਦੀ ਆਪ ਸੇਵਾ ਕਰਨੀ ਹੋਵੇਗੀ। ਕੋਈ ਨਾਮਧਾਰੀ ਗੌਰਮੈਂਟ ਦੀ ਮੁਲਾਜ਼ਮਤ ਨਹੀਂ ਕਰੇਗਾ ਅਤੇ ਨਾ ਹੀ ਕਚਹਿਰੀਆਂ ਵਿਚ ਮੁਕਦਮਾ ਲੈ ਜਾਏਗਾ ਅਤੇ ਘਰ ਦਾ ਬਣਿਆ ਹੋਇਆ ਖਦਰ ਅਤੇ ਦੂਜੀਆਂ ਦੇਸੀ ਚੀਜ਼ਾਂ ਦੀ ਵਰਤੋਂ ਕਰੇਗਾ। ਇਹ ਅੰਗਰੇਜ਼ੀ ਸਾਮਰਾਜ ਵਿਰੁਧ ਬਾਈਕਾਟ ਦਾ ਕਦਮ ਸੀ, ਕਿਉਂਕਿ ਮਹਾਰਾਜ ਰਾਮ ਸਿੰਘ ਨੇ ਸਿੱਖ ਰਾਜ ਕਿਸ ਤਰ੍ਹਾਂ ਨਸ਼ਟ ਕੀਤਾ ਇਹ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਇਹ ਕੁਦਰਤੀ ਗੱਲ ਸੀ ਕਿ ਮਹਾਰਾਜ ਰਾਮ ਸਿੰਘ ਵਰਗੇ ਸੱਚੇ ਦੇਸ਼-ਪ੍ਰੇਮੀ ਦੇ ਦਿਲ ਵਿਚ ਅੰਗਰੇਜ਼ਾਂ ਪ੍ਰਤੀ ਨਫ਼ਰਤ ਹੋਵੇ। ਇਸ ਬਾਈਕਾਟ ਤੋਂ ਇਲਾਵਾ ਉਹਨਾਂ ਨੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤੀ ਪਾਣ ਲਈ ਜਥੇਬੰਦੀ ਵੀ ਮਜ਼ਬੂਤ ਕੀਤੀ ਅਤੇ ਨਾਮਧਾਰੀਆਂ ਦੇ ਦਿਲਾਂ ਵਿਚ ਸਵਰਾਜ ਦਾ ਮਾਦਾ ਵੀ ਭਰਨਾ ਸ਼ੁਰੂ ਕੀਤਾ। ਨਤੀਜਾ ਇਹ ਹੋਇਆ ਕਿ ਨਾਮਧਾਰੀ ਸਿੱਖਾਂ ਦੀ ਗਿਣਤੀ ਤਿੰਨ ਲਖ ਤਕ ਪਹੁੰਚ ਗਈ। ਜਦੋਂ ਸਿੱਖਾਂ ਦੇ ਦਿਲ ਵਿਚ ਸਵੈ-ਅਭਿਮਾਨ ਪੈਦਾ ਹੋ ਗਿਆ ਤਾਂ ਹੁਣ ਉਹਨਾਂ ਦੇ ਦਿਲ ਵਿਚ ਬੁੱਚੜਖਾਨਿਆਂ ਨੂੰ ਵੇਖ ਕੇ ਜੋਸ਼ ਪੈਦਾ ਹੋਣ ਲਗਾ। ਕਿਉਂਕਿ ਉਹ ਸਮਝਦੇ ਸਨ ਕਿ ਅੰਗਰੇਜ਼ਾਂ ਨੇ ਸਾਡਾ ਧਰਮ ਨਸ਼ਟ ਕਰਨ ਲਈ ਬੁੱਚੜਖਾਨੇ ਖੋਹਲੇ ਹਨ। ਕੁਝ ਜੋਸ਼ੀਲੇ ਨਾਮਧਾਰੀਆਂ ਨੇ ਮਹਾਰਾਜ ਰਾਮ ਸਿੰਘ ਦੇ ਮਨ੍ਹਾ ਕਰਨ ਤੇ ਵੀ ਬੁੱਚੜਾਂ ਨੂੰ ਇਕ ਹੀ ਰਾਤ ਵਿਚ ਕਈ ਜ਼ਿਲ੍ਹਿਆਂ ਵਿਚ ਕਤਲ ਕਰ ਦਿਤਾ। ਨਤੀਜਾ ਇਹ ਹੋਇਆ ਕਿ ਅੰਗਰੇਜ਼ੀ ਗੌਰਮਿੰਟ ਜਿਸ ਨੂੰ ਪਹਿਲਾਂ ਹੀ ਇਹ ਜਥੇਬੰਦੀ ਖਟਕ ਰਹੀ ਸੀ, ਉਸ ਨੂੰ ਮੌਕਾ ਹੱਥ ਆ ਗਿਆ ਅਤੇ ਬਹੁਤ ਸਾਰੇ ਨਾਮਧਾਰੀਆਂ ਨੂੰ ਫ਼ਾਂਸੀ ਤੇ ਲਟਕਾ ਦਿਤਾ ਗਿਆ। ਇਹ ੧੮੭੦ ਈ: ਦਾ ਜ਼ਮਾਨਾ ਸੀ। ਉਸ ਤੋਂ ਪਿਛੋਂ ੧੮੭੨ ਈ: ਵਿਚ ਦੂਜੀ ਘਟਨਾ ਮਲੇਰਕੋਟਲੇ ਦੀ ਹੋਈ, ਜਿਸ ਵਿਚ ਨਾਮਧਾਰੀਆਂ ਨੇ ਨਵਾਬ ਮਲੇਰਕੋਟਲੇ ਦੇ ਕਿਲੇ ਉਪਰ ਕਬਜ਼ਾ ਕਰ ਲਿਆ। ਪਰ ਇਹ ਘਟਨਾ ਵੀ ਮਹਾਰਾਜ ਰਾਮ ਸਿੰਘ ਦੇ ਮਨ੍ਹਾ ਕਰਦੇ ਹੋਏ ਵੀ ਜੋਸ਼ੀਲੇ ਨਾਮਧਾਰੀਆਂ ਨੇ ਕਰ ਦਿਤੀ। ਕਿਉਂਕਿ ਮਹਾਰਾਜ ਰਾਮ ਸਿੰਘ ਜੀ ਇਕ ਉਚੇ ਸਿਆਸਤਦਾਨ ਵੀ ਸਨ, ਉਹ ਕਹਿੰਦੇ ਰਹੇ ਕਿ ਭਾਈ ਜਦੋਂ ਵਕਤ ਆਵੇਗਾ ਮੈਂ ਆਪ ਕਹਾਂਗਾ। ਇਸ ਦਾ ਨਤੀਜਾ ਇਹ ਹੋਇਆ ਕਿ ੭੦ ਨਾਮਧਾਰੀ ਲੁਧਿਆਣੇ ਵਿਚ ਤੋਪਾਂ ਦੇ ਅੱਗੇ ਉਡਾਏ ਗਏ, ਜੋ ਨਹਾਇਤ ਸੂਰਮਗਤੀ ਨਾਲ ਉਡੇ ਅਤੇ ਮਹਾਰਾਜ ਰਾਮ ਸਿੰਘ ਜੀ ਨੂੰ ਬਰ੍ਹਮਾ ਵਿਚ ਜਲਾਵਤਨ ਕਰ ਦਿਤਾ ਗਿਆ ਜੋ ਅੰਗਰੇਜ਼ਾਂ ਦੀ ਕੈਦ ਵਿਚ ੨੯ ਸਾਲ ਗੁਜ਼ਾਰਨ ਪਿਛੋਂ ਸ਼ਹੀਦੀ ਪਾ ਗਏ। ਪਰ ਉਹਨਾਂ ਨੇ ਏਸ ੨੯ ਸਾਲ ਦੇ ਅਰਸੇ ਵਿਚ



Sri Satguru Jagjit Singh Ji eLibrary NamdhariElibrary@gmail.com

ਆਪਣੇ ਮੁਲਕ ਨੂੰ ਗੁਲਾਮ ਰੱਖਣ ਵਾਲੇ ਅੰਗਰੇਜ਼ੀ ਸਾਮਰਾਜ ਸਾਹਮਣੇ ਸਿਰ ਨਾ ਝੁਕਾਇਆ ਸਗੋਂ ਅਖੀਰ ਤਕ ਨਫ਼ਰਤ ਦੀ ਨਜ਼ਰ ਨਾਲ ਵੇਖਿਆ। ਸੱਚ ਤਾਂ ਇਹ ਹੈ ਕਿ ਮੈਨੂੰ ਅੰਗਰੇਜ਼ੀ ਸਾਮਰਾਜ ਦੀ ਗ਼ੁਲਾਮੀ ਨਾਲ ਜੋ ਨਫ਼ਰਤ ਸੀ ਉਹ ਨਾਮਧਾਰੀ ਮੂਵਮੈਂਟ ਤੋਂ ਵਿਰਸੇ ਵਿਚ ਮਿਲੀ ਸੀ ਅਤੇ ੧੯੦੭ ਦੀ ਪੰਜਾਬ ਦੀ ਐਜੀਟੇਸ਼ਨ ਨੇ ਇਸ ਨੂੰ ਹੋਰ ਮਜ਼ਬੂਤ ਕਰ ਦਿਤਾ ਸੀ। ਅਮਰੀਕਾ ਜਾਣ ਤੇ ਹਾਲਾਤ ਦਾ ਅਧਿਅਨ ਕਰਨ ਤੇ ਮੇਰੇ ਖਿਆਲ ਹੋਰ ਵੀ ਸਾਫ ਹੋ ਗਏ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਗ਼ਦਰ ਪਾਰਟੀ ਵਿਚ ਸਰਗਰਮ ਹਿਸਾ ਲੈਣਾ ਮੈਂ ਆਪਣਾ ਫ਼ਰਜ਼ ਸਮਝਿਆ, ਹਾਲਾਂਕਿ ਮੇਰੇ ਘਰ ਦੇ ਹਾਲਾਤ ਮੈਨੂੰ ਆਗਿਆ ਨਹੀਂ ਸਨ ਦਿੰਦੇ।

ਮੈਂ ਉੱਪਰ ਦੱਸ ਚੁਕਿਆ ਹਾਂ ਕਿ ਨਾਮਧਾਰੀ ਮੂਵਮੈਂਟ ਤੋਂ ਜਿਥੇ ਮੈਨੂੰ ਈਸ਼ਵਰ ਭਗਤੀ ਦੇਸ਼ ਭਗਤੀ ਦੀ ਕਦਰੋ ਸਮਝ ਪਈ ਸੀ ਉਥੇ ਬਾਬਾ ਕੇਸਰ ਦੀ ਸੰਗਤ ਨਾਲ ਜੋ ਇਕ ਆਜ਼ਾਦ ਖਿਆਲ ਮਹਾਂਪੁਰਸ਼ ਸਨ ਫਿਰਕਾਪ੍ਰਸਤੀ ਤੋਂ ਉਪਰ ਉਠ ਕੇ ਮਨੁੱਖ ਮਾਤਰ ਨਾਲ ਪ੍ਰੇਮ ਕਰਨਾ ਵੀ ਸਿਖਿਆ ਸੀ ਕਿਉਂਕਿ ਈਸ਼ਵਰ ਭਗਤੀ ਅਤੇ ਫਿਰਕਾਪ੍ਰਸਤੀ ਇਹ ਦੋਵੇਂ ਇਕ ਥਾਂ ਇਕੱਠੀਆਂ ਨਹੀਂ ਹੋ ਸਕਦੀਆਂ। ਈਸ਼ਵਰ ਭਗਤ ਫਿਰਕਾਪ੍ਰਸਤ ਨਹੀਂ ਅਤੇ ਫਿਰਕਾਪ੍ਰਸਤ ਈਸ਼ਵਰ ਭਗਤ ਨਹੀਂ ਹੋ ਸਕਦਾ। ਏਸੇ ਗਿਆਨ ਦੇ ਪ੍ਰਭਾਵ ਹਠ ਸਾਡੀ ਇਕ ਸੁਸਾਇਟੀ ਬਣੀ ਜਿਸਦਾ ਨਾਮ ਪ੍ਰੇਮ ਸੰਗਤ ਸੀ ਅਤੇ ਜਿਸ ਵਿਚ ਈਸਾਈ ਮੁਸਲਮਾਨ ਹਿੰਦੂ ਅਤੇ ਸਿੱਖ ਬਿਨਾਂ ਲਿਹਾਜ਼ ਮਜ਼ਹਬ ਮਿਲਤ ਸਾਰੇ ਰੂਹਾਨੀਅਤ ਨੂੰ ਜਾਨਣ ਵਾਲੇ ਸਨ। ਹੁਣ ਵੀ ਕਈ ਮੇਰੇ ਦੋਸਤ ਜ਼ਿੰਦਾ ਹਨ ਜੋ ਮੇਰੇ ਇਸ ਅਕੀਦੇ ਦੀ ਤਾਈਦ ਕਰ ਸਕਦੇ ਹਨ ਅਤੇ ਭਕਨੇ ਦੇ ਉਹ ਮਸ਼ਹੂਰ ਹੋਲੇ ਜਿਨ੍ਹਾਂ ਵਿਚ ਹਰ ਮਜ਼ਹਬ ਅਤੇ ਮਿਲਤ ਦੇ ਲੋਗ ਸ਼ਾਮਲ ਹੋ ਕੇ ਰੂਹਾਨੀਅਤ ਦੇ ਰਿਸ਼ਤੇ ਦਾ ਲੁੱਤਫ਼ ਉਠਾਂਦੇ ਸਨ, ਇਲਾਕੇ ਦੇ ਲੋਕਾਂ ਦੀ ਯਾਦ 'ਚੋਂ ਨਹੀਂ ਉਤਰੇ।

ਇਹਨਾਂ ਹੋਲਿਆਂ ਵਿਚ ਹਜ਼ਾਰਾਂ ਲੋਕ ਇਕੱਠੇ ਹੁੰਦੇ ਸਨ। ਪਿੰਡ ਅਤੇ ਇਲਾਕੇ ਵਾਲਿਆਂ ਤੋਂ ਇਲਾਵਾ ਇਹਨਾਂ ਹੋਲਿਆਂ ਵਿਚ ਅਕਸਰ ਮੈਂ ਜ਼ਿਆਦਾ ਖਰਚ ਕਰਦਾ ਸਾ। ਜਿਉਂ ਜਿਉਂ ਮੈਂ ਖ਼ਰਚ ਕਰਦਾ ਸਾਂ ਤਿਉਂ ਤਿਉਂ ਮੈਨੂੰ ਇਕ ਸਰੂਰ ਜਿਹਾ ਆਉਂਦਾ ਸੀ। ਕਿਉਂਕਿ ਮੈਂ ਸਮਝਦਾ ਸਾਂ ਕਿ ਮੈਂ ਖਲਕਤ ਖ਼ੁਦਾ ਦੀ ਸੇਵਾ ਕਰ ਰਿਹਾ ਹਾਂ ਅਤੇ ਇਹੋ ਰਸਤਾ ਠੀਕ ਹੈ। ਹੁੰਦੇ ਹੁੰਦੇ ਮੈਂ ਘਰ ਦਾ ਸਾਰਾ ਰੁਪਿਆ ਜ਼ਮੀਨ ਬਲਕਿ ਢਾਈ ਤਿੰਨ ਹਜ਼ਾਰ ਰੁਪਿਆ ਦੋਸਤਾਂ ਤੋਂ ਕਰਜ਼ਾ ਚੁਕ ਕੇ ਵੀ ਖਰਚ ਕਰ ਦਿਤਾ। ਇਥੋਂ ਤਕ ਕਿ ਹੁਣ ਕਰਜ਼ਾ ਮਿਲਣਾ ਬੰਦ ਹੋ ਗਿਆ। ਅਖੀਰ ਕੰਮ ਨਾ ਚਲਦਾ ਵੇਖ ਕੇ ਮੈਂ ਬਾਬਾ ਜੀ ਨੂੰ ਕਿਹਾ ਕਿ ਹੁਣ ਤਾਂ ਇਹ ਹਾਲਤ ਹੈ, ਉਹ ਹੱਸ ਪਏ ਤੇ ਕਹਿਣ ਲਗੇ ਕਿ ਬੱਚੇ ਅਜੇ ਤਾਂ ਤੂੰ ਸਿੱਖੀ ਦੇ ਪਹਿਲੇ ਡੰਡੇ ਉਤੇ ਪੈਰ ਰਖਿਆ ਹੈ। ਹੁਣ ਤਕ ਤਾਂ ਲੋਕਾਂ ਦੀ ਕਮਾਈ ਹੀ ਖਾਂਦੇ ਰਹੇ ਹੋ। ਹੁਣ ਆਪ ਕੰਮ ਕਰੋ। ਮੈਂ ਬਾਬਾ ਜੀ ਦੀ ਰਮਜ਼ ਸਮਝ ਕੇ ਦੋ ਬੈਲਾਂ ਦੀ ਜੋੜੀ ਬਣਾਈ ਅਤੇ ਖੇਤੀ ਸ਼ੁਰੂ ਕੀਤੀ ਪਰ ਪਿਛਲੀ ਸਾਰੀ ਉਮਰ ਕੰਮ ਨਹੀਂ ਸੀ ਕੀਤਾ। ਇਕ ਸਾਲ ਬਾਮੁਸ਼ਕਲ ਕੰਮ ਕੀਤਾ, ਕਾਸ਼ਤ ਨਾ ਹੋ ਸਕੀ। ਘਰ ਵਿਚ ਦੋ ਮਾਵਾਂ (ਮੇਰੇ ਪਿਤਾ ਦੀਆਂ ਦੋ ਸ਼ਾਦੀਆਂ ਸਨ) ਇਕ ਬੀਵੀ ਅਤੇ ਇਕ ਧਰਮ ਦੀ ਲੜਕੀ ਜਿਸ ਦੀ ਮਾਂ ਤਾਊਨ ਦੀ ਬੀਮਾਰੀ ਵਿਚ ਮਰ ਚੁਕੀ ਸੀ ਅਤੇ ਯਤੀਮ ਸਮਝ ਕੇ ਉਸ ਦੀ ਪਰਵਰਿਸ਼ ਕਰ ਰਹੇ ਸਾਂ। ਇਸ ਤੋਂ ਬਿਨਾ ਨਾ ਹੀ ਕੋਈ ਲੜਕਾ ਅਤੇ ਨਾ ਹੀ ਕੋਈ ਭਰਾ ਸੀ ਕਿਉਂਕਿ ਮੈਂ ਪਿਤਾ ਦਾ ਇਕਲੌਤਾ ਬਚਾ ਸਾਂ। ਹੁਣ ਪਤਾ ਲਗਾ ਕਿ ਕੇਵਲ ਰੂਹਾਨੀਅਤ ਜਾਂ ਈਸ਼ਵਰ ਭਗਤੀ ਦੇ ਆਧਾਰ ਉਤੇ ਆਦਮੀ ਜ਼ਿੰਦਾ ਨਹੀਂ ਰਹਿ ਸਕਦਾ। ਇਸ ਮਾਦੀ ਦੁਨੀਆ ਵਿਚ ਰੋਟੀ ਕਪੜਾ ਅਤੇ ਘਰ ਦੀ ਲੋੜ ਹੈ।

ਇਹ ਠੀਕ ਹੈ ਮੇਰੇ ਕਈ ਈਸਾਈ ਅਤੇ ਦੂਜੇ ਦੋਸਤਾਂ ਨੇ ਮੈਨੂੰ ਰੁਪਏ ਦੀ ਮਦਦ ਦੇਣ ਦੀ ਕੋਸ਼ਿਸ਼ ਕੀਤੀ ਪਰ ਮੇਰੀ ਜ਼ਮੀਰ ਨੇ ਇਸ ਤਰ੍ਹਾਂ ਮੁਫਤ ਮਦਦ ਲੈਣੀ ਗਵਾਰਾ ਨਾ ਕੀਤੀ।

ਅਖੀਰ ਅਮਰੀਕਾ ਵਿਚ ਇਕ ਦੋਸਤ ਸਨ। ਅਮਰੀਕਾ ਦੀ ਮਜ਼ਦੂਰੀ ਬਾਰੇ ਮੈਂ ਸੁਣਿਆ ਹੋਇਆ ਸੀ। ਉਹਨਾਂ ਨਾਲ ਚਿੱਠੀ ਪੱਤਰ ਕੀਤਾ। ਉਹਨਾਂ ਨੇ ਮੈਨੂੰ ਅਮਰੀਕਾ ਦਾ ਜਹਾਜ਼ ਦਾ ਪਾਸ ਭੇਜ ਦਿਤਾ ਅਤੇ ਮੈਂ ੩ ਫਰਵਰੀ ੧੯੦੯ ਆਪਣੀਆਂ ਦੋਵਾਂ ਮਾਵਾਂ ਬੀਬੀ ਅਤੇ ਮਾਸੂਮ ਧਰਮ ਪੁਤਰੀ ਨੂੰ ਰੋਂਦੇ ਹੋਏ ਛਡ ਕੇ ਰੋਟੀ ਦੀ ਖਾਤਰ ਗੈਰ ਮੁਲਕਾਂ ਦੀ ਰਾਹ ਲਈ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੇਰੀ ਇਹ ਗਰੀਬੀ ਮੇਰੀ ਆਪਣੀ ਪੈਦਾ ਕੀਤੀ ਹੋਈ ਸੀ ਕਿਉਂਕਿ ਮੇਰੀ ਜਾਇਦਾਦ ਮੇਰੇ ਖਾਣ ਲਈ ਕਾਫੀ ਸੀ ਪਰ ਦੂਜੇ ਜੋ ਲੋਕ ਗੈਰ ਮੁਲਕਾਂ ਨੂੰ ਗਏ ਜਾਂ ਜਾ ਰਹੇ ਸਨ ਸਭ ਦੀ ਹਾਲਤ ਮੇਰੇ ਵਾਂਗ ਗਰੀਬ ਨਹੀਂ ਸੀ ਹੋਈ। ਉਹ ਸੱਚੇ ਅਰਥਾਂ ਵਿਚ ਗਰੀਬ ਸਨ। ਉਹਨਾਂ ਦੀ ਗਰੀਬੀ ਦਾ ਕਾਰਨ ਅੰਗਰੇਜ਼ੀ ਸਾਮਰਾਜ ਦਾ ਵਧਿਆ ਹੋਇਆ ਮਾਲੀਆ ਸ਼ਾਹੂਕਾਰਾ ਕਰਜ਼ਾ ਜ਼ਮੀਨ ਦੀ ਕੰਮੀ ਵਧਦੀ ਹੋਈ ਮਰਦਮ ਸ਼ੁਮਾਰੀ ਦੇ ਨਾਲ ਨਾਲ ਬੇਕਾਰੀ ਆਦਿ ਸਨ ਜਿਨ੍ਹਾਂ ਦਾ ਜ਼ਿਕਰ ਅਗੇ ਅਮਰੀਕਾ ਦੇ ਕਾਂਡ ਵਿਚ ਕਰਾਂਗਾ।

(ਖੋਜ ਤੇ ਅਨੁਵਾਦ—ਗੁਰਬਖਸ਼ ਸਿੰਘ ਬੰਨੋਆਣਾ)



Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਮੂਵਮੈਂਟ ਵਿਚ ਸ਼ਾਮਲ ਹੋਣਾ

—ਬਾਬਾ ਸੋਹਣ ਸਿੰਘ ਭਕਨਾ

੧੮੯੭ ਈ: ਵਿਚ ਮੈਨੂੰ ਇਕ ਬਜ਼ੁਰਗ, ਜਿਨ੍ਹਾਂ ਦਾ ਨਾਂਅ ਬਾਬਾ ਕੇਸਰ ਸੀ, ਜੋ ਪਿੰਡ ਮਹਾਵਾ ਮੁਤਸਿਲ ਅਟਾਰੀ ਸ਼ਾਮ ਸਿੰਘ, ਜ਼ਿਲਾ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ, ਮਿਲੇ। ਇਹ ਬਜ਼ੁਰਗ ਮਹਾਰਾਜ ਰਾਮ ਸਿੰਘ ਬਾਨੀ ਕੂਕਾ (ਨਾਮਧਾਰੀ) ਮੂਵਮੈਂਟ ਦੇ ਪੈਰੋਕਾਰ ਸਨ। ਪਰ ਹੁਣ ਆਜ਼ਾਦ ਖਿਆਲ ਲਾ ਸ਼ਰਹ ਅਤੇ ਫ਼ਿਰਕਾਪ੍ਰਸਤੀ ਤੋਂ ਉਪਰ ਸਨ। ਛੂਤ ਛਾਤ ਅਤੇ ਜ਼ਾਤ ਪਾਤ ਦਾ ਭੂਤ ਉਹਨਾਂ ਤੋਂ ਭੱਜ ਚੁਕਿਆ ਸੀ। ਹੁਣ ਉਹਨਾਂ ਦੀ ਪਾਲਿਸੀ ਏਕਤਾ ਦੀ ਪਾਲਿਸੀ ਸੀ। ਲਾ ਸ਼ਰਹ ਹੋਣ ਦੇ ਬਾਵਜੂਦ ਨਾਮਧਾਰੀਆਂ ਵਿਚ ਉਹਨਾਂ ਦੀ ਚੋਖੀ ਇਜ਼ਤ ਸੀ। ਦੂਜੇ ਮਜ਼ੁਬਾਂ ਦੇ ਆਜ਼ਾਦ ਖਿਆਲ ਆਦਮੀ ਵੀ ਉਹਨਾਂ ਦਾ ਸਤਿਕਾਰ ਕਰਦੇ ਸਨ।

ਇਥੇ ਕੁਝ ਨਾਮਧਾਰੀ ਮੂਵਮੈਂਟ ਬਾਰੇ ਵੀ ਲਿਖਣਾ ਜ਼ਰੂਰੀ ਹੈ ਤਾਂ ਜੋ ਪਾਠਕਾਂ ਨੂੰ ਕੂਕਾ ਮੂਵਮੈਂਟ ਬਾਰੇ ਪਤਾ ਲੱਗ ਸਕੇ ਤੇ ਤੁਸੀਂ ਸਮਝ ਸਕੋ ਕਿ ਮੇਰੇ ਉੱਤੇ ਉਸ ਦਾ ਕੀ ਅਸਰ ਹੋਇਆ।

ਬਾਬਾ ਰਾਮ ਸਿੰਘ ਪਿੰਡ ਭੈਣੀ ਜ਼ਿਲਾ ਲੁਧਿਆਣਾ ਪੰਜਾਬ ਨਾਮਧਾਰੀ ਮੂਵਮੈਂਟ ਦੇ ਬਾਨੀ ਸਨ। ਮਹਾਰਾਜ ਰਾਮ ਸਿੰਘ ਸਿੱਖਾਂ ਦੇ ਰਾਜ ਵਿਚ ਇਕ ਪਲਟਨ ਵਿਚ ਨੌਕਰ ਸਨ ਅਤੇ ਅੰਗਰੇਜ਼ਾਂ ਨੂੰ ਸਿਖਾਂ ਦੀਆਂ ਸਾਰੀਆਂ ਲੜਾਈਆਂ ਵਿਚ ਸ਼ਾਮਲ ਸਨ। ਜਦੋਂ ਸਿਖਾਂ ਨੂੰ ਹਾਰ ਹੋਈ ਅਤੇ ਸਿੱਖ ਫ਼ੌਜਾਂ ਤੋੜੀਆਂ ਗਈਆਂ ਤਾਂ ਇਹ ਵੀ ਆਪਣੇ ਪਿੰਡ ਵਿਚ ਆ ਗਏ। ਇਹਨਾਂ ਦਾ ਪੇਸ਼ਾ ਲੋਹਾਰ ਸੀ। ਘਰ ਵਿਚ ਆ ਕੇ ਲੋਹੇ ਦਾ ਕੰਮ ਕਰਨ ਲੱਗੇ। ਜਿਵੇਂ ਉਹਨਾਂ ਦੀ ਲੋਹਾ ਪਾਉਣ ਵਾਲੀ ਭੱਠੀ ਬਲਦੀ ਸੀ ਉਸੇ ਤਰ੍ਹਾਂ ਅੰਦਰੋਂ ਉਹਨਾਂ ਦਾ ਦਿਲ ਵੀ ਗੈਰ-ਮੁਲਕੀ ਗੁਲਾਮੀ ਨਾਲ ਜਲਦਾ ਸੀ ਅਤੇ ਜ਼ਾਤ ਤੇ ਵਰਨ ਆਸ਼ਰਮ ਦੀ ਕੈਦ ਨਾਲ ਵੀ ਨਫ਼ਰਤ ਸੀ। ਮਹਾਰਾਜ ਰਾਮ ਸਿੰਘ ਗੁਰੂ ਗੋਬਿੰਦ ਸਿੰਘ ਦੇ ਸੱਚੇ ਪੈਰੋਕਾਰ ਸਨ ਅਤੇ ਮਜਲਸੀ ਤੇ ਸਿਆਸੀ ਦੋਹਾਂ ਕਿਸਮਾਂ ਦਾ ਇਨਕਲਾਬ ਚਾਹੁੰਦੇ ਸਨ ਅਤੇ ਕਿਸੇ ਹੱਦ ਤਕ ਨਾਮਧਾਰੀਆਂ ਵਿਚ ਬਰਾਬਰੀ ਦੇ ਇਛਿਕ ਸਨ।

ਸਿੱਖ ਰਾਜ ਦੀ ਹਾਰ ਤੋਂ ਕੁਝ ਹੀ ਸਾਲ ਪਿਛੋਂ ੧੮੫੭ ਈਸਵੀਂ ਦੇ ਨੇੜੇ ਤੇੜੇ ਉਹਨਾਂ ਨੇ ਗਰੀਬ ਸਿਖ ਤਬਕੇ ਵਿਚ ਆਪਣਾ ਕੰਮ ਸ਼ੁਰੂ ਕੀਤਾ। ਕਿਉਂਕਿ ਸਿਖ ਸਰਦਾਰਾਂ ਅਤੇ ਜਾਗੀਰਦਾਰਾਂ ਦੀ ਕੌਮੀ ਗ਼ਦਾਰੀ ਦਾ ਅਧਿਐਨ ਉਹਨਾਂ ਨੇ ਅੰਗਰੇਜ਼ਾਂ ਦੀਆਂ ਲੜਾਈਆਂ ਵਿਚ ਆਪਣੀਆਂ ਅੱਖਾਂ ਨਾਲ ਕੀਤਾ ਸੀ। ਇਸ ਲਈ ਸਿਖ ਅਮੀਰ ਤਬਕੇ ਉਤੇ ਉਹਨਾਂ ਨੂੰ ਭਰੋਸਾ ਨਹੀਂ ਸੀ ਕਿ ਇਹ ਵੀ ਕੌਮੀ ਇਨਕਲਾਬ ਕਰ ਸਕਦੇ ਹਨ ਇਸ ਲਈ ਗਰੀਬ ਸਿਖ ਜਨਤਾ ਵਿਚ ਉਹਨਾਂ ਨੇ ਰੂਹਾਨੀ ਅਤੇ ਕੌਮੀ ਇਨਕਲਾਬੀ ਰੂਹ ਫੂਕਣੀ ਸ਼ੁਰੂ ਕੀਤੀ ਅਤੇ ਨਾਲ ਹੀ ਬਦੇਸ਼ੀ ਮਾਲ ਦਾ ਬਾਈਕਾਟ ਅਤੇ ਸਿਖ ਕੌਮੀ ਰਾਜ ਦੀ ਅਮਲੀ ਬੁਨਿਆਦ ਨਾਮਧਾਰੀਆਂ ਵਿਚ ਰਖੀ। ਸਾਰੇ ਪੰਜਾਬ ਨੂੰ ਅਕਬਰੀ ਨਿਜ਼ਾਮ ਵਾਂਗ ਬਾਈ ਸੂਬਿਆਂ ਵਿਚ ਵੰਡ ਦਿਤਾ ਅਤੇ ਆਪਣੇ ਪੈਰੋਕਾਰਾਂ ਨੂੰ ਸੂਬੇ ਮੁਕੱਰਰ ਕਰ ਦਿਤਾ। ਇਹਨਾਂ ਦੇ ਹੇਠਾਂ ਜ਼ਿਲਾ ਅਫਸਰ ਅਤੇ ਇਲਾਕਾ ਅਫਸਰ ਮੁਕਰਰ ਕਰ ਦਿਤੇ। ਜਿਨ੍ਹਾਂ ਨੂੰ ਮਹੰਤ ਕਿਹਾ ਜਾਂਦਾ ਸੀ। ਕੋਈ ਨਾਮਧਾਰੀ ਅੰਗਰੇਜ਼ਾਂ ਦੀ ਫੌਜ ਵਿਚ ਭਰਤੀ ਨਹੀਂ ਹੋ ਸਕਦਾ ਸੀ ਅਤੇ ਨਾ ਹੀ ਅੰਗਰੇਜ਼ਾਂ ਦੀ ਕਚਹਿਰੀ ਵਿਚ ਮੁਕੱਦਮਾ ਕਰਦਾ ਸੀ। ਮੁਕੱਦਮਿਆਂ ਦਾ ਫੈਸਲਾ ਨਾਮਧਾਰੀ ਪੰਚਾਇਤ ਜਾਂ ਮਹਾਰਾਜ ਰਾਮ ਸਿੰਘ ਆਪ ਕਰਦੇ ਸਨ। ਅੰਗਰੇਜ਼ੀ ਮਾਲ ਕੋਈ ਨਾਮਧਾਰੀ ਨਹੀਂ ਸੀ ਖਰੀਦਦਾ। ਸਭ ਤੋਂ ਵੱਡੀ ਗੱਲ ਇਹ ਕਿ ਡਾਕ ਦਾ ਏਨਾ ਚੰਗਾ ਬੰਦੋਬਸਤ ਸੀ ਕਿ ਉਸ ਵੇਲੇ ਅੰਗਰੇਜ਼ੀ ਡਾਕ ਪਿਛੋਂ ਅਤੇ ਨਾਮਧਾਰੀ ਡਾਕ ਪਹਿਲੋਂ ਪਹੁੰਚਦੀ ਸੀ। ਨਾਮਧਾਰੀਆਂ ਦੇ ਡਾਕ ਦੇ ਬੰਦੋਬਸਤ ਦਾ ਹੀ ਇਹ ਨਤੀਜਾ ਸੀ ਕਿ ਅੰਗਰੇਜ਼ਾਂ ਨੂੰ ਨਾਮਧਾਰੀ ਮੂਵਮੈਂਟ ਬਾਰੇ ਬਹੁਤ ਘਟ ਪਤਾ ਲਗਦਾ ਸੀ। ਆਖਰ ਇਸ ਮੂਵਮੈਂਟ ਦਾ ਤਿੰਨ ਲੱਖ ਮੈਂਬਰ ਹੋ ਗਿਆ। ਤਦ ਅੰਗਰੇਜ਼ਾਂ ਦੀਆਂ ਅੱਖਾਂ ਖੁਲੀਆਂ ਅਤੇ ਉਹਨਾਂ ਨੇ ਨਾਮਧਾਰੀਆਂ ਦੀ ਸ਼ਕਲ ਵਿਚ ਆਪਣੀ ਸੀ. ਆਈ. ਡੀ. ਮੂਵਮੈਂਟ ਵਿਚ ਦਾਖ਼ਲ ਕਰ ਦਿਤੀ। ਸੀ. ਆਈ. ਡੀ. ਦੇ ਨਾਮਧਾਰੀ ਮੈਂਬਰਾਂ ਨੇ ਜੋਸ਼ੀਲੇ ਨਾਮਧਾਰੀਆਂ ਨੂੰ ਜੋਸ਼ ਦੁਆ ਕੇ ਵਕਤ ਤੋਂ ਪਹਿਲਾਂ ਹੀ ਕਿਲ੍ਹਾ ਮਲੇਰਕੋਟਲਾ ਉਤੇ ਬਿਨਾਂ ਬਾਬਾ ਰਾਮ ਸਿੰਘ ਜੀ ਦੇ ਹੁਕਮ ਦੇ ਹਮਲਾ ਕਰਵਾ ਦਿਤਾ। ਬਾਬਾ ਰਾਮ ਸਿੰਘ ਜੀ ਨੇ ਸਿਖਾਂ ਨੂੰ ਰੋਕਣ ਦੀ ਬਥੇਰੀ ਕੋਸ਼ਿਸ਼ ਕੀਤੀ ਅਤੇ ਬਥੇਰਾ ਕਿਹਾ ਕਿ ਅਜੇ ਵਕਤ ਨਹੀਂ ਆਇਆ. ਪਰ ਜੁਸ਼ੀਲੇ ਸਿਖ



Sri Satguru Jagjit Singh Ji eLibrary NamdhariElibrary@gmail.com

ਨਾ ਰੁਕੇ ਅਤੇ ਅੰਗਰੇਜ਼ੀ ਗਵਰਨਮੈਂਟ ਨਾਮਧਾਰੀ ਮੂਵਮੈਂਟ ਨੂੰ ਤਬਾਹ ਕਰਨ ਵਿਚ ਸਫਲ ਹੋ ਗਈ। ਛਿਆਹਠ ਨਾਮਧਾਰੀ ੧੮੭੨ ਈਸਵੀ ਵਿਚ ਮਲੇਰਕੋਟਲਾ ਵਿਚ ਤੋਪਾਂ ਦੇ ਅੱਗੇ ਉਡਾਏ ਗਏ, ਜੋ ਅਤਿਅੰਤ ਦਲੇਰੀ ਨਾਲ ਸ਼ਹੀਦ ਹੋਏ। ਬਾਕੀ ਬਹੁਤ ਸਾਰੇ ਨਾਮਧਾਰੀਆਂ ਨੂੰ ਵੱਖ ਵੱਖ ਕਿਸਮ ਦੀਆਂ ਸਜ਼ਾਵਾਂ ਹੋਈਆਂ ਅਤੇ ੧੮੭੨ ਈ: ਵਿਚ ਬਾਬਾ ਰਾਮ ਸਿੰਘ ਨੂੰ ਜਲਾਵਤਨ ਕੀਤਾ ਗਿਆ। ਜੋ ਕਿਲਾ ਮਾਂਡਲਾ ਵਿਚ ਰਖੇ ਗਏ ਅਤੇ ੧੮੮੬ ਵਿਚ ਅੰਗਰੇਜ਼ਾਂ ਦੀ ਕੈਦ ਵਿਚ ਹੀ ਅਕਾਲ ਚਲਾਣਾ ਕਰ ਗਏ। ਆਖਰੀ ਦਮ ਤਕ ਉਹਨਾਂ ਵਿਚ ਕੌਮੀ ਇਨਕਲਾਬ ਦਾ ਜਜ਼ਬਾ ਕਾਇਮ ਰਿਹਾ ਅਤੇ ਕੈਦ ਦੇ ਦਿਨਾਂ ਵਿਚ ਇਕ ਵਾਰ ਵੀ ਅੰਗਰੇਜ਼ੀ ਗਵਰਮਿੰਟ ਦੇ ਅਗੇ ਆਪਣੀ ਰਿਹਾਈ ਲਈ ਹੱਥ ਨਾ ਪਸਾਰਿਆ।

ਜਦੋਂ ਮੈਂ ਨਾਮਧਾਰੀ ਮੂਵਮੈਂਟ ਵਿਚ ਸ਼ਾਮਲ ਹੋਇਆ ਤਾਂ ਬਾਬਾ ਜੀ ਅਤੇ ਦੂਜੇ ਮਹਾਰਾਜ ਰਾਮ ਸਿੰਘ ਜੀ ਦੇ ਸਾਥੀਆਂ ਤੋਂ ਮੈਂ ਮਹਾਰਾਜ ਰਾਮ ਸਿੰਘ ਜੀ ਦੀ ਜ਼ਿੰਦਗੀ ਦੇ ਹਾਲਾਤ ਸੁਣੇ। ਕੈਦ ਵਿਚ ਉਹਨਾਂ ਦੀ ਅਡੋਲਤਾ, ਦੇਸ਼ ਭਗਤੀ ਅਤੇ ਨਾਮਧਾਰੀਆਂ ਦਾ ਹੱਸ ਹੱਸ ਕੇ ਤੋਪਾਂ ਅਗੇ ਉਡਣਾ, ਅੰਗਰੇਜ਼ੀ ਗੌਰਮਿੰਟ ਦੀ ਸਖਤੀ ਦੇ ਬਾਵਜੂਦ ਭੱਜੇ ਹੋਏ ਨਾਮਧਾਰੀਆਂ ਨੂੰ ਉਮਰ ਭਰ ਲਈ ਨਾਮਧਾਰੀ ਸਾਥੀਆਂ ਦਾ ਘਰਾਂ ਵਿਚ ਪਨਾਹ ਦੇਣਾ ਅਤੇ ਮੌਤ ਨਾਲ ਖੇਡ ਕੇ ਮਫ਼ਰੂਰ ਸਾਥੀਆਂ ਦੀਆਂ ਜਾਨਾਂ ਬਚਾਣੀਆਂ, ਬਾਵਜੂਦ ਪੁਲਸ ਦੀ ਸਖਤ ਨਿਗਰਾਨੀ ਦੇ ਡਾਕ ਅਤੇ ਖੁਫੀਆਂ ਮੀਟਿੰਗਾਂ ਦੇ ਸਿਲਸਿਲੇ ਨੂੰ ਜਾਰੀ ਰਖਣਾ ਆਦਿ, ਆਦਿ। ਇਹਨਾਂ ਸਾਰੇ ਕਾਰਨਾਮਿਆਂ ਅਤੇ ਨਾਮਧਾਰੀਆਂ ਦੇ ਸੱਚੇ ਪਰੇਮ ਅਤੇ ਖਾਸ ਕਰ ਬਾਬਾ ਕੇਸਰ ਦੀ ਸਚਾਈ ਅਤੇ ਰੂਹਾਨੀਅਤ ਅਤੇ ਆਜ਼ਾਦ ਖ਼ਿਆਲੀ ਦਾ ਮੇਰੇ ਉੱਤੇ ਡੂੰਘਾ ਪਰਭਾਵ ਪਿਆ ਅਤੇ ਮੈਂ ਆਪਣਾ ਸਾਰਾ ਤਨ ਮਨ ਧਨ ਨਾਮਧਾਰੀ ਮੂਵਮੈਂਟ ਉੱਤੇ ਨਿਛਾਵਰ ਕਰ ਦਿਤਾ। ਬਾਰਾਂ ਸਾਲ ਮੈਂ ਨਾਮਧਾਰੀ ਮੂਵਮੈਂਟ ਵਿਚ ਕੰਮ ਕੀਤਾ।

### ਬਾਬਾ ਕੇਸਰ ਸਿੰਘ ਦਾ ਕੰਮ ਕਰਨ ਦਾ ਤਰੀਕਾ

ਇਹਨਾਂ ਦੀ ਪਾਲਸੀ ਨੂੰ ਅਸੀਂ ਇਤਿਹਾਦ ਕਹਿ ਸਕਦੇ ਹਾਂ। ਸਾਡੀ ਇਕ ਸੋਸਾਇਟੀ ਸੀ, ਜਿਸ ਦਾ ਨਾਂਅ ਪਰੇਮ ਸੰਗਤ ਸੀ ਜਿਸ ਵਿਚ ਉਹ ਮੈਂਬਰ ਲਿਆ ਜਾਂਦਾ ਸੀ ਜੋ ਫ਼ਿਰਕਾ-ਪ੍ਰਸਤੀ ਤੋਂ ਉਪਰ ਅਤੇ ਰੂਹਾਨੀਅਤ ਨੂੰ ਮੰਨਣ ਵਾਲਾ ਹੋਵੇ, ਰੂਹਾਨੀਅਤ ਤੋਂ ਮੁਰਾਦ, ਜੋ ਸਾਰੀ ਕਾਇਨਾਤ ਨੂੰ ਆਪਣੀ ਹੀ ਰੂਹ ਮੰਨਦਾ ਹੋਵੇ ਅਰਥਾਤ ਸਭਨਾਂ ਮਨੁੱਖਾਂ ਨਾਲ ਇਕੋ ਜਿਹਾ ਪਿਆਰ ਕਰਦਾ ਹੋਵੇ। ਜੋ ਮਜ਼੍ਹਬ, ਫਿਰਕਾ, ਕੌਮ ਅਤੇ ਮੁਲਕ ਦੀਆਂ ਹੱਦਾਂ ਤੋਂ ਉਪਰ ਹੋਵੇ। ਜ਼ਾਤ ਪਾਤ ਅਤੇ ਛੂਤ ਛਾਤ ਨੂੰ ਨਾ ਮੰਨਦਾ ਹੋਵੇ। ਅਸੀਂ ਸਭ ਦੇ ਅਤੇ ਸਭ ਸਾਡੇ ਇਸ ਉਤੇ ਅਮਲ ਕਰਦਾ ਹੋਵੇ। ਸਾਡੀ ਇਸ ਸੋਸਾ-ਇਟੀ ਵਿਚ ਈਸਾਈ, ਮੁਸਲਮਾਨ, ਹਿੰਦੂ, ਸਿਖ ਸਾਰੀਆਂ ਕਿਸਮਾਂ ਦੇ ਮੈਂਬਰ ਸ਼ਾਮਲ ਸਨ। ਸਾਡਾ ਸਾਲਾਨਾ ਜਲਸਾ, ਜਿਸਨੂੰ ਹੋਲਾ ਵੀ ਕਹਿੰਦੇ ਸਨ, ਅਕਸਰ ਭਕਨੇ ਵਿਚ ਹੋਇਆ ਕਰਦਾ ਸੀ। ਜਿਸ ਦੇ ਖਰਚ ਦਾ ਬਹੁਤ ਸਾਰਾ ਹਿੱਸਾ ਮੈਂ ਬਰਦਾਸ਼ਤ ਕਰਦਾ ਸੀ। ਹੁੰਦੇ ਹੁੰਦੇ ਮੈਂ ਇਸ ਇਤਿਹਾਦੀ ਸੋਸਾਇਟੀ ਅਤੇ ਨਾਮਧਾਰੀ ਮੂਵਮੈਂਟ ਵਿਚ ਆਪਣੀ ਸਾਰੀ ਜਾਇਦਾਦ ਅਤੇ ਜ਼ਮੀਨ ਵਗੈਰਾ ਖਰਚ ਕਰ ਦਿਤੀ। ਜਦੋਂ ਮੈਂ ਸਾਰੀ ਜਾਇਦਾਦ ਖਰਚ ਕਰ ਚੁਕਿਆ ਤਾਂ ਹੁਣ ਹੱਥ ਨਾਲ ਮਜ਼ਦੂਰੀ ਕਰਕੇ ਰੋਟੀ ਕਮਾ ਕੇ ਖਾਣ ਦਾ ਸੁਆਲ ਸਾਹਮਣੇ ਆਇਆ। ਪਰ ਮੁਸ਼ਕਲ ਇਹ ਪਈ ਕਿ ਮੈਂ ਕੰਮ ਚੋਰ ਸਾਂ, ਹੱਥ ਨਾਲ ਕਦੇ ਕੰਮ ਨਹੀਂ ਸੀ ਕੀਤਾ। ਜ਼ਮੀਨ ਦੀ ਬਟਾਈ ਉੱਤੇ ਜ਼ਿੰਦਗੀ ਗੁਜ਼ਾਰਦਾ ਸਾਂ। ਇਕ ਦੋ ਵਾਰ ਕਾਸ਼ਤ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਨਾਕਾਮ ਰਿਹਾ। ਹੁਣ ਰੂਹਾਨੀਅਤ ਨੂੰ ਖਾ ਕੇ ਤਾਂ ਜ਼ਿੰਦਾ ਰਹਿ ਨਹੀਂ ਸਾਂ ਸਕਦਾ, ਕਿਉਂਕਿ ਮਾਦੀ ਜਿਸਮ ਲਈ ਰੋਟੀ ਦੀ ਲੋੜ ਹੁੰਦੀ ਹੈ। ਇਸ ਵਿਚ ਸ਼ੱਕ ਨਹੀਂ ਕਿ ਮੇਰੇ ਕਈ ਦੋਸਤਾਂ ਨੇ ਮੈਨੂੰ ਰੁਪਏ ਦੀ ਮਦਦ ਦੇਣ ਦੀ ਕੋਸ਼ਿਸ਼ ਕੀਤੀ ਅਤੇ ਕਰਜ਼ਾ ਵੀ ਉਤਾਰਨ ਨੂੰ ਤਿਆਰ ਹੋ ਗਏ। ਪਰ ਮੇਰੀ ਜ਼ਮੀਰ ਨੇ ਇਹ ਗੱਲ ਨਾ ਮੰਨੀ ਕਿ ਮੈਂ ਆਪਣੀ ਜ਼ਿੰਦਗੀ ਦਾ ਭਾਰ, ਜੋ ਮੈਂ ਆਪਣੀ ਖੁਸ਼ੀ ਨਾਲ ਭਾਰਾ ਕੀਤਾ ਹੈ, ਕਿਸੇ ਦੋਸਤ ਉੱਤੇ ਪਾਵਾਂ। ਆਖ਼ਰ ਬਾਬਾ ਜੀ ਅਤੇ ਦੋਸਤਾਂ ਦੀ ਹਮਦਰਦੀ ਦਾ ਸ਼ੁਕਰ ਗੁਜ਼ਾਰ ਹੁੰਦਾ ਹੋਇਆ ਮੈਂ ਮਜ਼ਦੂਰੀ ਕਰਨ ਦੀ ਖਾਹਿਸ਼ ਨਾਲ ਆਪਣੀਆਂ ਦੋ ਬਿਰਧ ਮਾਵਾਂ, ਪਤਨੀ ਅਤੇ ਇਕ ਛੋਟੀ ਲੜਕੀ, ਜਿਸ ਦੀ ਮਾਂ ਮਰ ਚੁਕੀ ਸੀ ਅਤੇ ਅਸਾਂ ਤਿੰਨ ਮਹੀਨੇ ਦੀ ਲੜਕੀ ਨੂੰ ਲੈ ਕੇ ਪਾਲਿਆ ਸੀ, ਚਾਰ ਅਬਲਾਵਾਂ ਨੂੰ ਛੱਡ ਕੇ, ਜਿੰਨਾ ਕੋਲ ਤਿੰਨ ਮਹੀਨੇ ਤੋਂ ਜ਼ਿਆਦਾ ਖੁਰਾਕ ਨਹੀਂ ਸੀ, ਅਮਰੀਕਾ ਰਵਾਨਾ ਹੋ ਗਿਆ।

**ਦਾਸਤਾਨ-ਇ-ਜ਼ਿੰਦਗੀ** ਕਾਂਡ ਪਹਿਲਾ ਵਿਚੋਂ

ਖੋਜ ਤੇ ਅਨੁਵਾਦ—ਗੁਰਬਖਸ਼ ਸਿੰਘ ਬੰਨੋਆਣਾ



Sri Satguru Jagjit Singh Ji eLibrary NamdhariElibrary@gmail.com

# ਮਾਸਟਰ ਤਾਰਾ ਸਿੰਘ ਅਤੇ ਸ੍ਰੀ ਭੈਣੀ ਸਾਹਿਬ ਦੀ ਸਰਬ ਸੰਪਰਦਾਇ ਕਾਨਫਰੰਸ

—ਜਗਦੀਸ਼ ਸਿੰਘ

ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਸਿਖ ਸਿਆਸਤ ਵਿਚ ਕੁਬੇਰੀ ਸ਼ਖਸੀਅਤ ਹੋਏ ਹਨ। ਅੱਧੀ ਸਦੀ ਤਕ ਉਹ ਅਕਾਲੀ ਸਿਖ ਸਿਆਸਤ ਦੇ ਸਰਵੇ ਸਰਵਾ ਰਹੇ। ਉਹ ਅਛੇ ਵਾਰਤਾਕਾਰ ਵੀ ਸਨ। ਸੰਨ ੧੯੩੪ ਵਿਚ ਅਕਾਲੀਆਂ ਦੀ ਫੁਟ ਦੇ ਦੋ ਪਰਮੁਖ ਧੜੇ ਬਣ ਗਏ ਸਨ। ਗਿਆਨੀ ਸ਼ੇਰ ਸਿੰਘ ਦਾ ਮਾਲਵਾ ਅਕਾਲੀ ਦਲ ਅਤੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਾਲਾ ਸ਼ਰੋਮਣੀ ਅਕਾਲੀ ਦਲ। ਗਲ ਇਥੋਂ ਤਕ ਵਧ ਗਈ ਕਿ ਆਖਰ ਗੁਰਸੇਵਕ ਸਭਾ ਨਾਮੀ ਸੰਸਥਾ ਦੇ ਸਜਨਾਂ ਨੇ ਅਪੀਲ ਕੀਤੀ ਕਿ ਗਿਆਨੀ ਸ਼ੇਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਜੀ ਦੋਵੇਂ ਹੀ ਕੁਝ ਸਮਾਂ ਪੰਥਕ ਰਾਜਨੀਤੀ ਤੋਂ ਵਖ ਹੋ ਜਾਣ ਤਾਂ ਕਿ ਆਮ ਲੋਕ ਤਾਂ ਇਕੱਠੇ ਹੋ ਸਕਣ। ਮਾਸਟਰ ਤਾਰਾ ਸਿੰਘ ਜੀ ਇਸ ਗਲ ਤੋਂ ਬਾਦ ਅਗਿਆਤਵਾਸ ਵਿਚ ਚਲੇ ਗਏ। ਕਿਸੇ ਨੂੰ ਵੀ ਕੁਝ ਨਾ ਦਸ ਕੇ ਆਪਣੀ ਮੌਜ ਵਿਚ ਵਿਚਰਦੇ ਰਹੇ। ਇਸ ਸਮੇਂ ਉਹਨਾਂ ਕੁਝ ਯਾਤਰਾ ਵਿਵਰਨ ਲਿਖ ਛੱਡੇ ਜੋ ਸੰਨ ੧੯੬੯ ਨੂੰ ਆਪ ਦੀ ਸਪੁਤਰੀ ਬੀਬੀ ਡਾ: ਰਾਜਿੰਦਰ ਕੌਰ ਹੋਰਾਂ 'ਮੇਰਾ ਸਫਰਨਾਮਾ' ਸਿਰਲੇਖ ਹੇਠ ਪੁਸਤਕ ਰੂਪ ਵਿਚ ਪ੍ਰਕਾਸ਼ਤ ਕੀਤੇ।

ਸਾਲ ੧੯੩੪ ਦੀ ੧੩ ਅਕਤੂਬਰ ਨੂੰ ਸ੍ਰੀ ਭੈਣੀ ਸਾਹਿਬ ਵਿਚ ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ ਵਿਚ ਪੰਥ ਦੀਆਂ ਸਮੂਹ ਸੰਪਰਦਾਵਾਂ ਸ਼ਾਮਲ ਹੋਈਆਂ। ਇਸ ਕਾਨਫਰੰਸ ਨੇ ਦੇਸ਼ ਦਾ ਵਾਤਾਵਰਨ ਹੀ ਬਦਲ ਦਿਤਾ— ਏਕਤਾ ਅਤੇ ਪ੍ਰੇਮ ਦੀਆਂ ਲਹਿਰਾਂ ਚਲ ਪਈਆਂ। ਮਾਸਟਰ ਤਾਰਾ ਸਿੰਘ ਜੀ ਅਗਿਆਤਵਾਸ ਵਿਚੋਂ ਇਸ ਕਾਨਫਰੰਸ ਵਿਚ ਆਏ ਸਨ। ਨਾਮਧਾਰੀ ਨੁਮਾਇੰਦਿਆਂ ਨੇ ਉਹਨਾਂ ਦੀ ਅਗਿਆਤਵਾਸ ਵਿਚੋਂ ਵੀ ਸੂਹ ਕੱਢ ਲਈ ਸੀ। ਉਂਝ ਉਹ ਸਰਗਰਮੀਆਂ ਤੋਂ ਦੂਰ ਹੀ ਰਹੇ ਸਨ। ਮਾਸਟਰ ਜੀ ਦੇ ਇਸ ਸਫ਼ਰਨਾਮੇ ਵਿਚ ਇਹਨਾਂ ਦਿਨਾਂ ਦਾ ਵੀ ਜ਼ਿਕਰ ਹੈ। ਇਸ ਵਿਚੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਖਸੀਅਤ ਜੋ ਮਾਸਟਰ ਤਾਰਾ ਸਿੰਘ ਜੀ ਦੇ ਮਨ ਵਿਚ ਸੀ ਉਹ ਪ੍ਰਗਟ ਹੁੰਦੀ ਹੈ। ਉਸ ਸਮੇਂ ਦੇ ਕੁਝ ਹਾਲਾਤ ਅਤੇ ਮਾਸਟਰ ਜੀ ਦੀ ਮਨੋ ਦਿਸ਼ਾ ਦਾ ਵੀ ਪਤਾ ਲਗਦਾ ਹੈ। ਉਹਨਾਂ ਨੂੰ ਜਿਹੜੀਆਂ ਗੱਲਾਂ ਆਪਣੀ ਸਮਝ ਅਨੁਸਾਰ ਠੀਕ ਨਾ ਲੱਗੀਆਂ ਉਹਨਾਂ ਦਾ ਜ਼ਿਕਰ ਵੀ ਉਹਨਾ ਕੀਤਾ ਹੈ। ਅਸੀਂ ਉਹਨਾਂ ਦੀਆਂ ਗੱਲਾਂ ਤੇ ਟਿਪਣੀ ਜਾਂ ਸਪਸ਼ਟੀਕਰਣ ਨਹੀਂ ਦੇਣਾ, ਪਰ ਮਾਸਟਰ ਜੀ ਦੇ ਵਿਚਾਰਾਂ ਦਾ ਮਹੱਤਵ ਬਹੁਤ ਹੈ। ਵਖ ਵਖ ਪੰਥਿਆਂ ਤੇ ਨਾਮਧਾਰੀਆਂ ਬਾਰੇ ਉਹਨਾਂ ਦੀਆਂ ਗੱਲਾਂ ਦਰਜ ਹਨ। 'ਮੇਰਾ ਸਫ਼ਰਨਾਮਾ' ਦਾ ਵਿਸ਼ਾ ਸਿਆਸੀ ਨਹੀਂ ਹੈ। ਦਿਲਚਸਪ ਤੇ ਸਾਦੀਆਂ ਗੱਲਾਂ ਵਾਲੀ ਇਹ ਪੁਸਤਕ ਪਾਠਕ ਨੂੰ ਨਾਲ ਜੋੜੀ ਰਖਦੀ ਹੈ। ਪਹਿਲਾ ਜ਼ਿਕਰ ਹੈ ਜਦੋਂ ਉਹ ਆਪਣੇ ਘਰੇਲੂ ਕੰਮ ਲਈ ਪਰ ਗੁਪਤ ਰੂਪ ਵਿਚ ਹੀ ਅੰਮ੍ਰਿਤਸਰ ਆਏ। ਵਰਨਣ ਇਸ ਤਰ੍ਹਾਂ ਹੈ :

### ''ਅੰਮ੍ਰਿਤਸਰ ੨੯-੯-੩੪

ਅਜ ਮੈਂ ਸਵੇਰੇ ਅੰਮ੍ਰਿਤਸਰ ਪੁਜਾ ਹਾਂ। ਮੈਂ ਆਪਣੇ ਭਰਾ ਨੂੰ ਸਟੇਸ਼ਨ ਉਤੇ ਪੁਜਣ ਲਈ ਲਿਖਿਆ ਸੀ ਤੇ ਨਾਲ ਹੀ ਇਹ ਲਿਖਿਆ ਹੋਇਆ ਸੀ ਕਿ ਮੈਂ ਸਭ ਤੋਂ ਅਗਲੀ ਤੀਜੇ ਦਰਜੇ ਦੀ ਗੱਡੀ ਵਿਚ ਹੋਵਾਂਗਾ। ਉਸ ਗੱਡੀ ਉਤੇ ਕੋਈ ਸੱਜਣ ਮਿੱਤਰ ਤਾਂ ਮੈਨੂੰ ਲੈਣ ਨਹੀਂ ਆਇਆ ਹੋਇਆ ਸੀ, ਪਰ ਪੁਲਸ ਆਈ ਹੋਈ ਸੀ। ਪੁਲਸ ਦਾ ਸਿਪਾਹੀ ਆ ਕੇ ਅਗਲੇ ਦਰਵਾਜ਼ੇ ਅਗੇ ਖੜ੍ਹਾ ਹੋ ਗਿਆ। ਮੈਂ ਚਾਦਰ ਦੀ ਝੁੰਬ ਪਹਿਲਾਂ ਹੀ ਮਾਰੀ ਹੋਈ ਸੀ। ਮੈਂ ਪਿਛਲੇ ਦਰਵਾਜ਼ੇ ਰਾਹੀਂ ਨਿਕਲ ਗਿਆ। ਪਰ ਵੇਖਦਾ ਹਾਂ ਕਿ ਸਾਹਮਣਿਓਂ ਇਕ ਹੋਰ ਸਿਪਾਹੀ ਜੋ ਮੇਰਾ ਬਹੁਤ ਜਾਣੂੰ ਸੀ, ਆ ਰਿਹਾ ਹੈ, ਉਹ ਝਟਪਟ ਮੁੜ ਪਿਆ। ਮੈਂ ਤਾੜ ਲਿਆ ਕਿ ਉਸ ਨੇ ਪਛਾਣ ਲਿਆ ਹੈ। ਪਰ ਅਜੇ ਸ਼ੱਕ ਸੀ, ਕਿਉਂਕਿ ਮੈਨੂੰ ਝੁੰਬ ਮਾਰਿਆ ਹੋਏ ਨੂੰ ਤੇ ਪਜਾਮੇ ਬਿਨਾਂ ਪਛਾਣਨਾ ਔਖਾ ਸੀ ਤੇ ਉਹ ਝਟਪਟ ਹੀ ਮੁੜ ਗਿਆ ਸੀ। ਮੈਂ ਸਮਝਿਆ ਸ਼ਾਇਦ ਉਸ ਨੇ ਨਾ ਪਛਾਣਿਆ ਹੋਏ। ਉਹ ਸਿਪਾਹੀ ਇੰਟਰ ਵਾਲੇ ਦਰਵਾਜ਼ੇ ਵਲ ਗਿਆ ਤੇ ਛੇਤੀ ਨਾਲ ਉਥੋਂ ਬਾਹਰ ਨਿਕਲ ਗਿਆ। ਮੈਂ ਗੱਡੀ ਵਾਲੇ ਪਾਸੇ ਮੂੰਹ ਕੀਤਾ ਤੇ ਪਿਛੇ ਤੀਜੇ ਦਰਜੇ ਦੇ ਦਰਵਾਜ਼ੇ ਵਲ ਗਿਆ



Sri Satguru Jagjit Singh Ji eLibrary NamdhariElibrary@gmail.com

ਅਤੇ ਛੇਤੀ ਨਾਲ ਉਥੋਂ ਬਾਹਰ ਨਿਕਲ ਗਿਆ। ਬਾਹਰ ਕੀ ਵੇਖਦਾ ਹਾਂ ਕਿ ਚਿਟ ਕਪੜੇ ਸਿਪਾਹੀਆਂ ਦੀ ਹੇੜ੍ਹ ਇੰਟਰ ਕਲਾਸ ਦੇ ਦਰਵਾਜ਼ੇ ਵਲੋਂ ਭਜੀ ਆਉਂਦੀ ਹੈ। ਮੈਂ ਲਾਂਭੇ ਹੋ ਕੇ ਅਸਬਾਬ ਟਿਕਾਇਆ ਕਿ ਸ਼ਾਇਦ ਇਹ ਕਿਸੇ ਹੋਰ ਪਾਸੇ ਜਾ ਰਹੇ ਹੋਣ। ਉਹ ਤਾਂ ਮੇਰੇ ਕੋਲ ਆ ਖੜੇ ਹੋ ਗਏ। ਹੁਣ ਸ਼ੱਕ ਵਧ ਗਿਆ। ਮੈਂ ਸਿਧਾ ਖਾਲਸਾ ਕਾਲਜ ਨੂੰ ਟਾਂਗਾ ਲਿਆ ਤੇ ਉਸ ਵਿਚ ਆਪਣੀ ਕਿਤਾਬਾਂ ਦੀ ਗੁੱਥੀ ਰਖੀ। ਸਿਪਾਹੀ ਬਾਈਸਿਕਲ ਉਤੇ ਮੇਰੇ ਮਗਰ ਪਿਆ। ਮੈਂ ਭਰਾ ਨਰਿੰਜਨ ਸਿੰਘ ਦੇ ਘਰ ਗਿਆ ਤੇ ਸਿਪਾਹੀ ਬਾਹਿਰ ਖੜਾ ਹੋ ਗਿਆ। ਇਥੇ ਪੁਜ ਕੇ ਪਤਾ ਲਗਾ ਹੈ ਕਿ ਮੇਰੇ ਆਉਣ ਦੀ ਖਬਰ ਵਾਲੀ ਚਿੱਠੀ ਅਜ ਤਕ ਨਹੀਂ ਮਿਲੀ। ਮਲੂਮ ਹੁੰਦਾ ਹੈ ਕਿ ਉਹ ਪੁਲਸ ਨੇ ਖੋਲ੍ਹ ਲਈ ਹੈ ਤੇ ਉਸੇ ਖਬਰ ਦੇ ਆਧਾਰ ਉਤੇ ਮੈਨੂੰ ਉਡੀਕ ਰਹੇ ਸਨ। ਕੋਈ ਦੋ ਘੰਟੇ ਮਗਰੋਂ ਸਰਦਾਰ ਸੇਵਾ ਸਿੰਘ ਜੀ ਕਿਰਪਾਨ ਬਹਾਦਰ ਮੇਰੇ ਕੋਲ ਪੁਜ ਗਏ। ਉਨ੍ਹਾਂ ਕਿਹਾ ਕਿ ਪੁਲਸ ਦੇ ਇਕ ਸਿਪਾਹੀ ਨੇ ਮੈਨੂੰ ਦਸਿਆ ਹੈ ਕਿ ਮਾਸਟਰ ਤਾਰਾ ਸਿੰਘ ਖ਼ਾਲਸਾ ਕਾਲਜ ਵਿਚ ਪੁਜ ਗਿਆ ਹੈ। ਕਚਹਿਰੀ ਤੇ ਥਾਣੇ ਜਾ ਕੇ ਮੈਨੂੰ ਕੰਮ ਕਰਨਾ ਪਿਆ। ਜਦ ਮੁੜ ਕੇ ਮੈਂ ਆਇਆ ਤਾਂ ਮੇਰੇ ਕੋਲ ਨਾਮਧਾਰੀ ਸਜਣ ਪੁਜ ਗਏ। ਉਨ੍ਹਾਂ ਤੋਂ ਪਤਾ ਲਗਾ ਕਿ ਪੁਲਸ ਨੇ ਸ਼ਹਿਰ ਵਿਚ ਖਬਰ ਖਿਲਾਰ ਦਿਤੀ ਹੈ। ਉਨ੍ਹਾਂ ਮੈਨੂੰ ਭੈਣੀ ਸਾਹਿਬ ਪੁਜਣ ਲਈ ਜ਼ੋਰ ਦਿਤਾ। ਮੈਂ ਬਥੇਰੀ ਨਾਂਹ ਨੁਕਰ ਕੀਤੀ। ਪਰ ਉਨ੍ਹਾਂ ਕਿਹਾ ਕਿ ਇਹ ਏਕਤਾ ਕਾਨਫਰੰਸ ਹੈ ਤੇ ਕਿ ਕਿਧਰੇ ਅਕਾਲੀਆਂ ਦੀ ਏਕਤਾ ਦਾ ਸਵਾਲ ਉਠਣ ਉਤੇ ਕੇਵਲ ਮੇਰੀ ਗੈਰ-ਹਾਜ਼ਰੀ ਦੇ ਕਾਰਣ ਹੀ ਬਣਿਆ ਕੰਮ ਨਾ ਰਹਿ ਜਾਏ। ਇਸ ਦਲੀਲ ਉਤੇ ਮੈਂ ਇਹ ਮੰਨ ਗਿਆ ਹਾਂ ਕਿ ਦੀਵਾਨ ਵਿਚ ਦਰਸ਼ਕ ਦੀ ਹੈਸੀਅਤ ਵਿਚ ਪੁਜਾਂਗਾ, ਪਰ ਕਿਸੇ ਤਰ੍ਹਾਂ ਕਿਸੇ ਕੰਮ ਵਿਚ ਹਿੱਸਾ ਨਹੀਂ ਲਵਾਂਗਾ। ਨਾਮਧਾਰੀ ਸਜਣ ਮੇਰੀ ਇਹ ਸ਼ਰਤ ਮੰਨ ਗਏ ਹਨ। ਇਸ ਕਰਕੇ ਮੈਂ ੧੨ ਜਾਂ ੧੩ ਅਕਤੂਬਰ ਨੂੰ ਭੈਣੀ ਸਾਹਿਬ ਪੁਜਾਂਗਾ।

ਨਾਮਧਾਰੀ ਸਜਨਾਂ ਦੇ ਉਥੇ ਹੁੰਦਿਆਂ ਮੈਨੂੰ ਸ. ਦਲੀਪ ਸਿੰਘ ਜੀ ਦੁਆਬੀਆ ਆ ਮਿਲੇ। ਫਿਰ ਡਾਕਟਰ ਸੰਤ ਰਾਮ ਜੀ ਸੇਠ ਆ ਗਏ। ਰਾਤ ਨੂੰ ਸ: ਈਸ਼ਰ ਸਿੰਘ ਜੀ ਮਝੈਲ ਆ ਗਏ ਅਤੇ ਫਿਰ ਬਚਨ ਸਿੰਘ ਜੀ ਆ ਗਏ। ਉਹ ਚਲੇ ਗਏ ਤੇ ਫਿਰ ਕੋਈ ਦਸ ਵਜੇ ਰਾਤ ਗੁਰਮੁਖ ਸਿੰਘ ਜੀ ਮਿਲ ਗਏ। ਇਹਨਾਂ ਤੋਂ ਬਿਨਾ ਮਾਸਟਰ ਈਸ਼ਰ ਸਿੰਘ ਜੀ ਤਰਨ ਤਾਰਨ ਮੈਨੂੰ ਰਾਹ ਵਿਚ ਮਿਲ ਪਏ ਹਨ। ਉਹਨਾਂ ਦਾ ਭਾਣਜਾ ਜਗਜੀਤ ਸਿੰਘ ਮੈਨੂੰ ਇਥੇ ਮਿਲਿਆ ਹੈ। ਬਸ ਹੋਰ ਕੋਈ ਮੈਨੂੰ ਇਥੇ ਨਹੀਂ ਮਿਲਿਆ ਹੈ, ਸਿਵਾਏ ਆਪਣੇ ਘਰ ਦੇ ਆਦਮੀਆਂ ਜਾਂ ਉਥੇ ਖਾਲਸਾ ਕਾਲਜ ਵਿਚ ਰਹਿਣ ਵਾਲੇ ਇਕ ਦੋ ਸਜਨਾਂ ਦੇ ਤੇ ਮੈਂ ਸਵੇਰੇ ਮੂੰਹ ਹਨੇਰੇ ਇਥੋਂ ਛਿਹਰਟੇ ਸਾਹਿਬ ਚਲੇ ਜਾਵਾਂਗਾ। ਉਥੇ ਸਵੇਰੇ ਛੇ ਵਜੇ ਦੀ ਗੱਡੀ ਫੜ ਲਵਾਂਗਾ। ਆਸ ਹੈ ਕਿ ਪੁਲਸ ਮੇਰਾ ਪਿਛਾ ਨਹੀਂ ਕਰ ਸਕੇਗੀ।

——

ਇਸ ਤੋਂ ਬਾਅਦ ਮਾਸਟਰ ਜੀ ਮੁੜ ਅਗਿਆਤਵਾਸ ਚਲੇ ਗਏ ਜਿਸ ਦਾ ਹਾਲ ਪੁਸਤਕ ਵਿਚ ਹੈ। ਕਾਨਫਰੰਸ ਵਾਸਤੇ ਚਲਣ ਤੋਂ ਪਹਿਲਾਂ ਅਤੇ ਬਾਦ ਦਾ ਅੰਦਰਾਜ ਪੁਸਤਕ ਦੇ ਪੰਨੇ ੬੩-੬੪-੬੫ ਵਿਚ ਹੈ :

ਬਿਹਾਰੀਗੜ੍ਹ ੧੧-੧੦-੩੪

.........ਮੈਂ ਕਲ੍ਹ ਇਥੋਂ ਟੁਰ ਪਵਾਂਗਾ ਤੇ ਰਾਤ ਸਹਾਰਨਪੁਰ ਜਾ ਰਹਾਂਗਾ। ਪਰਸੋਂ ਸਵੇਰੇ ਆਪਣੇ ਕੀਤੇ ਇਕਰਾਰ ਮੁਤਾਬਕ ਭੈਣੀ ਸਾਹਿਬ ਜਾਵਾਂਗਾ।"

"ਸਹਾਰਨਪੁਰ ੧੭-੧੦-੩੪

......ਮੈਂ ਭੈਣੀ ਸਾਹਿਬ ਤੋਂ ਮੁੜ ਕੇ ਕਲ੍ਹ ਇਥੇ ਪੁਜ ਗਿਆ ਹਾਂ ਤੇ ਅਜ ਹਜ਼ੂਰ ਸਾਹਿਬ ਜਾ ਰਿਹਾ ਹਾਂ। ਭੈਣੀ ਸਾਹਿਬ ਬੜਾ ਭਾਰੀ ਇਕੱਠ ਸੀ ਤੇ ਉਸ ਇਕੱਠ ਵਿਚ ਸਿੱਖੀ ਸੇਵਾ ਤੇ ਗੁਰਬਾਣੀ ਦਾ ਪਰਵਾਹ ਚਲ ਰਿਹਾ ਸੀ। ਬਸ ਇਕ ਗੱਲ ਮੈਨੂੰ ਬੁਰੀ ਲਗੀ ਸੀ, ਉਹ ਇਹ ਕਿ ਕੂਕੇ ਬਬੇਕੀਆਂ ਦਾ ਲੰਗਰ ਅੱਡਰਾ, ਨਿਹੰਗ ਬਬੇਕੀਆਂ ਦਾ ਲੰਗਰ ਅੱਡਰਾ, ਭਸੌੜੀ ਬਬੇਕੀਆਂ ਦਾ ਲੰਗਰ ਅੱਡਰਾ ਤੇ ਆਮ ਸਿੱਖ ਸੰਗਤ ਦਾ ਅੱਡਰਾ। ਮੈਂ ਇਸ ਉਤੇ ਬਹਿਸ ਨਹੀਂ ਕਰਨਾ ਚਾਹੁੰਦਾ, ਪਰ ਜਿਥੇ ਇਸ ਤਰ੍ਹਾਂ ਅੱਡੋ-ਅੱਡਰੇ ਲੰਗਰ ਹੋਣ ਕੀ ਉਥੇ ਲੰਗਰ ਦਾ ਅਸਲ ਮੰਤਵ ਉਡ ਨਹੀਂ ਜਾਂਦਾ? ਜੋ ਗੁਰ ਮਤੇ ਪਾਸ ਹੋਏ ਹਨ ਤੇ ਜੋ ਕਾਰਵਾਈ ਉਥੇ ਹੋਈ ਹੈ ਉਹ ਤੁਸੀਂ ਅਖਬਾਰਾਂ ਵਿਚ ਪੜ੍ਹ ਚੁਕੇ ਹੋਵੋਗੇ। ਇਸ ਦੀਵਾਨ ਉਤੇ ਆ ਕੇ ਮੇਰੇ ਦਿਲ ਵਿਚ ਬਾਬਾ ਪਰਤਾਪ ਸਿੰਘ ਜੀ ਦੀ ਲਿਆਕਤ ਦਾ ਸਿੱਕਾ ਬਹੁਤ ਬੈਠਾ ਹੈ। ਹਰ ਵੇਲੇ ਹਰ ਗੱਲ ਵਿਚ ਉਹਨਾਂ ਨੂੰ ਠੀਕ ਜਵਾਬ ਸੁੱਝਦਾ ਸੀ। ਧਾਰਮਕ ਜੀਵਨ ਕਿਸੇ ਦਾ ਛੇਤੀ ਪੜਤਾਲਣਾ ਨਾ ਸੌਖਾ ਹੁੰਦਾ ਹੈ ਤੇ ਨਾ ਹੀ ਚੰਗਾ ਹੁੰਦਾ ਹੈ, ਪਰ ਉਹਨਾਂ ਦੀ



Sri Satguru Jagjit Singh Ji eLibrary NamdhariElibrary@gmail.com

ਲਿਆਕਤ ਵੇਖਕੇ ਮੈਂ ਇਹ ਕਹਿ ਸਕਦਾ ਹਾਂ ਕਿ ਜੇ (ਕੂਕਿਆਂ ਵਿਚ) ਗੁਰਿਆਈ ਦੀ ਗੱਦੀ ਉਹਨਾਂ ਨੂੰ ਨਾ ਭੀ ਮਿਲੀ ਹੁੰਦੀ ਤੇ ਕੂਕੇ ਆਪ ਆਪਣਾ ਗੁਰੂ ਚੁਣਦੇ ਤਾਂ ਨਿਸਚਾ ਹੈ ਕਿ ਉਹ ਸਰਬ ਸੰਮਤੀ ਨਾਲ ਬਾਬਾ ਪਰਤਾਪ ਸਿੰਘ ਜੀ ਨੂੰ ਹੀ ਗੁਰੂ ਚੁਣਦੇ। ਉਹਨਾਂ ਵਿਚ ਆਗੂ ਦੇ ਬਹੁਤ ਸਾਰੇ ਗੁਣ ਮੌਜੂਦ ਹਨ।

ਮੈਂ ਭੈਣੀ ਸਾਹਿਬ ਦੀਵਾਨ ਵਿਚ ਕੇਵਲ ਦਰਸ਼ਕ ਦੇ ਤੌਰ ਤੇ ਹੀ ਮੌਜੂਦ ਸਾਂ। ਨਾ ਮੈਂ ਦੀਵਾਨ ਦੀ ਕਿਸੇ ਕਾਰਵਾਈ ਵਿਚ ਹਿਸਾ ਲਿਆ ਤੇ ਨਾ ਹੀ ਸਬਜੈਕਟ ਕਮੇਟੀ ਵਿਚ ਗਿਆ ਸਾਂ। ਭੈਣੀ ਸਾਹਿਬ ਤੋਂ ਮੈਂ ਸਿੱਧਾ ਲੁਧਿਆਣੇ ਪੁਜਾ ਤੇ ਰਾਤ ਸਰਦਾਰ ਗੁਰਦਿਤ ਸਿੰਘ ਦੇ ਮਕਾਨ ਉਤੇ ਰਿਹਾ। ਦੂਜੇ ਦਿਨ ਪੁਲਸ ਨੂੰ ਛੱਡ ਗੱਡੀ ਚੜ੍ਹ ਆਇਆ ਹਾਂ। ਲੁਧਿਆਣੇ ਆ ਕੇ ਮੈਂ ਸੁਣਿਆ ਹੈ ਕਿ ਜਿਸ ਸਿਪਾਹੀ ਨੂੰ ਮੈਂ ਛਡ ਆਇਆ ਸਾਂ ਉਹ ਮੁਅੱਤਲ ਹੋ ਗਿਆ ਹੈ। ਮੈਂ ਇਸਨੂੰ ਸਖਤ ਧੱਕਾ ਸਮਝਦਾ ਹਾਂ। ਕੋਈ ਇਕ ਆਦਮੀ ਇਕ ਆਦਮੀ ਦੀ ਰਾਖੀ ਨਹੀਂ ਕਰ ਸਕਦਾ ਤੇ ਮੇਰੇ ਵਰਗੇ ਦੀ ਰਾਖੀ ਤਾਂ ਦੋ ਭੀ ਨਹੀਂ ਕਰ ਸਕਦੇ। ਲੋਕੀ ਜੇਹਲਾਂ ਵਿਚੋਂ ਕੰਧਾਂ ਟੱਪ ਕੇ ਕਈ ਪਹਿਰਿਆਂ ਵਿਚੋਂ ਨਿਕਲ ਜਾਂਦੇ ਹਨ ਜਿਥੇ ਕਿ ਪਹਿਰੇਦਾਰਾਂ ਨੂੰ ਮਾਰਨ ਦਾ ਹੱਕ ਭੀ ਹੁੰਦਾ ਹੈ ਤੇ ਭੱਜਣ ਵਾਲੇ ਨੂੰ ਹਰ ਇਕ ਸਜ਼ਾ ਮਿਲ ਸਕਦੀ ਹੈ। ਇਸ ਤਰ੍ਹਾਂ ਬਾਹਰ ਨਿਗਰਾਨੀ ਕਰਨ ਵਾਲੇ ਸਿਪਾਹੀ ਨੂੰ ਤਾਂ ਕੋਈ ਸਵਾਲ ਪੁਛਣ ਦਾ ਹੱਕ ਭੀ ਨਹੀਂ ਹੈ। ਤੇ ਖੁਲ੍ਹੇ ਕੈਦੀ ਨੂੰ ਭੱਜਣ ਦੀ ਕੋਈ ਸਜ਼ਾ ਭੀ ਨਹੀਂ ਹੈ।"

— —

ਇਸ ਸਮੇਂ ਸ. ਸੇਵਾ ਸਿੰਘ ਠੀਕਰੀਵਾਲਾ ਪਟਿਆਲਾ ਰਿਆਸਤ ਦੀ ਜੇਲ੍ਹ ਵਿਚ ਸ਼ਹੀਦ ਹੋ ਗਏ। ਮਾਸਟਰ ਜੀ ਵੀ ਆਗਿਆਤਵਾਸ ਤੋਂ ਬਾਹਰ ਆ ਗਏ। ਉਹਨਾਂ ਦੇ ਸਨਮਾਨ ਵਿਚ ਸਰਦਾਰ ਹਰਨਾਮ ਸਿੰਘ ਐਡਵੋਕੇਟ ਲਾਹੌਰ ਨੇ ਆਪਣੇ ਮਕਾਨ ਤੇ ੩੦ ਜਨਵਰੀ ੧੯੩੫ ਨੂੰ ਇਕ ਚਾਹ ਪਾਰਟੀ ਦਿਤੀ। ਉਸ ਵਿਚ ਡਾ: ਸੈਫੁਲਦੀਨ ਕਿਚਲੂ, ਸ. ਰਾਮ ਸਿੰਘ, ਸ. ਸਰਦੂਲ ਸਿੰਘ ਕਵੀਸ਼ਰ, ਮੰਗਲ ਸਿੰਘ ਐਡੀਟਰ ਪ੍ਰੋ: ਗੰਗਾ ਸਿੰਘ, ਸ. ਗੋਪਾਲ ਸਿੰਘ ਕੌਮੀ, ਸ: ਖੜਕ ਸਿੰਘ ਢਿਲੋਂ, ਸ: ਸੂਰਤ ਸਿੰਘ ਜੋਗੀ, ਗਿ: ਗੁਰਮੁਖ ਸਿੰਘ ਮੁਸਾਫਰ ਆਦਿ ਨੇ ਸਮੇਂ ਦੇ ਹਾਲਾਤ ਤੇ ਤਕਰੀਰਾਂ ਕੀਤੀਆਂ। ਪੁਸਤਕ 'ਮੇਰਾ ਸਫਰਨਾਮਾ' ਦੇ ਪੰਨਾ ੧੦੬ ਤੋਂ ਇਸ ਦਾ ਜ਼ਿਕਰ ਸ਼ੁਰੂ ਹੋ ਜਾਂਦਾ ਹੈ। ਇਸ ਵਿਚ ਇਕ ਚਿਠੀ ਦਾ ਹਵਾਲਾ ਹੈ ਜੋ ਮਾਸਟਰ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਲਿਖੀ ਸੀ। ਪੰਨਾ ੧੧੦ ਦੇ ਹੇਠਾਂ ਸ਼ੁਰੂ ਹੁੰਦਾ ਪਹਿਰਾ ਇਵੇਂ ਤੁਰਦਾ ਹੈ :

"ਫਿਰ ਮਾਸਟਰ ਤਾਰਾ ਸਿੰਘ ਜੀ ਨੇ ਕਿਹਾ ਮੈਂ ਸਰਦਾਰ ਸੇਵਾ ਸਿੰਘ ਜੀ ਦੀ ਸ਼ਹੀਦੀ ਸੁਣਕੇ ਛੇਤੀ ਨਾਲ ਮੁੜ ਆਇਆ ਹਾਂ। ਮੈਂ ਇਸ ਸਬੰਧੀ ਵਧੇਰੇ ਨਹੀਂ ਕਹਿ ਸਕਦਾ ਕਿਉਂਕਿ ਮੇਰਾ ਗਲਾ ਰੁਕ ਜਾਂਦਾ ਹੈ। ਹੁਣ ਤੇ ਜੋ ਅਗੋਂ ਕੰਮ ਕਰਨਾ ਹੈ ਉਸ ਵਲ ਧਿਆਨ ਦੇਣ ਦੀ ਲੋੜ ਹੈ। ਕੇਵਲ ਇਤਨਾ ਕਹਿਣਾ ਜ਼ਰੂਰੀ ਹੈ ਕਿ ਸਰਦਾਰ ਸੇਵਾ ਸਿੰਘ ਜੀ ਵਰਗੇ ਨੇਕ ਮਹਾਤਮਾ ਕੋਈ ਵਿਰਲੇ ਹੀ ਹੋਇਆ ਕਰਦੇ ਹਨ। ਜਦ ਮੈਂ ਇਥੋਂ ਚਲਾ ਗਿਆ ਤਾਂ ਜੰਗਲ ਵਿਚ ਭੀ ਪੰਥ ਦੀ ਹਾਲਤ ਉਤੇ ਵਿਚਾਰ ਕਰਦਾ ਰਿਹਾ ਹਾਂ। ਮੇਰੇ ਦਿਲੀ ਭਾਵਾਂ ਦਾ ਨਕਸ਼ਾ ਇਨ੍ਹਾਂ ਚਿੱਠੀਆਂ ਤੋਂ ਪ੍ਰਗਟ ਹੁੰਦਾ ਹੈ। ਜਿਨ੍ਹਾਂ ਵਿਚੋਂ ਇਕ ਮੈਂ ਬਾਬਾ ਪ੍ਰਤਾਪ ਸਿੰਘ ਜੀ ਨੂੰ ਪਿਛਲੇ ਅਕਤੂਬਰ ਦੀ ੨੪ ਤਰੀਕ ਨੂੰ ਹਜ਼ੂਰ ਸਾਹਿਬ ਤੋਂ ਲਿਖੀ ਸੀ। ਜਿਸ ਦੀ ਨਕਲ ਆਪ ਨੂੰ ਸੁਨਾਣੀ ਜ਼ਰੂਰੀ ਸਮਝਦਾ ਹਾਂ।

**ਸੱਚਖੰਡ ਹਜ਼ੂਰ ਸਾਹਿਬ ਨੰਦੇੜ ੨੪-੧੦-੩੪**

ਸ੍ਰੀਮਾਨ ਮਾਨਯੋਗ ਪੰਥ ਰਤਨ ਬਾਬਾ ਜੀ,

ਭੈਣੀ ਸਾਹਿਬ ਤੋਂ ਟੁਰਨ ਲਗਿਆਂ ਮੈਂ ਆਪ ਨੂੰ ਇਕ ਗੱਲ ਕਹੀ ਸੀ। ਇਹ ਗੱਲ ਮੈਂ ਭਾਈ ਇੰਦਰ ਸਿੰਘ ਜੀ ਚਕਰਵਰਤੀ ਨਾਲ ਭੀ ਕੀਤੀ ਸੀ। ਪਰ ਹੋਰ ਕਿਸੇ ਨੂੰ ਭੀ ਪਤਾ ਨਹੀਂ ਹੈ। ਮੈਂ ਇਸ ਗੱਲ ਉਤੇ ਵਿਚਾਰ ਕਰਕੇ ਆਪ ਵਲ ਖੋਲ੍ਹ ਕੇ ਇਸ ਲਈ ਲਿਖਣ ਲਗਾ ਹਾਂ ਕਿ ਜ਼ਬਾਨੀ ਗੱਲਬਾਤ ਕੁਝ ਭੁੱਲ ਜਾਂਦੀ ਹੈ ਤੇ ਕਿਧਰੇ ਟਪਲਾ ਨਾ ਲਗ ਜਾਵੇ। ਗੱਲ ਮੈਂ ਇਹ ਕਹੀ ਸੀ :

ਪੰਥ ਦੀ ਮੌਜੂਦਾ ਢਹਿੰਦੀ ਜਾ ਰਹੀ ਦਸ਼ਾ ਨੂੰ ਪਲਟਣ ਲਈ ਮੈਥੋਂ ਜੋ ਭੀ ਮੰਗ ਕੀਤੀ ਜਾਵੇ ਮੈਂ ਤਿਆਰ ਹਾਂ। ਜੇ ਪੰਥ ਯੋਗ ਸਮਝੇ ਤਾਂ ਮੈਂ ਸਭ ਦੀ (ਜਾਂ ਜਿਸ ਦੀ ਪੰਥ ਮੁਨਾਸਬ ਖਿਆਲ ਕਰੇ) ਪੈਰੀਂ ਪੈਣ ਨੂੰ ਤਿਆਰ ਹਾਂ।

ਮੈਂ ਪੰਥਕ ਕੰਮ ਛਡ ਕੇ ਲਾਂਭੇ ਹੋ ਬੈਠਾ ਹਾਂ। ਪਰ ਮੇਰਾ ਦਿਲ ਮੇਰੇ ਅੰਦਰ ਹੀ ਹੈ। ਉਹ ਨਾ ਕੱਢ ਕੇ ਕਿਧਰੇ ਰਖ ਸਕਦਾ ਹਾਂ ਤੇ ਨਾ ਕੱਢਣਾ ਚਾਹੁੰਦਾ ਹਾਂ। ਇਸ ਵੇਲੇ ਪੰਥ



Sri Satguru Jagjit Singh Ji eLibrary NamdhariElibrary@gmail.com

ਅਤੇ ਛੇਤੀ ਨਾਲ ਉਥੋਂ ਬਾਹਰ ਨਿਕਲ ਗਿਆ। ਬਾਹਰ ਕੀ ਵੇਖਦਾ ਹਾਂ ਕਿ ਚਿਟ ਕਪੜੇ ਸਿਪਾਹੀਆਂ ਦੀ ਹੇੜ੍ਹ ਇੰਟਰ ਕਲਾਸ ਦੇ ਦਰਵਾਜ਼ੇ ਵਲੋਂ ਭਜੀ ਆਉਂਦੀ ਹੈ। ਮੈਂ ਲਾਂਭੇ ਹੋ ਕੇ ਅਸਬਾਬ ਟਿਕਾਇਆ ਕਿ ਸ਼ਾਇਦ ਇਹ ਕਿਸੇ ਹੋਰ ਪਾਸੇ ਜਾ ਰਹੇ ਹੋਣ। ਉਹ ਤਾਂ ਮੇਰੇ ਕੋਲ ਆ ਖੜੇ ਹੋ ਗਏ। ਹੁਣ ਸ਼ੱਕ ਵਧ ਗਿਆ। ਮੈਂ ਸਿਧਾ ਖਾਲਸਾ ਕਾਲਜ ਨੂੰ ਟਾਂਗਾ ਲਿਆ ਤੇ ਉਸ ਵਿਚ ਆਪਣੀ ਕਿਤਾਬਾਂ ਦੀ ਗੁੱਥੀ ਰਖੀ। ਸਿਪਾਹੀ ਬਾਈਸਿਕਲ ਉਤੇ ਮੇਰੇ ਮਗਰ ਪਿਆ। ਮੈਂ ਭਰਾ ਨਰਿੰਜਨ ਸਿੰਘ ਦੇ ਘਰ ਗਿਆ ਤੇ ਸਿਪਾਹੀ ਬਾਹਿਰ ਖੜਾ ਹੋ ਗਿਆ। ਇਥੇ ਪੁਜ ਕੇ ਪਤਾ ਲਗਾ ਹੈ ਕਿ ਮੇਰੇ ਆਉਣ ਦੀ ਖਬਰ ਵਾਲੀ ਚਿੱਠੀ ਅਜ ਤਕ ਨਹੀਂ ਮਿਲੀ। ਮਲੂਮ ਹੁੰਦਾ ਹੈ ਕਿ ਉਹ ਪੁਲਸ ਨੇ ਖੋਲ੍ਹ ਲਈ ਹੈ ਤੇ ਉਸੇ ਖਬਰ ਦੇ ਆਧਾਰ ਉਤੇ ਮੈਨੂੰ ਉਡੀਕ ਰਹੇ ਸਨ। ਕੋਈ ਦੋ ਘੰਟੇ ਮਗਰੋਂ ਸਰਦਾਰ ਸੇਵਾ ਸਿੰਘ ਜੀ ਕਿਰਪਾਨ ਬਹਾਦਰ ਮੇਰੇ ਕੋਲ ਪੁਜ ਗਏ। ਉਨ੍ਹਾਂ ਕਿਹਾ ਕਿ ਪੁਲਸ ਦੇ ਇਕ ਸਿਪਾਹੀ ਨੇ ਮੈਨੂੰ ਦਸਿਆ ਹੈ ਕਿ ਮਾਸਟਰ ਤਾਰਾ ਸਿੰਘ ਖ਼ਾਲਸਾ ਕਾਲਜ ਵਿਚ ਪੁਜ ਗਿਆ ਹੈ। ਕਚਹਿਰੀ ਤੇ ਥਾਣੇ ਜਾ ਕੇ ਮੈਨੂੰ ਕੰਮ ਕਰਨਾ ਪਿਆ। ਜਦ ਮੁੜ ਕੇ ਮੈਂ ਆਇਆ ਤਾਂ ਮੇਰੇ ਕੋਲ ਨਾਮਧਾਰੀ ਸਜਣ ਪੁਜ ਗਏ। ਉਨ੍ਹਾਂ ਤੋਂ ਪਤਾ ਲਗਾ ਕਿ ਪੁਲਸ ਨੇ ਸ਼ਹਿਰ ਵਿਚ ਖਬਰ ਖਿਲਾਰ ਦਿਤੀ ਹੈ। ਉਨ੍ਹਾਂ ਮੈਨੂੰ ਭੈਣੀ ਸਾਹਿਬ ਪੁਜਣ ਲਈ ਜ਼ੋਰ ਦਿਤਾ। ਮੈਂ ਬਥੇਰੀ ਨਾਂਹ ਨੁਕਰ ਕੀਤੀ। ਪਰ ਉਨ੍ਹਾਂ ਕਿਹਾ ਕਿ ਇਹ ਏਕਤਾ ਕਾਨਫਰੰਸ ਹੈ ਤੇ ਕਿ ਕਿਧਰੇ ਅਕਾਲੀਆਂ ਦੀ ਏਕਤਾ ਦਾ ਸਵਾਲ ਉਠਣ ਉਤੇ ਕੇਵਲ ਮੇਰੀ ਗੈਰ-ਹਾਜ਼ਰੀ ਦੇ ਕਾਰਣ ਹੀ ਬਣਿਆ ਕੰਮ ਨਾ ਰਹਿ ਜਾਏ। ਇਸ ਦਲੀਲ ਉਤੇ ਮੈਂ ਇਹ ਮੰਨ ਗਿਆ ਹਾਂ ਕਿ ਦੀਵਾਨ ਵਿਚ ਦਰਸ਼ਕ ਦੀ ਹੈਸੀਅਤ ਵਿਚ ਪੁਜਾਂਗਾ, ਪਰ ਕਿਸੇ ਤਰ੍ਹਾਂ ਕਿਸੇ ਕੰਮ ਵਿਚ ਹਿੱਸਾ ਨਹੀਂ ਲਵਾਂਗਾ। ਨਾਮਧਾਰੀ ਸਜਣ ਮੇਰੀ ਇਹ ਸ਼ਰਤ ਮੰਨ ਗਏ ਹਨ। ਇਸ ਕਰਕੇ ਮੈਂ ੧੨ ਜਾਂ ੧੩ ਅਕਤੂਬਰ ਨੂੰ ਭੈਣੀ ਸਾਹਿਬ ਪੁਜਾਂਗਾ।

ਨਾਮਧਾਰੀ ਸਜਨਾਂ ਦੇ ਉਥੇ ਹੁੰਦਿਆਂ ਮੈਨੂੰ ਸ. ਦਲੀਪ ਸਿੰਘ ਜੀ ਦੁਆਬੀਆ ਆ ਮਿਲੇ। ਫਿਰ ਡਾਕਟਰ ਸੰਤ ਰਾਮ ਜੀ ਸੇਠ ਆ ਗਏ। ਰਾਤ ਨੂੰ ਸ: ਈਸ਼ਰ ਸਿੰਘ ਜੀ ਮਝੈਲ ਆ ਗਏ ਅਤੇ ਫਿਰ ਬਚਨ ਸਿੰਘ ਜੀ ਆ ਗਏ। ਉਹ ਚਲੇ ਗਏ ਤੇ ਫਿਰ ਕੋਈ ਦਸ ਵਜੇ ਰਾਤ ਗੁਰਮੁਖ ਸਿੰਘ ਜੀ ਮਿਲ ਗਏ। ਇਹਨਾਂ ਤੋਂ ਬਿਨਾ ਮਾਸਟਰ ਈਸ਼ਰ ਸਿੰਘ ਜੀ ਤਰਨ ਤਾਰਨ ਮੈਨੂੰ ਰਾਹ ਵਿਚ ਮਿਲ ਪਏ ਹਨ। ਉਹਨਾਂ ਦਾ ਭਾਣਜਾ ਜਗਜੀਤ ਸਿੰਘ ਮੈਨੂੰ ਇਥੇ ਮਿਲਿਆ ਹੈ। ਬਸ ਹੋਰ ਕੋਈ ਮੈਨੂੰ ਇਥੇ ਨਹੀਂ ਮਿਲਿਆ ਹੈ, ਸਿਵਾਏ ਆਪਣੇ ਘਰ ਦੇ ਆਦਮੀਆਂ ਜਾਂ ਉਥੇ ਖਾਲਸਾ ਕਾਲਜ ਵਿਚ ਰਹਿਣ ਵਾਲੇ ਇਕ ਦੋ ਸਜਨਾਂ ਦੇ ਤੇ ਮੈਂ ਸਵੇਰੇ ਮੂੰਹ ਹਨੇਰੇ ਇਥੋਂ ਛਿਹਰਟੇ ਸਾਹਿਬ ਚਲੇ ਜਾਵਾਂਗਾ। ਉਥੇ ਸਵੇਰੇ ਛੇ ਵਜੇ ਦੀ ਗੱਡੀ ਫੜ ਲਵਾਂਗਾ। ਆਸ ਹੈ ਕਿ ਪੁਲਸ ਮੇਰਾ ਪਿਛਾ ਨਹੀਂ ਕਰ ਸਕੇਗੀ।

——

ਇਸ ਤੋਂ ਬਾਅਦ ਮਾਸਟਰ ਜੀ ਮੁੜ ਅਗਿਆਤਵਾਸ ਚਲੇ ਗਏ ਜਿਸ ਦਾ ਹਾਲ ਪੁਸਤਕ ਵਿਚ ਹੈ। ਕਾਨਫਰੰਸ ਵਾਸਤੇ ਚਲਣ ਤੋਂ ਪਹਿਲਾਂ ਅਤੇ ਬਾਦ ਦਾ ਅੰਦਰਾਜ ਪੁਸਤਕ ਦੇ ਪੰਨੇ ੬੩-੬੪-੬੫ ਵਿਚ ਹੈ :

**ਬਿਹਾਰੀਗੜ੍ਹ ੧੧-੧੦-੩੪**

.........ਮੈਂ ਕਲ੍ਹ ਇਥੋਂ ਟੁਰ ਪਵਾਂਗਾ ਤੇ ਰਾਤ ਸਹਾਰਨਪੁਰ ਜਾ ਰਹਾਂਗਾ। ਪਰਸੋਂ ਸਵੇਰੇ ਆਪਣੇ ਕੀਤੇ ਇਕਰਾਰ ਮੁਤਾਬਕ ਭੈਣੀ ਸਾਹਿਬ ਜਾਵਾਂਗਾ।"

**"ਸਹਾਰਨਪੁਰ ੧੭-੧੦-੩੪**

......ਮੈਂ ਭੈਣੀ ਸਾਹਿਬ ਤੋਂ ਮੁੜ ਕੇ ਕਲ੍ਹ ਇਥੇ ਪੁਜ ਗਿਆ ਹਾਂ ਤੇ ਅਜ ਹਜ਼ੂਰ ਸਾਹਿਬ ਜਾ ਰਿਹਾ ਹਾਂ। ਭੈਣੀ ਸਾਹਿਬ ਬੜਾ ਭਾਰੀ ਇਕੱਠ ਸੀ ਤੇ ਉਸ ਇਕੱਠ ਵਿਚ ਸਿੱਖੀ ਸੇਵਾ ਤੇ ਗੁਰਬਾਣੀ ਦਾ ਪਰਵਾਹ ਚਲ ਰਿਹਾ ਸੀ। ਬਸ ਇਕ ਗੱਲ ਮੈਨੂੰ ਬੁਰੀ ਲਗੀ ਸੀ, ਉਹ ਇਹ ਕਿ ਕੂਕੇ ਬਬੇਕੀਆਂ ਦਾ ਲੰਗਰ ਅੱਡਰਾ, ਨਿਹੰਗ ਬਬੇਕੀਆਂ ਦਾ ਲੰਗਰ ਅੱਡਰਾ, ਭਸੌੜੀ ਬਬੇਕੀਆਂ ਦਾ ਲੰਗਰ ਅੱਡਰਾ ਤੇ ਆਮ ਸਿੱਖ ਸੰਗਤ ਦਾ ਅੱਡਰਾ। ਮੈਂ ਇਸ ਉਤੇ ਬਹਿਸ ਨਹੀਂ ਕਰਨਾ ਚਾਹੁੰਦਾ, ਪਰ ਜਿਥੇ ਇਸ ਤਰ੍ਹਾਂ ਅੱਡੋ-ਅੱਡਰੇ ਲੰਗਰ ਹੋਣ ਕੀ ਉਥੇ ਲੰਗਰ ਦਾ ਅਸਲ ਮੰਤਵ ਉਡ ਨਹੀਂ ਜਾਂਦਾ? ਜੋ ਗੁਰ ਮਤੇ ਪਾਸ ਹੋਏ ਹਨ ਤੇ ਜੋ ਕਾਰਵਾਈ ਉਥੇ ਹੋਈ ਹੈ ਉਹ ਤੁਸੀਂ ਅਖਬਾਰਾਂ ਵਿਚ ਪੜ੍ਹ ਚੁਕੇ ਹੋਵੋਗੇ। ਇਸ ਦੀਵਾਨ ਉਤੇ ਆ ਕੇ ਮੇਰੇ ਦਿਲ ਵਿਚ ਬਾਬਾ ਪਰਤਾਪ ਸਿੰਘ ਜੀ ਦੀ ਲਿਆਕਤ ਦਾ ਸਿੱਕਾ ਬਹੁਤ ਬੈਠਾ ਹੈ। ਹਰ ਵੇਲੇ ਹਰ ਗੱਲ ਵਿਚ ਉਹਨਾਂ ਨੂੰ ਠੀਕ ਜਵਾਬ ਸੁੱਝਦਾ ਸੀ। ਧਾਰਮਕ ਜੀਵਨ ਕਿਸੇ ਦਾ ਛੇਤੀ ਪੜਤਾਲਣਾ ਨਾ ਸੌਖਾ ਹੁੰਦਾ ਹੈ ਤੇ ਨਾ ਹੀ ਚੰਗਾ ਹੁੰਦਾ ਹੈ, ਪਰ ਉਹਨਾਂ ਦੀ



Sri Satguru Jagjit Singh Ji eLibrary NamdhariElibrary@gmail.com

ਲਿਆਕਤ ਵੇਖਕੇ ਮੈਂ ਇਹ ਕਹਿ ਸਕਦਾ ਹਾਂ ਕਿ ਜੇ (ਕੂਕਿਆਂ ਵਿਚ) ਗੁਰਿਆਈ ਦੀ ਗੱਦੀ ਉਹਨਾਂ ਨੂੰ ਨਾ ਭੀ ਮਿਲੀ ਹੁੰਦੀ ਤੇ ਕੂਕੇ ਆਪ ਆਪਣਾ ਗੁਰੂ ਚੁਣਦੇ ਤਾਂ ਨਿਸਚਾ ਹੈ ਕਿ ਉਹ ਸਰਬ ਸੰਮਤੀ ਨਾਲ ਬਾਬਾ ਪਰਤਾਪ ਸਿੰਘ ਜੀ ਨੂੰ ਹੀ ਗੁਰੂ ਚੁਣਦੇ। ਉਹਨਾਂ ਵਿਚ ਆਗੂ ਦੇ ਬਹੁਤ ਸਾਰੇ ਗੁਣ ਮੌਜੂਦ ਹਨ।

ਮੈਂ ਭੈਣੀ ਸਾਹਿਬ ਦੀਵਾਨ ਵਿਚ ਕੇਵਲ ਦਰਸ਼ਕ ਦੇ ਤੌਰ ਤੇ ਹੀ ਮੌਜੂਦ ਸਾਂ। ਨਾ ਮੈਂ ਦੀਵਾਨ ਦੀ ਕਿਸੇ ਕਾਰਵਾਈ ਵਿਚ ਹਿਸਾ ਲਿਆ ਤੇ ਨਾ ਹੀ ਸਬਜੈਕਟ ਕਮੇਟੀ ਵਿਚ ਗਿਆ ਸਾਂ। ਭੈਣੀ ਸਾਹਿਬ ਤੋਂ ਮੈਂ ਸਿੱਧਾ ਲੁਧਿਆਣੇ ਪੁਜਾ ਤੇ ਰਾਤ ਸਰਦਾਰ ਗੁਰਦਿਤ ਸਿੰਘ ਦੇ ਮਕਾਨ ਉਤੇ ਰਿਹਾ। ਦੂਜੇ ਦਿਨ ਪੁਲਸ ਨੂੰ ਛੱਡ ਗੱਡੀ ਚੜ੍ਹ ਆਇਆ ਹਾਂ। ਲੁਧਿਆਣੇ ਆ ਕੇ ਮੈਂ ਸੁਣਿਆ ਹੈ ਕਿ ਜਿਸ ਸਿਪਾਹੀ ਨੂੰ ਮੈਂ ਛਡ ਆਇਆ ਸਾਂ ਉਹ ਮੁਅੱਤਲ ਹੋ ਗਿਆ ਹੈ। ਮੈਂ ਇਸਨੂੰ ਸਖਤ ਧੱਕਾ ਸਮਝਦਾ ਹਾਂ। ਕੋਈ ਇਕ ਆਦਮੀ ਇਕ ਆਦਮੀ ਦੀ ਰਾਖੀ ਨਹੀਂ ਕਰ ਸਕਦਾ ਤੇ ਮੇਰੇ ਵਰਗੇ ਦੀ ਰਾਖੀ ਤਾਂ ਦੋ ਭੀ ਨਹੀਂ ਕਰ ਸਕਦੇ। ਲੋਕੀ ਜੇਹਲਾਂ ਵਿਚੋਂ ਕੰਧਾਂ ਟੱਪ ਕੇ ਕਈ ਪਹਿਰਿਆਂ ਵਿਚੋਂ ਨਿਕਲ ਜਾਂਦੇ ਹਨ ਜਿਥੇ ਕਿ ਪਹਿਰੇਦਾਰਾਂ ਨੂੰ ਮਾਰਨ ਦਾ ਹੱਕ ਭੀ ਹੁੰਦਾ ਹੈ ਤੇ ਭੱਜਣ ਵਾਲੇ ਨੂੰ ਹਰ ਇਕ ਸਜ਼ਾ ਮਿਲ ਸਕਦੀ ਹੈ। ਇਸ ਤਰ੍ਹਾਂ ਬਾਹਰ ਨਿਗਰਾਨੀ ਕਰਨ ਵਾਲੇ ਸਿਪਾਹੀ ਨੂੰ ਤਾਂ ਕੋਈ ਸਵਾਲ ਪੁਛਣ ਦਾ ਹੱਕ ਭੀ ਨਹੀਂ ਹੈ। ਤੇ ਖੁਲ੍ਹੇ ਕੈਦੀ ਨੂੰ ਭੱਜਣ ਦੀ ਕੋਈ ਸਜ਼ਾ ਭੀ ਨਹੀਂ ਹੈ।"

——

ਇਸ ਸਮੇਂ ਸ. ਸੇਵਾ ਸਿੰਘ ਠੀਕਰੀਵਾਲਾ ਪਟਿਆਲਾ ਰਿਆਸਤ ਦੀ ਜੇਲ੍ਹ ਵਿਚ ਸ਼ਹੀਦ ਹੋ ਗਏ। ਮਾਸਟਰ ਜੀ ਵੀ ਆਗਿਆਤਵਾਸ ਤੋਂ ਬਾਹਰ ਆ ਗਏ। ਉਹਨਾਂ ਦੇ ਸਨਮਾਨ ਵਿਚ ਸਰਦਾਰ ਹਰਨਾਮ ਸਿੰਘ ਐਡਵੋਕੇਟ ਲਾਹੌਰ ਨੇ ਆਪਣੇ ਮਕਾਨ ਤੇ ੩੦ ਜਨਵਰੀ ੧੯੩੫ ਨੂੰ ਇਕ ਚਾਹ ਪਾਰਟੀ ਦਿਤੀ। ਉਸ ਵਿਚ ਡਾ: ਸੈਫੁਲਦੀਨ ਕਿਚਲੂ, ਸ. ਰਾਮ ਸਿੰਘ, ਸ. ਸਰਦੂਲ ਸਿੰਘ ਕਵੀਸ਼ਰ, ਮੰਗਲ ਸਿੰਘ ਐਡੀਟਰ ਪ੍ਰੋ: ਗੰਗਾ ਸਿੰਘ, ਸ. ਗੋਪਾਲ ਸਿੰਘ ਕੌਮੀ, ਸ: ਖੜਕ ਸਿੰਘ ਦਿਲੋਂ, ਸ: ਸੂਰਤ ਸਿੰਘ ਜੋਗੀ, ਗਿ: ਗੁਰਮੁਖ ਸਿੰਘ ਮੁਸਾਫਰ ਆਦਿ ਨੇ ਸਮੇਂ ਦੇ ਹਾਲਾਤ ਤੇ ਤਕਰੀਰਾਂ ਕੀਤੀਆਂ। ਪੁਸਤਕ 'ਮੇਰਾ ਸਫਰਨਾਮਾ' ਦੇ ਪੰਨਾ ੧੦੯ ਤੋਂ ਇਸ ਦਾ ਜ਼ਿਕਰ ਸ਼ੁਰੂ ਹੋ ਜਾਂਦਾ ਹੈ। ਇਸ ਵਿਚ ਇਕ ਚਿਠੀ ਦਾ ਹਵਾਲਾ ਹੈ ਜੋ ਮਾਸਟਰ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਲਿਖੀ ਸੀ। ਪੰਨਾ ੧੧੦ ਦੇ ਹੇਠਾਂ ਸ਼ੁਰੂ ਹੁੰਦਾ ਪਹਿਰਾ ਇਵੇਂ ਤੁਰਦਾ ਹੈ:

"ਫਿਰ ਮਾਸਟਰ ਤਾਰਾ ਸਿੰਘ ਜੀ ਨੇ ਕਿਹਾ ਮੈਂ ਸਰਦਾਰ ਸੇਵਾ ਸਿੰਘ ਜੀ ਦੀ ਸ਼ਹੀਦੀ ਸੁਣਕੇ ਛੇਤੀ ਨਾਲ ਮੁੜ ਆਇਆ ਹਾਂ। ਮੈਂ ਇਸ ਸਬੰਧੀ ਵਧੇਰੇ ਨਹੀਂ ਕਹਿ ਸਕਦਾ ਕਿਉਂਕਿ ਮੇਰਾ ਗਲਾ ਰੁਕ ਜਾਂਦਾ ਹੈ। ਹੁਣ ਤੇ ਜੋ ਅਗੋਂ ਕੰਮ ਕਰਨਾ ਹੈ ਉਸ ਵਲ ਧਿਆਨ ਦੇਣ ਦੀ ਲੋੜ ਹੈ। ਕੇਵਲ ਇਤਨਾ ਕਹਿਣਾ ਜ਼ਰੂਰੀ ਹੈ ਕਿ ਸਰਦਾਰ ਸੇਵਾ ਸਿੰਘ ਜੀ ਵਰਗੇ ਨੇਕ ਮਹਾਤਮਾ ਕੋਈ ਵਿਰਲੇ ਹੀ ਹੋਇਆ ਕਰਦੇ ਹਨ। ਜਦ ਮੈਂ ਇਥੋਂ ਚਲਾ ਗਿਆ ਤਾਂ ਜੰਗਲ ਵਿਚ ਭੀ ਪੰਥ ਦੀ ਹਾਲਤ ਉਤੇ ਵਿਚਾਰ ਕਰਦਾ ਰਿਹਾ ਹਾਂ। ਮੇਰੇ ਦਿਲੀ ਭਾਵਾਂ ਦਾ ਨਕਸ਼ਾ ਇਨ੍ਹਾਂ ਚਿੱਠੀਆਂ ਤੋਂ ਪ੍ਰਗਟ ਹੁੰਦਾ ਹੈ। ਜਿਨ੍ਹਾਂ ਵਿਚੋਂ ਇਕ ਮੈਂ ਬਾਬਾ ਪ੍ਰਤਾਪ ਸਿੰਘ ਜੀ ਨੂੰ ਪਿਛਲੇ ਅਕਤੂਬਰ ਦੀ ੨੪ ਤਰੀਕ ਨੂੰ ਹਜ਼ੂਰ ਸਾਹਿਬ ਤੋਂ ਲਿਖੀ ਸੀ। ਜਿਸ ਦੀ ਨਕਲ ਆਪ ਨੂੰ ਸੁਨਾਣੀ ਜ਼ਰੂਰੀ ਸਮਝਦਾ ਹਾਂ।

**ਸੱਚਖੰਡ ਹਜ਼ੂਰ ਸਾਹਿਬ ਨੰਦੇੜ ੨੪-੧੦-੩੪**

ਸ੍ਰੀਮਾਨ ਮਾਨਯੋਗ ਪੰਥ ਰਤਨ ਬਾਬਾ ਜੀ,

ਭੈਣੀ ਸਾਹਿਬ ਤੋਂ ਟੁਰਨ ਲਗਿਆਂ ਮੈਂ ਆਪ ਨੂੰ ਇਕ ਗੱਲ ਕਹੀ ਸੀ। ਇਹ ਗੱਲ ਮੈਂ ਭਾਈ ਇੰਦਰ ਸਿੰਘ ਜੀ ਚਕਰਵਰਤੀ ਨਾਲ ਭੀ ਕੀਤੀ ਸੀ। ਪਰ ਹੋਰ ਕਿਸੇ ਨੂੰ ਭੀ ਪਤਾ ਨਹੀਂ ਹੈ। ਮੈਂ ਇਸ ਗੱਲ ਉਤੇ ਵਿਚਾਰ ਕਰਕੇ ਆਪ ਵਲ ਖੋਲ੍ਹ ਕੇ ਇਸ ਲਈ ਲਿਖਣ ਲਗਾ ਹਾਂ ਕਿ ਜ਼ਬਾਨੀ ਗੱਲਬਾਤ ਕੁਝ ਭੁੱਲ ਜਾਂਦੀ ਹੈ ਤੇ ਕਿਧਰੇ ਟਪਲਾ ਨਾ ਲਗ ਜਾਏ। ਗੱਲ ਮੈਂ ਇਹ ਕਹੀ ਸੀ:

ਪੰਥ ਦੀ ਮੌਜੂਦਾ ਢਹਿੰਦੀ ਜਾ ਰਹੀ ਦਸ਼ਾ ਨੂੰ ਪਲਟਣ ਲਈ ਮੈਥੋਂ ਜੋ ਭੀ ਮੰਗ ਕੀਤੀ ਜਾਵੇ ਮੈਂ ਤਿਆਰ ਹਾਂ। ਜੇ ਪੰਥ ਯੋਗ ਸਮਝੇ ਤਾਂ ਮੈਂ ਸਭ ਦੀ (ਜਾਂ ਜਿਸ ਦੀ ਪੰਥ ਮੁਨਾਸਬ ਖਿਆਲ ਕਰੇ) ਪੈਰੀਂ ਪੈਣ ਨੂੰ ਤਿਆਰ ਹਾਂ।

ਮੈਂ ਪੰਥਕ ਕੰਮ ਛਡ ਕੇ ਲਾਂਭੇ ਹੋ ਬੈਠਾ ਹਾਂ। ਪਰ ਮੇਰਾ ਦਿਲ ਮੇਰੇ ਅੰਦਰ ਹੀ ਹੈ। ਉਹ ਨਾ ਕੱਢ ਕੇ ਕਿਧਰੇ ਰਖ ਸਕਦਾ ਹਾਂ ਤੇ ਨਾ ਕੱਢਣਾ ਚਾਹੁੰਦਾ ਹਾਂ। ਇਸ ਵੇਲੇ ਪੰਥ



Sri Satguru Jagjit Singh Ji eLibrary NamdhariElibrary@gmail.com

ਦੀ ਹਾਲਤ ਖਰਾਬ ਹੁੰਦੀ ਜਾ ਰਹੀ ਹੈ ਤੇ ਇਸਨੂੰ ਪਲਟਣ ਲਈ ਜਿਸ ਭੀ ਕੁਰਬਾਨੀ ਲਈ ਮੈਥੋਂ ਮੰਗ ਕੀਤੀ ਜਾਵੇ ਮੈਂ ਪਿਛੇ ਨਹੀਂ ਹਟਾਂਗਾ। ਬਸ ਕੇਵਲ ਇਕ ਗੱਲ ਮੈਂ ਨਹੀਂ ਕਰ ਸਕਦਾ, ਕਿਉਂਕਿ ਇਹ ਮੇਰੇ ਵੱਸ ਦੀ ਗੱਲ ਨਹੀਂ ਹੈ ਤੇ ਉਹ ਇਹ ਕਿ ਜਿਸ ਸੱਜਣ ਨੂੰ ਬੇਇਤਬਾਰਾ ਸਮਝਦਾ ਹੋਵਾਂ ਉਸ ਉਤੇ ਇਤਬਾਰ ਨਹੀਂ ਕਰ ਸਕਦਾ।

ਮੈਂ ਮੁੜ ਕਹਿੰਦਾ ਹਾਂ ਕਿ ਕੋਈ ਗਲਤ ਫ਼ਹਿਮੀ ਨਾ ਹੋਵੇ। ਮੈਂ ਹਰ ਇਕ ਸੱਜਣ ਦੀ ਪੈਰੀਂ ਢਹਿਣ ਨੂੰ ਤਿਆਰ ਹਾਂ, ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਮੈਂ ਹਰ ਇਕ ਨਾਲ ਅਜੇਹੀ ਤਰ੍ਹਾਂ ਰਚਮਿਚ ਜਾਣ ਨੂੰ ਤਿਆਰ ਹਾਂ ਜਿਸ ਤੋਂ ਇਹ ਪ੍ਰਗਟ ਹੋਵੇ ਕਿ ਮੈਂ ਉਸ ਉਤੇ ਪੂਰਾ ਇਤਬਾਰ ਕਰ ਲਿਆ ਹੈ। ਇਸ ਤਰ੍ਹਾਂ ਪਖੰਡ ਕਰਕੇ ਪੰਥ ਨੂੰ ਧੋਖਾ ਦੇਣਾ ਨਾਮੁਨਾਸਬ ਹੈ ਤੇ ਨਾ ਮੈਥੋਂ ਹੋ ਸਕਦਾ ਹੈ। ਹਾਂ ਕੇਵਲ ਪੰਥਕ ਦਸ਼ਾ ਨੂੰ ਪਲਟਣ ਲਈ ਤੇ ਆਪਣੇ ਅਹੰਕਾਰੀ ਮਨ ਵਿਚੋਂ ਅਹੰਕਾਰ ਕੱਢਣ ਲਈ ਮੈਂ ਹਰ ਇਕ ਸੱਜਣ ਦੀ ਪੈਰੀਂ ਪੈਣ ਨੂੰ ਤਿਆਰ ਹਾਂ ਤੇ ਜੇ ਕੋਈ ਕੁਰਬਾਨੀ ਦੀ ਮੰਗ ਕੀਤੀ ਜਾਵੇ ਤਾਂ ਉਹ ਭੀ ਕਰਨ ਨੂੰ ਤਿਆਰ ਹਾਂ।

ਇਸ ਦਾ ਭਾਵ ਇਹ ਨਾ ਸਮਝਣਾ ਕਿ ਜੇ ਇਸ ਤਰ੍ਹਾਂ ਪੰਥ ਵਿਚ ਸ਼ਾਂਤੀ ਵਰਤ ਜਾਏ ਤਾਂ ਮੈਂ ਮੁੜ ਕੰਮ ਵਿਚ ਲਗ ਜਾਵਾਂਗਾ। ਮੈਂ ਤਾਂ ਮੁੜ ਹੁਣ ਉਸੇ ਹਾਲਤ ਵਿਚ ਹੀ ਕੰਮ ਕਰ ਸਕਦਾ ਹਾਂ ਜਿਸ ਦਾ ਵਰਨਣ ਮੈਂ ਉਸ ਚਿੱਠੀ ਵਿਚ ਕੀਤਾ ਹੈ ਜੋ ਗੁਰਸੇਵਕ ਸਭਾ ਨੂੰ ਲਿਖੀ ਸੀ। ਇਹ ਅੱਖਰ ਮੈਂ ਇਸ ਕਰਕੇ ਲਿਖੇ ਹਨ ਕਿ ਜੇ ਕਦੀ ਆਪ ਮੇਰੀ ਗੱਲ ਨੂੰ ਪ੍ਰਗਟ ਕਰਨਾ ਮੁਨਾਸਬ ਸਮਝੋ ਤਾਂ ਕਿਸੇ ਸੱਜਣ ਦੇ ਦਿਲ ਵਿਚ ਇਹ ਸ਼ੱਕ ਨਾ ਪੈ ਜਾਵੇ ਕਿ ਮੈਂ ਇਹ ਸਭ ਕੁਝ ਆਪਣੇ ਮੁੜ ਕੰਮ ਵਿਚ ਲਗਨ ਲਈ ਕਰ ਰਿਹਾ ਹਾਂ। ਕਈ ਸੱਜਣ ਅਜਿਹੇ ਹਨ ਜੋ ਹਰ ਗੱਲ ਵਿਚ ਹੀ ਸ਼ੱਕ ਕਰ ਲੈਂਦੇ ਹਨ। ਇਸ ਕਰਕੇ ਮੈਂ ਤਾਂ ਇਹ ਕਹਿ ਰਿਹਾ ਹਾਂ ਕਿ ਜੇ ਪੰਥਕ ਦਸ਼ਾ ਨੂੰ ਪਲਟਣ ਲਈ ਮੇਰੀ ਜਾਨ ਭੀ ਲਗ ਜਾਵੇ ਜਾਂ ਮੈਨੂੰ ਸਦਾ ਲਈ ਮੂੰਹ ਕਾਲਾ ਕਰਕੇ ਰਖਣਾ ਪਵੇ ਤਾਂ ਮੈਂ ਇਹ ਵੀ ਕਰਨ ਨੂੰ ਤਿਆਰ ਹਾਂ। ਮੈਂ ਇਸ ਵੇਲੇ ਪੰਥ ਦੀ ਹਾਲਤ ਨੂੰ ਸਖਤ ਡਾਵਾਂ ਡੋਲ ਵੇਖ ਰਿਹਾ ਹਾਂ।

ਆਪ ਨੇ ਪੰਥਕ ਦਸ਼ਾ ਨੂੰ ਪਲਟਣ ਲਈ ਜੋ ਉੱਦਮ ਕੀਤਾ ਹੈ ਉਹ ਬਹੁਤ ਹੀ ਗੁਣਕਾਰ ਹੋਇਆ ਹੈ। ਆਮ ਲੋਕਾਂ ਵਿਚ ਇਹ ਖਿਆਲ ਖਿਲਰ ਗਿਆ ਹੈ ਕਿ ਅਕਾਲੀ, ਨਾਮਧਾਰੀ, ਉਦਾਸੀ ਤੇ ਨਿਰਮਲੇ ਸਭ ਇਕੱਠੇ ਹੋ ਗਏ ਹਨ, ਇਸ ਨਾਲ ਜੋ ਝਗੜੇ ਥਾਂ ਥਾਂ ਹੋਇਆ ਕਰਦੇ ਸਨ ਉਹ ਰੁਕ ਜਾਣਗੇ। ਪਰ ਇਸ ਏਕਤਾ ਨੂੰ ਪੱਕਿਆਂ ਕਰਨ ਲਈ ਤੇ ਕਈ ਸਾਲਾਂ ਦਾ ਵਿਰੋਧ ਧੋਣ ਲਈ ਅਜੇ ਬਹੁਤ ਕੰਮ ਦੀ ਲੋੜ ਹੈ। ਮੈਂ ਆਸ ਕਰਦਾ ਹਾਂ ਕਿ ਆਪ ਉੱਦਮ ਜਾਰੀ ਰਖੋਗੇ। ਆਪ ਨੇ ਠੀਕ ਵੇਲੇ ਆਪਣਾ ਫਰਜ਼ ਪਛਾਣ ਕੇ ਗੁਰੂ ਪੰਥ ਦੀ ਸੇਵਾ ਸੰਭਾਲੀ ਹੈ ਤੇ ਹੁਣ ਇਸ ਨੂੰ ਤੋੜ ਚੜ੍ਹਾਉਣ ਲਈ ਵੀ ਉੱਦਮ ਕਰੀ ਚਲੋ ਤੇ ਗੁਰੂ ਆਪ ਨੂੰ ਹਿੰਮਤ ਤੇ ਬਰਕਤ ਬਖਸ਼ੇਗਾ।

ਨੋਟ—ਮੈਂ ਇਥੇ ਗੁਪਤ ਰਹਿਣਾ ਚਾਹੁੰਦਾ ਸਾਂ ਇਸ ਕਰਕੇ ਆਪ ਨੂੰ ਪਹਿਲਾਂ ਇਹ ਚਿੱਠੀ ਨਹੀਂ ਲਿਖੀ ਸੀ, ਪਰ ਹੁਣ ਇਤਨੇ ਵਾਕਫ ਮਿਲ ਪਏ ਹਨ ਕਿ ਇਥੇ ਗੁਪਤ ਰਹਿਣਾ ਸੰਭਵ ਨਹੀਂ ਰਿਹਾ।"

——

ਉੱਤੇ ਲਿਖੀਆਂ ਗੱਲਾਂ ਤੋਂ ਇਹ ਨਿਸਚੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅੱਜ ਤੋਂ ੬੧ ਸਾਲ ਪਹਿਲਾਂ ਸ੍ਰੀ ਭੈਣੀ ਸਾਹਿਬ ਦੀ ਜੂਹ ਵਿਚ ਹੋਈ ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ ਦੀ ਕਿੱਡੀ ਵਿਆਪਕ ਮਹੱਤਤਾ ਸੀ। ਇਸ ਦਾ ਅਸਰ ਜ਼ੋਰਦਾਰ ਸੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਦੀ ਸ਼ਖ਼ਸੀਅਤ ਨੇ ਕੁਲ ਲੋਕਾਈ ਨੂੰ ਆਪਣੇ ਵੱਲ ਆਕਰਸ਼ਤ ਕੀਤਾ ਸੀ।

---

ਮਿੰਨੀ ਕਹਾਣੀ

## ਜਾਇਦਾਦ

**—ਲਖਵਿੰਦਰ ਸਿੰਘ ਬਾਜਵਾ**

ਮਾਂ ਆਪਣੀ ਕਾਲਜ ਵਿਚ ਪੜ੍ਹਦੀ ਜਵਾਨ ਧੀ ਨੂੰ ਕਹਿ ਰਹੀ ਸੀ—ਏਹ ਨਹੀਂ ਕਰਨਾ, ਓਹ ਨਹੀਂ ਕਰਨਾ, ਬੇਗ਼ਾਨੇ ਮੁੰਡਿਆਂ ਤੋਂ ਹਮੇਸ਼ਾ ਦੂਰ ਰਹਿਣਾ ਵਗੈਰਾ ਵਗੈਰਾ।

ਲੜਕੀ ਨੇ ਮਾਂ ਦੀ ਗੱਲ ਸੁਣਕੇ ਹੋਲੀ ਜਿਹਾ ਕਿਹਾ—ਮਾਂ ਸ਼ਹਿਰ ਦੇ ਅਮੀਰਾਂ ਦੀਆਂ ਕੁੜੀਆਂ ਜੋ ਮਰਜ਼ੀ ਕਰਨ, ਉਨ੍ਹਾਂ ਦੇ ਮਾਪੇ ਤਾਂ ਕੁਝ ਨਹੀਂ ਕਹਿੰਦੇ।

'ਦੇਖ ਬੇਟਾ' ਮਾਂ ਨੇ ਕਿਹਾ, ਅਮੀਰਾਂ ਦੇ ਐਬ ਪੈਸਿਆਂ ਥੱਲੇ ਢਕੇ ਜਾਂਦੇ ਹਨ। ਅਮੀਰਾਂ ਕੋਲ ਪੈਸੇ ਦੀ ਜਾਇਦਾਦ ਹੁੰਦੀ ਹੈ, ਪਰ ਗ਼ਰੀਬਾਂ ਕੋਲ ਸਿਰਫ ਇਜ਼ਤ ਦੀ।



Sri Satguru Jagjit Singh Ji eLibrary NamdhariElibrary@gmail.com

# ਟੈਗੋਰ, ਖ਼ੁਸ਼ਵੰਤ-ਬਾਣੀ ਅਤੇ ਮਾਈਕਲ ਜੈਕਸਨ

—ਅਮਰ ਭਾਰਤੀ

ਬੰਗਲਾ ਸਾਹਿਤ ਨਾਲ ਮੇਰਾ ਸਿੱਧਾ ਸੰਬੰਧ ਹੋਣ ਕਰਕੇ ਕਈ ਮਿੱਤਰਾਂ ਨੇ ਪੁਛਿਆ ਹੈ—"ਖ਼ੁਸ਼ਵੰਤ ਸਿੰਘ ਜੀ ਨੇ ਰਾਵਿੰਦਰ ਨਾਥ ਟੈਗੋਰ ਬਾਰੇ ਜੋ ਟਿੱਪਣੀ ਕੀਤੀ ਹੈ, ਤੁਸੀਂ ਉਸਨੂੰ ਕਿਵੇਂ ਲੈਂਦੇ ਓ ?"

ਮੈਨੂੰ ਲਗਦਾ ਹੈ ਕਿ ਰਾਵਿੰਦਰ ਨਾਥ ਟੈਗੋਰ ਬਾਰੇ ਕੋਈ ਵੀ ਵਿਅਕਤੀ ਸਹਿਜੇ ਹੀ ਕੁਝ ਨਹੀਂ ਆਖ ਸਕਦਾ। ਮੈਂ ਵੀ ਨਹੀਂ। ਹਾਲਾਂਕਿ ਮੈਂ ਰਵਿੰਦਰ ਨਾਥ ਟੈਗੋਰ ਨੂੰ ਖ਼ੁਸ਼ਵੰਤ ਸਿੰਘ ਜੀ ਨਾਲੋਂ ਤਾਂ ਸ਼ਾਇਦ ਜ਼ਿਆਦਾ ਹੀ ਪੜ੍ਹਿਆ ਸੁਣਿਆ ਹੋਵੇਗਾ। ਏਸੇ ਤਰ੍ਹਾਂ ਮੈਂ ਖ਼ੁਸ਼ਵੰਤ ਸਿੰਘ ਜੀ ਬਾਰੇ ਵੀ ਸਹਿਜੇ ਹੀ ਕੁਝ ਨਹੀਂ ਆਖ ਸਕਦਾ ; ਕਿਉਂਕਿ ਮੈਂ ਅੰਗਰੇਜ਼ੀ ਨਹੀਂ ਜਾਣਦਾ, ਜਦੋਂਕਿ ਮੈਂ ਖ਼ੁਸ਼ਵੰਤ ਸਿੰਘ ਜੀ ਦਾ ਲਿਖਿਆ ਜਾਂ ਉਨ੍ਹਾਂ ਬਾਰੇ ਲਿਖਿਆ ਜੋ ਪੜ੍ਹਿਆ-ਸੁਣਿਆ ਹੈ, ਉਹ ਭਾਰਤੀ ਭਾਸ਼ਾਵਾਂ ਵਿਚ ਲਿਖਿਆ ਜਾਂ ਅਨੁਵਾਦਿਤ ਹੀ ਪੜ੍ਹਿਆ ਹੈ। ਉਹ ਵੀ ਬਹੁਤ ਥੋੜ੍ਹਾ, ਕਿਉਂਕਿ ਮੇਰੇ ਮਨ ਨੂੰ ਉਸ ਨੇ ਆਪਣੇ ਵੱਲ ਖਿੱਚਿਆ ਨਹੀਂ।

ਕੁਝ ਪੱਛਮੀ ਸਾਹਿਤਕਾਰਾਂ ਨੂੰ ਮੈਂ ਟੈਗੋਰ ਦਾ ਸਾਹਿਤ ਪੜ੍ਹਨ ਤੋਂ ਬਹੁਤ ਪਹਿਲਾਂ ਅਨੁਵਾਦ ਰਾਹੀਂ ਪੜ੍ਹਿਆ ਸੀ। ਉਹਨਾਂ ਵਿਚੋਂ ਵਿਕਟਰ ਹਿਊਗੋ, ਡਿਕੰਸ, ਟਾਲਸਟਾਏ, ਗੋਰਕੀ, ਤੁਰਗਨੇਵ, ਚੈਖ਼ੋਵ, ਸ਼ੋਲੋਖੋਵ, ਥੋਰੋ, ਐਮਰਸਨ, ਹੈਮਿੰਗਵੇ, ਹਰਮਨ ਹੈੱਸ, ਰਸਲ, ਸਾਰਤਰ, ਵਾਲਟ ਵ੍ਹਿਟਮੈਨ, ਟੌਇਨਬੀ ਤੇ ਹੋਰ ਬਹੁਤ ਸਾਰੇ ਹਨ—ਜੋ ਇਹਨਾਂ ਸਭਨਾਂ ਦੀ ਸ਼੍ਰੇਣੀ ਵਿਚ ਹੀ ਆਉਂਦੇ ਨੇ। ਇਹਨਾਂ ਸਭਨਾਂ ਨੇ ਹੀ ਮੇਰੀ ਸੋਚ ਤੇ ਮੇਰੇ ਚਿੰਤਨ ਦੀ ਨੀਂਹ ਰੱਖੀ ਸੀ ਤੇ ਇਹ ਗੱਲ ਆਖਣ ਵਿਚ ਮੈਨੂੰ ਕੋਈ ਸੰਕੋਚ ਨਹੀਂ ਕਿ ਇਹ ਸਭ ਟੈਗੋਰ ਦੀ ਜਮਾਤ ਦੇ ਹੀ ਸਾਹਿਤਕਾਰ ਨੇ, ਖ਼ੁਸ਼ਵੰਤ ਸਿੰਘ ਜੀ ਦੀ ਜਮਾਤ ਦੇ ਨਹੀਂ।

ਖ਼ੁਸ਼ਵੰਤ ਸਿੰਘ ਜੀ ਬਾਰੇ ਜੋ ਮੈਂ ਜਾਣਿਆਂ-ਸੁਣਿਆ ਹੈ, ਉਸ ਮੁਤਾਬਿਕ ਉਨ੍ਹਾਂ ਦਾ ਆਪਣੇ ਬਾਰੇ ਕਥਨ ਇਹ ਹੈ ਕਿ ਉਹ ਅੰਗਰੇਜ਼ੀ ਵਿਚ ਪੜ੍ਹਦੇ ਹਨ, ਅੰਗਰੇਜ਼ੀ ਵਿਚ ਸੋਚਦੇ ਹਨ ਅਤੇ ਅੰਗਰੇਜ਼ੀ ਵਿਚ ਹੀ ਲਿਖਦੇ ਹਨ। ਪਰ ਮੈਨੂੰ ਨਹੀਂ ਲੱਗਾ ਕਿ ਉਹ ਮੇਰੇ ਵਲੋਂ ਪੜ੍ਹੇ ਗਏ ਪੱਛਮੀ ਲੇਖਕਾਂ ਵਿਚੋਂ ਕਿਸੇ ਇਕ ਦੇ ਵੀ ਪੱਧਰ ਦਾ ਲਿਖਦੇ ਹਨ ਜਾਂ ਇਹਨਾਂ ਦੀ ਚਿੰਤਨ ਧਾਰਾ ਤੇ ਦ੍ਰਿਸ਼ਟੀ ਉਹਨਾਂ ਦੀ ਮਨੁੱਖਾ ਸਮਾਜ ਪ੍ਰਤੀ ਦ੍ਰਿਸ਼ਟੀ ਨਾਲ ਮੇਲ ਖਾਂਦੀ ਹੋਵੇ। ਮੈਨੂੰ ਲਗਦਾ ਹੈ ਕਿ ਖ਼ੁਸ਼ਵੰਤ ਸਿੰਘ ਜੀ ਉਹਨਾਂ ਵਿਚੋਂ ਕਿਸੇ ਨੂੰ ਪਸੰਦ ਵੀ ਨਹੀਂ ਕਰਦੇ ਹੋਣਗੇ। ਜੇ ਖ਼ੁਸ਼ਵੰਤ ਸਿੰਘ ਜੀ ਨੇ ਉਹਨਾਂ ਵਿਚੋਂ ਕਿਸੇ ਨੂੰ ਪਸੰਦ ਕੀਤਾ ਹੁੰਦਾ ਤਾਂ ਖ਼ੁਸ਼ਵੰਤ ਸਿੰਘ ਜੀ ਦੀ ਲੇਖਕ ਸ਼ਖਸੀਅਤ ਤੋਂ ਮੈਂ ਜ਼ਰੂਰ ਪ੍ਰਭਾਵਤ ਹੋਇਆ ਹੁੰਦਾ। ਜੇ ਇੰਜ ਹੁੰਦਾ ਤਾਂ ਮੈਂ ਸ਼ਾਇਦ ਇਹਨਾਂ ਨੂੰ ਵਧੇਰੇ ਪੜ੍ਹਿਆ ਹੁੰਦਾ।

ਮੇਰੀ ਮੁਸ਼ਕਿਲ ਇਹ ਹੈ ਕਿ ਮੈਂ ਖ਼ੁਸ਼ਵੰਤ ਸਿੰਘ ਜੀ ਦੀ ਜਮਾਤ ਦੇ ਕਿਸੇ ਪੱਛਮੀ ਸਾਹਿਤਕਾਰ ਨੂੰ ਪੜ੍ਹਿਆ ਨਹੀਂ, ਇਸ ਲਈ ਇਹਨਾਂ ਦੀ ਤੁਲਨਾ ਕਿਸੇ ਨਾਲ ਵੀ ਕਰਨੀ ਔਖੀ ਹੈ। ਹਾਂ, ਇਹਨਾਂ ਦੀ ਰੁਚੀ, ਸ਼ਖਸੀਅਤ ਕਲਾ ਤੇ ਦ੍ਰਿਸ਼ਟੀ ਦੀ ਤੁਲਨਾ ਇਕ ਐਸੇ ਵਿਅਕਤੀ ਨਾਲ ਕਰ ਸਕਦਾ ਹਾਂ—ਜੋ ਵਿਅਕਤੀ ਸਾਹਿਤ ਦੇ ਖੇਤਰ ਦਾ ਤਾਂ ਨਹੀਂ ਪਰ ਮਨੁਖਾ ਸਮਾਜ ਦੀ ਰੁਚੀ, ਸਵਾਦ ਅਤੇ ਦ੍ਰਿਸ਼ਟੀ ਨੂੰ ਪ੍ਰਭਾਵਤ ਉਹ ਖ਼ੁਸ਼ਵੰਤ ਸਿੰਘ ਜੀ ਵਾਂਗ ਹੀ ਕਰ ਰਿਹਾ ਹੈ—ਬੇਸ਼ਕ ਦੂਸਰੇ ਕੋਨ ਤੋਂ। ਅਤੇ ਉਹ ਵਿਅਕਤੀ ਹੈ ਮਾਈਕਲ ਜੈਕਸਨ। ਮਾਈਕਲ ਜੈਕਸਨ ਨੂੰ ਹਿੰਦੋਸਤਾਨ ਵਿਚ ਅਤੇ ਹਿੰਦੋਸਤਾਨ ਤੋਂ ਬਾਹਰ ਦੀ ਦੁਨੀਆਂ ਵਿਚ ਏਨੇ ਜ਼ਿਆਦਾ ਲੋਕ ਜਾਣਦੇ ਅਤੇ ਪਸੰਦ ਕਰਦੇ ਹਨ ਕਿ ਖ਼ੁਸ਼ਵੰਤ ਸਿੰਘ ਜੀ ਨੂੰ ਜਾਣਨ ਵਾਲਿਆਂ ਅਤੇ ਪਸੰਦ ਕਰਨ ਵਾਲਿਆਂ ਦੀ ਗਿਣਤੀ ਉਹਨਾਂ ਦੇ ਮੁਕਾਬਲੇ ਵਿਚ ਕੁਝ ਵੀ ਨਹੀਂ। ਮਾਈਕਲ ਜੈਕਸਨ ਦੀ ਪ੍ਰਸਿਧੀ ਸੁਣ ਕੇ ਉਸ ਵੱਲ ਮੇਰਾ ਵੀ ਧਿਆਨ ਚਲਾ ਗਿਆ ਸੀ ਤੇ ਦੋ ਤਿੰਨ ਵਾਰੀ ਉਸ ਦੇ ਦਰਸ਼ਨ ਭਾਰਤ ਦੇ ਦੂਰ-ਦਰਸ਼ਨ ਉਪਰ ਕਰਨ ਦਾ ਮੌਕਾ ਵੀ ਬਣ ਗਿਆ ਸੀ।

ਭਾਰਤ ਵਿਚ ਅਜ ਕਲ੍ਹ ਲੋਕ ਰੁਚੀ ਨੂੰ ਬਨਾਉਣ ਤੇ ਨਵੀਂ ਤਰ੍ਹਾਂ ਦਾ ਸਵਾਦ ਜਗਾਉਣ ਦਾ ਜੋ ਸਿਲਸਿਲਾ ਚਲ ਪਿਆ ਹੈ ਉਸ ਸਿਲਸਿਲੇ ਨੂੰ ਚਲਾਉਣ ਵਾਲੀਆਂ ਮਹਾਨ ਸ਼ਖਸੀਅਤਾਂ ਵਿਚੋਂ ਖ਼ੁਸ਼ਵੰਤ ਸਿੰਘ ਜੀ ਵੀ ਇਕ ਹਨ। ਜ਼ਾਹਰ ਹੈ ਕਿ ਇਹੋ ਜਿਹੀ ਮਹਾਨ ਸ਼ਖਸੀਅਤ—ਜਿਸ ਦੀ ਸੋਚ ਤੇ ਚਿੰਤਨ ਦਾ ਜਗਤ ਹੀ ਰਵਿੰਦਰ ਨਾਥ ਟੈਗੋਰ ਦੀ ਸੋਚ ਤੇ ਚਿੰਤਨ ਦੇ ਜਗਤ ਨਾਲੋਂ ਬਿਲਕੁਲ ਵੱਖਰਾ ਹੈ—ਕੋਲੋਂ ਇਹ ਆਸ ਕਰਨੀ ਕਿਸੇ ਵੀ ਤਰ੍ਹਾਂ ਮੁਨਾਸਿਬ ਨਹੀਂ ਕਿ ਉਹ ਰਾਵਿੰਦਰ ਨਾਥ ਟੈਗੋਰ ਨੂੰ ਉਸ ਸਤਿ ਦੇ ਅਰਥਾਂ ਵਿਚ ਵੇਖ ਤੇ ਸਮਝ ਸਕੇ, ਜਿਸ ਸਤਿ ਦੇ ਦ੍ਰਸ਼ਟਾ ਰਵਿੰਦਰ ਨਾਥ ਟੈਗੋਰ ਹਨ। ਰਵਿੰਦਰ ਨਾਥ ਟੈਗੋਰ ਦੀ ਚਰਚਾ ਕਰਨ



Sri Satguru Jagjit Singh Ji eLibrary NamdhariElibrary@gmail.com

ਲੱਗੀਏ ਤਾਂ ਉਹ ਉਸ ਦੇਵਤਾਤਮਾ ਹਿਮਾਲਯ ਦੀ ਚਰਚਾ ਕਰਨ ਬਰਾਬਰ ਹੋਵੇਗੀ, ਜਿਸ ਹਿਮਾਲਯ ਤਕ ਥੋੜ੍ਹੀ ਜਿਹੀ ਪਹੁੰਚ ਬਣਾਉਣ ਲਈ ਵੀ ਕਠਿਨ ਘਾਲਣਾ ਦੀ ਲੋੜ ਪੈਂਦੀ ਹੈ।

ਬੰਗਾਲ ਵਿਚ ਰਵਿੰਦਰ ਨਾਥ ਟੈਗੋਰ ਤੋਂ ਪਹਿਲਾਂ, ਟੈਗੋਰ ਦੇ ਸਮੇਂ ਅਤੇ ਟੈਗੋਰ ਤੋਂ ਬਾਅਦ ਵੀ ਅਨੇਕਾਂ ਰਚਨਾਕਾਰ ਆਏ ਨੇ। ਉਹਨਾਂ ਵਿਚੋਂ ਬਹੁਤ ਸਾਰੇ ਉੱਚ-ਕੋਟੀ ਦੇ ਰਚਨਾਕਾਰ ਵੀ ਹਨ, ਉਹਨਾਂ ਨੇ ਲੋਕ ਜੀਵਨ ਨੂੰ ਪ੍ਰਭਾਵਤ ਵੀ ਖ਼ੂਬ ਕੀਤਾ ਹੈ, ਪਰ ਬੰਗਾਲ ਨੇ ਅਤੇ ਭਾਰਤ ਨੇ ਪੂਜਨੀਕ ਸਥਾਨ ਉਪਰ ਜੇ ਰਖਿਆ ਹੈ ਤਾਂ ਉਹ ਰਵਿੰਦਰ ਨਾਥ ਟੈਗੋਰ ਹੀ ਹਨ। ਟੈਗੋਰ ਨੂੰ ਮਹਾਤਮਾ ਗਾਂਧੀ ਜੀ ਨੇ 'ਗੁਰੂ ਦੇਵ' ਆਖਿਆ ਤਾਂ ਸਾਰੇ ਹਿੰਦੁਸਤਾਨ ਨੇ ਟੈਗੋਰ ਨੂੰ 'ਗੁਰੂ ਦੇਵ' ਆਖ ਕੇ ਸੰਬੋਧਨ ਕਰਨਾ ਸ਼ੁਰੂ ਕਰ ਦਿਤਾ। ਪਰ ਸੱਚ ਤਾਂ ਇਹ ਹੈ ਕਿ ਟੈਗੋਰ ਉਹਨਾਂ ਅਰਥਾਂ ਵਿਚ ਧਾਰਮਕ ਵਿਅਕਤੀ ਨਹੀਂ ਹਨ —ਜਿਨ੍ਹਾਂ ਅਰਥਾਂ ਵਿਚ ਭਾਰਤ ਵਿਚ 'ਗੁਰੂ' ਧਾਰਮਕ ਹੁੰਦੇ ਹਨ। ਜੇ ਧਰਮ ਦੇ ਮੌਜੂਦਾ ਪਰਚੱਲਤ ਅਰਥਾਂ ਦੇ ਆਧਾਰ ਉਪਰ ਟੈਗੋਰ ਬਾਰੇ ਆਖਣਾ ਹੋਵੇ ਤਾਂ ਟੈਗੋਰ ਘੋਰ ਨਾਸਤਿਕ ਹਨ।

ਫਿਰ ਵੀ ਟੈਗੋਰ ਪੂਜਨੀਕ ਮੰਨੇ ਗਏ ਹਨ ਤਾਂ ਕੇਵਲ ਇਸ ਕਰਕੇ ਕਿ ਟੈਗੋਰ-ਟੈਗੋਰ ਹਨ—ਆਪਣੇ ਜਿਹੇ ਆਪ ਇਕੋ ਇਕ। ਅਧਿਆਤਮ ਸਾਹਿਤ ਸੰਗੀਤ ਤੇ ਕਲਾ ਦੇ ਹਿਮਾਲਯ। ਟੈਗੋਰ ਦੀ ਸ਼ਖ਼ਸੀਅਤ ਬਾਰੇ ਕਿਸੇ ਲਈ ਵੀ ਕੁਝ ਆਖਣਾ ਉਸੇ ਤਰ੍ਹਾਂ ਸੌਖਾ ਨਹੀਂ ਜਿਵੇਂ ਟਾਲਸਟਾਏ ਦੀ ਸ਼ਖ਼ਸੀਅਤ ਬਾਰੇ ਸਹਿਜੇ ਹੀ ਕੁਝ ਆਖਣਾ।

ਟੈਗੋਰ ਦੀ ਤੁਲਨਾ ਟਾਲਸਟਾਏ ਨਾਲ ਕਰਦਾ ਏਥੇ ਮੇਰਾ ਕੋਈ ਇਰਾਦਾ ਨਹੀਂ। ਟਾਲਸਟਾਏ ਦਾ ਜ਼ਿਕਰ ਏਥੇ ਇਕ ਖਾਸ ਦ੍ਰਿਸ਼ਟੀਕੋਨ ਤੋਂ ਕਰਨ ਲਗਾ ਹਾਂ —ਜਿਸ ਦ੍ਰਿਸ਼ਟੀਕੋਨ ਦੀ ਗੱਲ ਰਾਵਿੰਦਰ ਨਾਥ ਟੈਗੋਰ ਨੇ ਟਾਲਸਟਾਏ ਬਾਰੇ ਗੱਲ ਕਰਦਿਆਂ ਕੀਤੀ ਹੈ। ਟੈਗੋਰ ਨੇ ਟਾਲਸਟਾਏ ਦੀ ਇਕ ਜੀਵਨੀ ਬਾਰੇ ਦਸਦਿਆਂ ਲਿਖਦੇ ਹਨ—"ਮੈਕਸਮ ਗੋਰਕੀ ਨੇ ਟਾਲਸਟਾਏ ਦਾ ਇਕ ਜੀਵਨ ਚਰਿਤ ਲਿਖਿਆ ਹੈ। ਵਰਤਮਾਨ ਕਾਲ ਦੇ ਪ੍ਰਖਰ ਬੁੱਧ ਪਾਠਕਾਂ ਨੇ ਵਾਹ ਵਾਹ ਕਰਦਿਆਂ ਆਖਿਆ ਹੈ, ਇਹ ਲਿਖਤ ਆਰਟਿਸਟ ਦੇ ਨਾਮ ਨਾਲ ਠੀਕ ਮੇਚ ਖਾਂਦੀ ਹੈ। ਅਰਥਾਤ, ਟਾਲਸਟਾਏ ਗੁਣ ਦੋਸ਼ ਦੇ ਹਿਸਾਬ ਜਿਹੋ ਜਿਹੇ ਹੈਨ, ਇਸ ਲਿਖਤ ਵਿਚ ਉਹਨਾਂ ਦੀ ਤਸਵੀਰ ਠੀਕ ਉਸੇ ਤਰ੍ਹਾਂ ਦੀ ਆਂਕੀ ਗਈ ਹੈ। ਇਸ ਵਿਚ ਦਇਆ-ਮਾਇਆ, ਭਗਤੀ-ਸ਼ਰਧਾ ਆਦਿ ਦਾ ਕੋਈ ਧੁੰਧਲਕਾ ਨਹੀਂ। ਪੜ੍ਹਿਆਂ ਲਗਦਾ ਹੈ ਕਿ ਟਾਲਸਟਾਏ ਸਰਬ ਸਧਾਰਨ ਨਾਲੋਂ ਕੁਝ ਖਾਸ ਵੱਖਰੇ ਨਹੀਂ ਹਨ, ਸਗੋਂ ਕਈਆਂ ਨਾਲੋਂ ਹੌਲੇ ਹੀ ਸਨ। ਇਹ ਗੱਲ ਤੇ ਆਖੀ ਨਹੀਂ ਜਾ ਸਕਦੀ ਕਿ ਟਾਲਸਟਾਏ ਵਿਚ ਮਾੜਾ ਕੁਝ ਵੀ ਨਹੀਂ ਸੀ। ਛੋਟੀਆਂ ਮੋਟੀਆਂ ਘੁੱਤਰਾਂ ਕਢ ਕੇ ਜੇ ਹਿਸਾਬ ਲਗਾਇਆ ਜਾਵੇ ਤਾਂ ਏਹੋ ਆਖਿਆ ਜਾਏਗਾ ਕਿ ਟਾਲਸਟਾਏ ਬਹੁਤ ਸਾਰੀਆਂ ਗੱਲਾਂ ਵਿਚ ਸਧਾਰਨ ਮਨੁੱਖਾਂ ਵਰਗੇ ਸਨ ਅਤੇ ਕਈ ਗੱਲਾਂ ਵਿਚ ਤਾਂ ਉਹਨਾਂ ਨਾਲੋਂ ਵੀ ਕਮਜ਼ੋਰ ਸਨ। ਇਹ ਗੱਲ ਮੰਨੀ ਜਾ ਸਕਦੀ ਹੈ। ਪਰ ਜਿਸ ਸੱਤਿ ਦੇ ਗੁਣ ਕਾਰਨ ਟਾਲਸਟਾਏ ਬਹੁਤ ਵਡੀ ਲੋਕਾਈ ਦੇ ਆਪਣੇ ਅਤੇ ਬਹੁ ਕਾਲ ਜੀਵੀ ਹਨ ਅਤੇ ਉਹਨਾਂ ਦੀ (ਗੋਰਕੀ ਵਲੋਂ ਆਂਕੀ ਗਈ) ਖਿਣ-ਜੀਵੀ ਤਸਵੀਰ ਟਾਲਸਟਾਏ ਦੇ ਉਸ ਸੱਤਿ ਨੂੰ ਸਾਥੋਂ ਛੁਪਾਉਂਦੀ ਹੈ ਤਾਂ ਉਸ ਆਰਟਿਸਟ ਦੀ ਸ਼ਾਨਦਾਰ ਹਾਸਲ ਕਰਕੇ ਸਾਨੂੰ ਕੀ ਮਿਲੇਗਾ?

"ਮੈਂ ਜਦੋਂ ਪਹਿਲੀ ਵਾਰ ਦਾਰਜਲਿੰਗ ਵੇਖਣ ਗਿਆ ਸਾਂ ਤਾਂ ਦਿਨ ਪਰ ਦਿਨ ਲਗਾਤਾਰ ਬੱਦਲ ਅਤੇ ਧੁੰਦ ਹੀ ਵੇਖਦਾ ਰਿਹਾ ਸਾਂ। ਪਰ ਜਾਣਦਾ ਸਾਂ ਕਿ ਇਹ ਵਕਤੀ ਹੈ। ਭਾਵੇਂ ਕਿ ਹਿਮਾਲਯ ਨੂੰ ਢੱਕ ਲੈਣ ਦੀ ਸ਼ਕਤੀ ਇਹਨਾਂ ਬੱਦਲਾਂ ਅਤੇ ਧੁੰਦ ਵਿਚ ਹੈ ਵੇ, ਤਾਂ ਵੀ ਇਹ ਕੇਵਲ ਕਾਲੀ ਭਾਫ ਹੀ ਹੈ। ਕੰਚਨ ਜੰਘਾ ਦੇ ਬਰਫ ਚਿੱਟੇ ਸਿਖਰ ਦੇ ਮਹੱਤਵ ਨੂੰ ਇਹ ਉਲੰਘ ਨਹੀਂ ਸਕਦੇ। ਹੋਰ ਜੋ ਵੀ ਹੋਵੇ, ਹਿਮਾਲਯ ਨੂੰ ਇਸ ਧੁੰਦ ਦਵਾਰਾ ਤ੍ਰਿਸਕ੍ਰਿਤ ਵੇਖ ਕੇ ਘਰ ਮੁੜ ਜਾਣਾ ਮੇਰੇ ਲਈ ਮੂੜ੍ਹਤਾ ਵਾਲੀ ਗੱਲ ਹੀ ਹੁੰਦੀ। ਮੈਂ ਇਹ ਗੱਲ ਨਹੀਂ ਮੰਨ ਸਕਦਾ ਕਿ ਛਿਣ ਭਰ ਦੀ ਮਾਇਆ ਦਵਾਰਾ ਸਦੀਵੀ ਸਵਰੂਪ ਨੂੰ ਢਕਿਆ ਹੋਇਆ ਵੇਖਣਾ ਹੀ ਆਰਟਿਸਟ ਦਾ ਵੇਖਣਾ ਹੈ। ਫਿਰ ਗੋਰਕੀ ਦਾ ਆਰਟਿਸਟ ਚਿੱਤ ਵੀ ਤਾਂ ਵਿਗਿਆਨਕ ਵਾਂਗ ਨਿਰਵਿਕਾਰ ਨਹੀਂ। ਗੋਰਕੀ ਦੇ ਚਿੱਤ ਉਪਰ ਟਾਲਸਟਾਏ ਦੀ ਜੋ ਛਾਇਆ ਪਈ ਹੈ, ਉਹ ਇਕ ਤਸਵੀਰ ਹੋ ਸਕਦੀ ਹੈ, ਪਰ ਇਹ ਕਿਵੇਂ ਆਖਿਆ ਜਾ ਸਕਦਾ ਹੈ ਕਿ ਵਿਗਿਆਨਕ ਦੇ ਹਿਸਾਬ ਵੀ ਸੱਤਿ ਇਹੋ ਹੋ ਸਕਦਾ ਹੈ? ਕੀ ਗੋਰਕੀ ਦਾ ਟਾਲਸਟਾਏ ਹੀ ਟਾਲਸਟਾਏ ਹੈ? ਲੰਮੇਰੇ ਕਾਲ ਅਤੇ ਵਡੀ ਲੋਕਾਈ ਦੇ ਚਿੱਤ ਨੂੰ ਗੋਰਕੀ ਜੇ ਆਪਣੇ ਚਿੱਤ ਵਿਚ ਸੰਜੋ ਸਕਦੇ ਤਦ ਹੀ ਉਨ੍ਹਾਂ ਦਵਾਰਾ ਲਮੇਰੇ ਕਾਲ ਅਤੇ ਵਡੀ ਲੋਕਾਈ ਦੇ ਟਾਲ-ਸਟਾਏ ਦੀ ਤਸਵੀਰ ਉਘਾੜਣੀ ਸੰਭਵ ਹੁੰਦੀ। ਉਸ ਵਿਚ ਬਹੁਤ ਸਾਰੀ ਭੁਲਾਣ ਵਾਲੀ ਸਮੱਗਰੀ ਨੂੰ ਭੁੱਲਿਆ ਜਾਂਦਾ, ਅਤੇ ਤਦ ਹੀ ਜੋ ਨਾ ਭੁੱਲਣ ਵਾਲਾ ਹੈ ਉਹ ਵਡੇਰਾ ਹੋ ਕੇ, ਸੰਪੂਰਨ ਹੋ ਕੇ ਦ੍ਰਿਸ਼ਟੀਗੋਚਰ ਹੁੰਦਾ।"

(ਰਾਵਿੰਦਰ ਨਾਥ ਟੈਗੋਰ, ੭ ਫਰਵਰੀ ੧੯੨੫)

ਅਤੇ ਠੀਕ ਏਹੋ ਗਲ ਮੈਂ ਰਾਵਿੰਦਰ ਨਾਥ ਟੈਗੋਰ ਨੂੰ ਸਮਝਣ ਬਾਰੇ ਆਖਣੀ ਚਾਹੁੰਦਾ ਹਾਂ।



Sri Satguru Jagjit Singh Ji eLibrary NamdhariElibrary@gmail.com

# ਗਿਆਨਧਾਰਾ ਦਾ ਸਿੰਧੂ ਪਰਵਾਹ

—ਕਿਰਪਾਲ ਸਿੰਘ ਕਸੇਲ

ਹੱਥਲਾ ਲੇਖ ਇਕ ਉਥਾਨਕਾ ਹੈ ਇਕ ਗ੍ਰੰਥ ਦੀ। ਨਾਮ ਹੈ "**ਲਾਲ ਏਹਿ ਰਤਨ" ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ**। ਪ੍ਰਿੰਸੀਪਲ ਬੇਅੰਤ ਕੌਰ ਦੁਆਰਾ ਸੰਪਾਦਿਤ ਇਹ ਗ੍ਰੰਥ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਵਲੋਂ ਸ. ਹਰਵਿੰਦਰ ਸਿੰਘ ਹੰਸਪਾਲ ਹੋਰਾਂ ਪ੍ਰਕਾਸ਼ਤ ਕੀਤਾ ਹੈ। ਇਸ ਦੀ ਉਥਾਨਕਾ ਲਿਖ ਕੇ ਜਿਥੇ ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਨੇ ਇਸ ਸੁੰਦਰ ਸਰੂਪ ਵਿਚ ਛਪੇ ਗਰੰਥ ਦਾ ਭਰਪੂਰ ਮੂਲਾਂਕਣ ਪੇਸ਼ ਕੀਤਾ ਹੈ ਉਥੇ ਨਾਲ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕੁਬੇਰੀ ਸ਼ਖਸੀਅਤ ਉਤੇ ਵੀ ਚਾਨਣਾ ਪਾਇਆ ਹੈ। ਉਪਰਲਾ ਸਿਰਲੇਖ ਆਪ ਦਿਤਾ ਹੈ। ਅਸੀਂ ਪਾਠਕਾਂ ਨੂੰ ਬੇਨਤੀ ਕਰਦੇ ਹਾਂ ਕਿ ਇਸ ਲੇਖ ਨੂੰ ਪੜ੍ਹਣ ਉਪ੍ਰੰਤ ਉਹ "**ਲਾਲ ਏਹਿ ਰਤਨ**" ਗ੍ਰੰਥ ਨੂੰ ਪੜ੍ਹਣ ਅਤੇ ਉਪਹਾਰ ਦੇ ਰੂਪ ਵਿਚ ਆਪਣੇ ਮਿਤਰਾਂ ਨੂੰ ਦੇਣ। —ਸੰਪਾਦਕ

ਪਰਮ ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਨਾਮਧਾਰੀ ਸਾਧ-ਸੰਗਤ ਦੇ ਉਥਾਨ ਅਤੇ ਸਮਸਤ ਸਿੱਖ ਸਮਾਜ ਦੇ ਕਲਿਆਣ ਹਿਤ ਜਿੱਥੇ ਕਈ ਵਿਸ਼ੇਸ਼ ਯਤਨ ਕੀਤੇ ਹਨ, ਉਥੇ ਉਨ੍ਹਾਂ ਨੇ ਨਾਮਧਾਰੀ ਇਤਿਹਾਸ ਤੇ ਗੁਰ ਮਰਿਆਦਾ ਦੀ ਪ੍ਰਪੱਕਤਾ ਤੇ ਸੁਰੱਖਿਆ ਲਈ ਕਈ ਯੋਜਨਾਵਾਂ ਨੇਪਰੇ ਚਾੜ੍ਹੀਆਂ ਹਨ, ਕਈ ਹਾਲੀ ਆਪਣੇ ਨਿਰਮਾਣ ਕਾਰਜ ਦੇ ਵਿਭਿੰਨ ਪੜਾਵਾਂ ਵਿਚ ਚਲ ਰਹੀਆਂ ਹਨ। ਇਨ੍ਹਾਂ ਦੀ ਹੀ ਲੜੀ ਵਿਚ ਇਸ ਵਰਤਮਾਨ ਵਿਸ਼ੇਸ਼ ਯੋਜਨਾ ਦਾ ਨੇਪਰੇ ਚੜ੍ਹਨਾ ਤੇ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਪਾਵਨ ਉਪਦੇਸ਼ਾਂ ਦਾ ਇਹ ਵਰਤਮਾਨ ਸੰਕਲਨ ਆਉਂਦਾ ਹੈ। ਇਸਦੇ ਪ੍ਰਕਾਸ਼ਨ ਨਾਲ ਗੁਰਮਤ ਦੇ ਮੁਖ ਸੰਕਲਪਾਂ, ਗੁਰ ਮਰਿਆਦਾ, ਇਤਿਹਾਸਕ ਵਿਕਾਸ ਅਤੇ ਨਾਮਧਾਰੀ ਸਮਾਜ ਨਾਲ ਸੰਬੰਧਤ ਵਿਸ਼ੇਸ਼ ਸੰਸਥਾਵਾਂ ਦੇ ਸੰਬੰਧ ਵਿਚ ਪ੍ਰਮਾਣੀਕ ਜਾਣਕਾਰੀ ਮਿਲ ਸਕੇਗੀ ਅਤੇ ਇਤਿਹਾਸ ਪ੍ਰੇਮੀਆਂ ਨੂੰ ਨਵੀਂ ਦਿਸ਼ਾ ਪ੍ਰਾਪਤ ਹੋ ਸਕੇਗੀ। ਆਪਣੇ ਆਦਿ ਕਾਲ ਤੋਂ ਲੇ ਕੇ ਵਰਤਮਾਨ ਸਮੇਂ ਤਕ ਨਾਮਧਾਰੀ ਪੰਥ ਦੇ ਇਤਿਹਾਸਕ ਵਿਕਾਸ ਦੇ ਸੰਬੰਧ ਵਿਚ ਸਾਰਥਕ ਤੇ ਉਤਕ੍ਰਿਸ਼ਟ ਦ੍ਰਿਸ਼ਟੀਕੋਣ ਨੂੰ ਜਾਣਿਆ ਜਾ ਸਕੇਗਾ, ਕਿਉਂਕਿ ਇਹ ਗੁਰ ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਾਨ ਵਿਅਕਤਿੱਤਵ ਨਾਲ ਸੰਬੰਧਤ ਹਨ ਜਾਂ ਦੂਜੇ ਸ਼ਬਦਾਂ ਵਿੱਚ ਉਨ੍ਹਾਂ ਦੀ ਅੰਤਰ ਆਤਮਾ ਦਾ ਪ੍ਰਕਾਸ਼ ਹਨ ਅਤੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਉਚਾਰੇ ਹਨ। ਇਹ ਸੰਦੇਸ਼ ਨਾਮਧਾਰੀ ਮਤ ਅਨੁਸਾਰ ਜੀਵਨ ਦੇ ਮਹਾਂ ਸਾਗਰ ਉਤੇ ਚੱਲਣ ਲਈ ਸਪਸ਼ਟ ਸੇਧ ਦੇ ਪ੍ਰਕਾਸ਼ ਬਿੰਦੂ ਬਣਕੇ ਸਦਾ ਲਈ ਚਮਕਦੇ ਰਹਿਣਗੇ। ਇਹਨਾਂ ਮਹਾਨ ਉਪਦੇਸ਼ਾਂ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਨਾ ਕੇਵਲ ਆਪਣੇ ਜੁਗ ਦੀ ਅਧਿਆਤਮਕ, ਧਾਰਮਿਕ ਸਮਾਜਿਕ ਤੇ ਸਭਿਆਚਾਰਕ ਮਰਿਆਦਾ ਦੀ ਨੀਂਹ ਰੱਖੀ ਹੈ, ਸਗੋਂ ਆਦਿ ਕਾਲ ਤੋਂ ਚਲੇ ਆ ਰਹੇ ਧਰਮ ਮਾਰਗ ਦੀਆਂ ਅਤੀਤ ਤਕ ਗੱਡੀਆਂ ਡੂੰਘੀਆਂ ਜੜ੍ਹਾਂ ਤੋਂ ਲੈ ਕੇ ਵਿਭਿੰਨ ਕਾਲਾਂ ਵਿਚ ਧਰਮ ਬਿਰਛ ਦੇ ਵੱਧਣ, ਫੁੱਲਣ, ਮੌਲਣ ਵਿਗਸਣ ਤੇ ਸਦੀਆਂ ਤਕ ਫੁੱਲ ਫਲ ਦੇ ਕੇ ਦੁਖਿਆਰੀ ਮਨੁੱਖਤਾ ਨੂੰ ਸਦੀਵਕਾਲ ਤਕ ਸੁਖ ਸ਼ਾਂਤੀ ਤੇ ਸੀਤਲਤਾ ਦੇ ਸਕਣ ਦੀ ਸਮਰੱਥਾ ਨੂੰ ਦ੍ਰਿੜਾਇਆ ਹੈ।

ਸ਼ੋਕ ਦੀ ਗੱਲ ਹੈ ਕਿ ਹਾਲੀ ਤਕ ਨਾਮਧਾਰੀ ਇਤਿਹਾਸ ਦੇ ਉਨ੍ਹਾਂ ਉੱਜਲ ਪੰਨਿਆਂ ਉਤੇ ਪੂਰਨ ਪ੍ਰਕਾਸ਼ ਨਹੀਂ ਪੈ ਸਕਿਆ ਜੋ ਸਮੁੱਚੇ ਰਾਸ਼ਟਰੀ ਤੇ ਧਾਰਮਿਕ ਇਤਿਹਾਸ ਦਾ ਵੱਡਮੁਲਾ ਹਿੱਸਾ ਹਨ। ਭਾਰਤ ਵਿਚ ਪੰਜਾਬ ਦਾ ਖਾਲਸਾ ਰਾਜ ਹੀ ਉਹ ਆਖਰੀ ਸੁਤੰਤਰ ਭੂਖੰਡ ਸੀ ਜਿਸ ਉਤੇ ੧੮੪੬ ਵਿਚ ਪਹਿਲਾਂ ਆਰਜ਼ੀ ਤੌਰ ਤੇ ਫਿਰ ੧੮੪੯ ਵਿਚ ਪੱਕੇ ਤੌਰ ਤੇ ਈਸਟ ਇੰਡੀਆ ਕੰਪਨੀ ਜਾਂ ਦੂਜੇ ਸ਼ਬਦਾਂ ਵਿਚ ਅੰਗਰੇਜ਼ ਸਾਮਰਾਜ ਨੇ ਆਪਣੀ ਕੁਟਿਲ ਨੀਤੀ ਦੁਆਰਾ ਕਬਜ਼ਾ ਕੀਤਾ। ਫ਼ਿਰ ਆਪਣੇ ਸ਼ਾਸਨ ਕਾਲ ਵਿਚ ਪੰਜਾਬ ਵਾਸੀਆਂ, ਸੁਤੰਤਰਤਾ ਸੰਗਰਾਮੀਆਂ ਤੇ ਵਿਸ਼ੇਸ਼ ਕਰਕੇ ਕੂਕਾ ਲਹਿਰ, ਜਿਨ੍ਹਾਂ ਨੂੰ ਤਤਕਾਲਕ ਅੰਗਰੇਜ਼ ਅਧਿਕਾਰੀਆਂ ਅਤੇ ਇਤਿਹਾਸਕਾਰਾਂ ਨੇ 'ਕੂਕਾ ਵਿਦਰੋਹ' ਦੀ ਸੰਗਿਆ ਵੀ ਦਿੱਤੀ ਹੈ, ਉਤੇ ਕਠੋਰ ਭਾਂਤ ਦੇ ਦਮਨ ਚੱਕਰ ਨੂੰ ਚਲਾਇਆ ਤੇ ਨਾਮਧਾਰੀ ਧਾਰਮਿਕ ਸੰਗਠਨ ਜਾਂ ਕ੍ਰਾਂਤੀਕਾਰੀ ਕੂਕਾ ਲਹਿਰ ਨੂੰ ਦਬਾਉਣ ਦਾ ਸਿਰ ਤੋੜ ਯਤਨ ਕੀਤਾ। ਅਜਿਹੇ ਹਾਲਾਤ ਵਿਚ ਪ੍ਰਮਾਣਿਕ ਇਤਿਹਾਸ ਦੀ ਖੋਜ ਭਾਲ ਕਰ ਸਕਣਾ ਕਠਿਨ ਹੁੰਦਾ ਹੈ। ਭਾਵੇਂ ਵਰਤਮਾਨ ਇਤਿਹਾਸਕਾਰਾਂ ਸ.



Sri Satguru Jagjit Singh Ji eLibrary NamdhariElibrary@gmail.com

ਨਾਹਰ ਸਿੰਘ, ਡਾ: ਫੌਜਾ ਸਿੰਘ, ਐਮ.ਐਮ.ਆਹਲੂਵਾਲੀਆ, ਸ੍ਰੀ ਜਸਵਿੰਦਰ ਸਿੰਘ, ਸੰਤ ਨਿਧਾਨ ਸਿੰਘ ਆਲਿਮ, ਸ੍ਰੀ ਅਮਰ ਭਾਰਤੀ ਅਤੇ ਹੋਰ ਇਤਿਹਾਸ ਖੋਜੀਆਂ ਨੇ ਕੁਝ ਖੋਜਾਂ ਕਰਕੇ ਇਸ ਇਤਿਹਾਸ ਤੇ ਕੁਝ ਵਿਸ਼ੇਸ਼ ਪੱਖਾਂ ਤੇ ਸਾਰਥਕ ਪ੍ਰਕਾਸ਼ ਪਾਉਣ ਦਾ ਯਤਨ ਕੀਤਾ ਹੈ, ਫਿਰ ਵੀ ਇਹ ਕਾਰਜ ਅਜੇ ਤਕ ਅਪੂਰਣ ਹੈ, ਕਿਉਂਕਿ ਹਾਲੀ ਤਕ ਇਸ ਦੇ ਸਾਰੇ ਪੱਖ ਸੰਗਠਤ ਤੇ ਗਤੀਸ਼ੀਲ ਇਕਾਈ ਦੇ ਰੂਪ ਵਿਚ ਪਰਗਟ ਨਹੀਂ ਹੋ ਸਕੇ। ਇਸ ਵਿਚ ਸਿਖ ਵਿਦਵਾਨਾਂ ਦੇ ਕੁਝ ਸੀਮਤ ਪੂਰਵ-ਸੰਸਕਾਰ ਅਤੇ ਰਾਸ਼ਟਰੀ ਇਤਿਹਾਸਕਾਰਾਂ ਦੀ ਪਾਸਕੂ-ਦ੍ਰਿਸ਼ਟੀ ਵੀ ਜ਼ਿੰਮੇਵਾਰ ਹੈ। ਇਹਨਾਂ ਗੁਰ ਉਪਦੇਸ਼ਾਂ ਵਿਚ ਇਤਿਹਾਸ ਦੇ ਇਹਨਾਂ ਅਲੋਪ ਹੋ ਰਹੇ ਪੱਖਾਂ ਨੂੰ ਮੁੜ ਮੂਰਤੀਮਾਨ ਕਰਨ ਦਾ ਵੱਡਮੁਲਾ ਯਤਨ ਕੀਤਾ ਗਿਆ ਹੈ ਤੇ ਉਹ ਵੀ ਉਸ ਮਹਾਨ ਹਸਤੀ ਵਲੋਂ ਜਿਨ੍ਹਾਂ ਦੇ ਸੁਯੋਗ ਹੱਥਾਂ ਵਿਚ ਨਾਮਧਾਰੀ ਸਮਾਜ ਦੀ ਵਾਗਡੋਰ ਅੱਧੀ ਸਦੀ ਤੋਂ ਵੀ ਵਧੀਕ ਸਮੇਂ ਤਕ ਰਹੀ ਹੈ। ਜਿਨ੍ਹਾਂ ਦੀ ਦੂਰਦਰਸ਼ਤਾ, ਜਥੇਬੰਦਕ ਯੋਗਤਾ ਅਤੇ ਕਰਮਸ਼ੀਲ ਵਿਅਕਤੀਤਵ ਨੇ ਆਪਣੇ ਕਾਲ ਵਿਚ ਭਾਰਤੀ ਸੁਤੰਤਰਤਾ ਸੰਗਰਾਮ, ਸਿਖ ਸਮਾਜ ਦੇ ਉਥਾਨ ਤੇ ਨਾਮਧਾਰੀ ਧਾਰਮਿਕ ਮਰਿਆਦਾ ਦਾ ਇਕ ਤਰ੍ਹਾਂ ਦਾ ਨਵ ਨਿਰਮਾਣ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਆਪ ਦਾ ਦ੍ਰਿਸ਼ਟੀਕੋਣ ਜਿਥੇ ਆਪਣੇ ਸਮੇਂ ਦੇ ਦਾਇਤਵ ਤੋਂ ਪੂਰੀ ਤਰ੍ਹਾਂ ਸੁਚੇਤ ਸੀ, ਉਥੇ ਆਪ ਦੀ ਸਵੈ ਸਾਧਨਾ, ਅਨੁਭਵ, ਗਿਆਨ ਅਤੇ ਵਿਸ਼ਾਲ ਕਰਮਸ਼ੀਲ ਚਰਿੱਤਰ ਵਿਚ ਤ੍ਰੈ-ਕਾਲ ਅਤੀਤ ਅਮਰ ਜੀਵਨ-ਕੀਮਤਾਂ ਅਤੇ ਉਚ ਅਧਿਆਤਮਿਕ ਪ੍ਰਾਪਤੀਆਂ ਦਾ ਵੀ ਸੂਖਮ ਸਾਰ ਤੇ ਨਿਚੋੜ ਸੀ। ਆਪ ਜੀ ਦੇ ਅੰਮ੍ਰਿਤ ਬਚਨਾਂ ਵਿਚ ਦ੍ਰਿੜ੍ਹਤਾ, ਸਥਿਰਤਾ, ਵਿਸ਼ਾਲਤਾ ਤੇ ਉੱਚ ਆਤਮਿਕ ਧਾਰਮਿਕ ਚੇਤਨਾ ਦੇ ਦਿਗ ਦਰਸ਼ਨ ਹੁੰਦੇ ਹਨ। ਇਹੋ ਕਾਰਨ ਹੈ ਕਿ ਇਹ ਗੁਰ ਉਪਦੇਸ਼ ਨਾਮਧਾਰੀ ਸਾਧ-ਸੰਗਤ ਤੋਂ ਬਿਨਾਂ ਸਮੂਹ ਸਿਖ ਸੰਸਥਾਵਾਂ ਤੇ ਵਿਸ਼ਵ ਵਿਆਪੀ ਭਾਈਚਾਰੇ ਅਤੇ ਸਮੁੱਚੀ ਮਨੁਖਤਾ ਦੀ ਅਧਿਆਤਮਿਕ ਸਾਂਝ ਨਾਲ ਓਤਪ੍ਰੋਤ ਹਨ। ਇਹਨਾਂ ਵਿਚ ਇਕ ਬਲਵਾਨ ਦ੍ਰਿੜਤਾ ਵੀ ਹੈ ਅਤੇ ਵਿਆਪਕ ਉਦਾਰਤਾ ਵੀ ਹੈ ਜੋ ਸੱਚਮੁਚ ਇਕ ਗੁਰੂ ਜੋਤ ਦਾ ਪ੍ਰਮਾਣਿਕ ਸਰੂਪ ਹੁੰਦਾ ਹੈ ਜਿਸ ਦਾ ਪ੍ਰਕਾਸ਼ ਸਰਬ ਜੁਗੀ ਤੇ ਸਦੀਵੀ ਹੁੰਦਾ ਹੈ। ਇਹਨਾਂ ਉਪਦੇਸ਼ਾਂ ਵਿਚ ਜਿਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਡ ਪ੍ਰਤਾਪੀ ਜੀਵਨ ਚਰਿੱਤਰ ਦੇ ਅਨੇਕ ਪੱਖਾਂ ਨਾਲ ਜਾਣ-ਪਛਾਣ ਹੁੰਦੀ ਹੈ ਉਥੇ ਭੂਤ, ਵਰਤਮਾਨ ਅਤੇ ਭਵਿਖ ਨਾਲ ਜੁੜੀਆਂ ਅਨੇਕ ਸਮਸਿਆਵਾਂ ਦੇ ਉਚਿਤ ਸਮਾਧਾਨ ਦਾ ਬੂਹਾ ਵੀ ਖੁਲ੍ਹਦਾ ਹੈ। ਇੰਝ ਇਹ ਗੁਰੂ ਵਚਨ ਆਪਣੇ ਜੁਗ ਦੇ ਬਹੁਤ ਸਾਰੇ ਸਮਕਾਲੀ ਤੇ ਇਤਿਹਾਸਕ ਪੱਖਾਂ ਬਾਰੇ ਭਰਪੂਰ ਜਾਣਕਾਰੀ ਦਿੰਦੇ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਹਾਨ ਸ਼ਖਸੀਅਤ ਤਾਂ ਇਕ ਉਹ ਵਿਸ਼ਾਲ ਸਾਗਰ ਹੈ ਜੋ ਅਨੰਤਾਂ ਤਕ ਪਸਰਿਆ ਹੋਇਆ ਹੈ ਅਤੇ ਜਿਸ ਦੀਆਂ ਸੂਰਜੀ ਪ੍ਰਕਾਸ਼ ਵਿਚ ਜਗ-ਮਗਾਂਦੀਆਂ ਤਰੰਗਾਂ ਦੀ ਗਹਿਰਾਈ ਵਿਚ ਬਹੁਤ ਕੁਝ ਅਮੋਲਕ ਲਾਲਾਂ ਰਤਨਾਂ ਦੇ ਰੂਪ ਵਿਚ ਲੁਕਿਆ ਹੋਇਆ ਹੈ ਅਤੇ ਜਿਸ ਦੀਆਂ ਉਚੇਰੀਆਂ ਚੋਟੀਆਂ ਆਕਾਸ਼ੀ ਸਿਖਰਾਂ ਨੂੰ ਛੂੰਹਦੀਆਂ ਹਨ—ਅਧਿਆਤਮਕ ਪੱਖ ਤੋਂ ਵੀ ਅਤੇ ਮਾਨਵੀ ਦਰਦ ਦੇ ਪੱਖ ਤੋਂ ਵੀ। ਭਾਰਤ ਦਾ ਇਕ ਮਹਾਨ ਸੂਫੀ ਬਜ਼ੁਰਗ ਸ਼ੇਖ਼ ਫਰੀਦ ਸ਼ੱਕਰਗੰਜ ਰੱਬ ਤੋਂ ਇਹ ਦੁਆ ਮੰਗਦਾ ਹੈ—"ਹੇ ਰੱਬਾ ! ਮੈਨੂੰ ਅੱਖਾਂ ਵਿਚ ਹੰਝੂ (ਪ੍ਰੇਮ ਦੇ) ਅਤੇ ਦਿਲ ਵਿਚ ਮਨੁੱਖੀ ਦਰਦ ਬਖਸ਼ੀਂ।" ਅਜਿਹਾ ਮਾਨਵੀ ਤੇ ਸਮਸਤ ਜੀਵ ਜੰਤ ਲਈ ਮਿੱਠਾ ਤੇ ਉਤਸ਼ਾਹ ਵਰਧਕ ਕਰੁਣਾ ਭਾਵ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਿਰਦੇ ਸਰੋਵਰ ਵਿਚ ਠਾਠਾਂ ਮਾਰ ਰਿਹਾ ਹੈ। ਆਪ ਜਿਥੇ ਅਕਾਲ ਪੁਰਖ ਦੀ ਰੱਬੀ ਸਤਹ ਦੀ ਏਕਤਾ ਵਿਚ ਵਿਸ਼ਵਾਸ ਰਖਦੇ ਹਨ, ਉਥੇ ਮਨੁਖ ਮਾਤਰ ਦੀ ਤੇ ਸਰਵ ਜੀਵ ਜੰਤ ਦੀ ਬਲਵਾਨ ਸਾਂਝ ਨੂੰ ਵੀ ਅੱਖੋਂ ਪਰੋਖੇ ਨਹੀਂ ਕਰਦੇ। ਇਹੋ ਤਾਂ ਹੈ ਸਤਿਗੁਰੂ ਦੇ ਮਹਾਨ ਦਾਇਤਵ ਦੀ ਪਛਾਣ ਜੋ ਸਭ ਲਈ ਸਾਂਝਾ ਹੈ ਤੇ ਸਭ ਦਾ ਰਖਵਾਲਾ ਹੈ।

ਭਾਵੇਂ ਇਸ ਸੰਗ੍ਰਹਿ ਵਿਚ ਅਟਲ ਪ੍ਰਤਾਪੀ ਜੀ ਦੇ ਲਗਪਗ ਇਕ ਦਰਜਨ ਵਿਆਖਿਆਨ ਸੰਕਲਤ ਹਨ ਜਿਨ੍ਹਾਂ ਵਿਚ ਸਭੋ ਕੁਝ ਦਾ ਬੋਧ ਕਰਵਾ ਸਕਣਾ ਸੰਭਵ ਨਹੀਂ ਸੀ, ਫਿਰ ਵੀ ਸਾਪੇਖਕ ਰੂਪ ਵਿਚ ਇਹਨਾਂ ਵਿਆਖਿਆਨਾਂ ਦੇ ਸੀਮਤ ਮਨੋਰਥਾਂ ਨੂੰ ਸਾਹਮਣੇ ਰਖ ਕੇ ਜਿੰਨੀ ਵਸਤੂ-ਸਮਗਰੀ ਇਹਨਾਂ ਵਿਚ ਵਿਦਮਾਨ ਹੈ, ਉਹ ਕਿਸੇ ਮਹਾਨ ਸਭਿਆਚਾਰਕ ਕੁਬੇਰ ਦੇ ਖਜ਼ਾਨੇ ਤੋਂ ਘਟ ਨਹੀਂ ਹੈ।

ਇਹ ਧਾਰਮਕ ਵਿਆਖਿਆਨ ਸ੍ਰੀ ਸਤਿਗੁਰੂ ਜੀ ਨੇ ਆਪਣੀਆਂ ਵਿਦੇਸ਼ ਯਾਤਰਾਵਾਂ ਸਮੇਂ, ਜਦੋਂ ਆਪ ਬੈਂਕੋਕ, ਓਦੋਂ ਸਿਆਮ ਹੁਣ ਥਾਈਲੈਂਡ, ਵਿਖੇ ੧੯੪੯ ਤੋਂ ੧੯੫੦



Sri Satguru Jagjit Singh Ji eLibrary NamdhariElibrary@gmail.com

ਵਿਚ ਉਥੋਂ ਦੀ ਸੰਗਤ ਦੇ ਉਧਾਰ ਲਈ ਗਏ, ਉਸ ਸਮੇਂ ਸਾਧ ਸੰਗਤ ਦੇ ਕਲਿਆਣ ਹਿਤ ਦਿਤੇ ਸਨ। ਬੈਂਕੋਕ ਦੀ ਨਾਮਧਾਰੀ ਸਾਧ ਸੰਗਤ ਦੇ ਮੁਖੀਆਂ ਨੇ ਉਸ ਸਮੇਂ ਸਤਿਗੁਰੂ ਜੀ ਦੇ ਇਹਨਾਂ ਪ੍ਰਵਚਨਾਂ ਨੂੰ ਰੀਕਾਰਡ ਕਰ ਲਿਆ ਅਤੇ ਪਿਛਲੇ ਕਾਫੀ ਸਮੇਂ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਦੇਸ਼ ਅਨੁਸਾਰ ਇਨ੍ਹਾਂ ਦੀਆਂ ਕੈਸੇਟਾਂ ਤਿਆਰ ਕਰਵਾਕੇ ਸ਼ਾਮ ਦੇ ਹਜ਼ੂਰੀ ਦੀਵਾਨਾਂ ਵਿਚ ਨਿਤਨੇਮ-ਨਾਮ ਸਿਮਰਨ ਸਮੇਂ ਇਨ੍ਹਾਂ ਨੂੰ ਸਾਧ-ਸੰਗਤ ਦੇ ਭਲੇ ਹਿਤ ਸੁਣਾਇਆ ਜਾਂਦਾ ਹੈ। ਬੜਾ ਅਲੌਕਿਕ ਦ੍ਰਿਸ਼ ਹੁੰਦਾ ਹੈ ਇਸ ਦੀਵਾਨ ਦਾ। ਇਕੋ ਸਮੇਂ ਜਦੋਂ ਹਜ਼ਾਰਾਂ ਦੀ ਗਿਣਤੀ ਵਿਚ ਇਸਤਰੀ ਪੁਰਸ਼ ਸ਼ਾਂਤ ਵਾਤਾਵਰਣ ਵਿਚ ਨਾਮ ਸਿਮਰਨ ਕਰ ਰਹੇ ਹੁੰਦੇ ਹਨ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਵਚਨਾਂ ਦਾ ਪ੍ਰਵਾਹ ਸਾਰੇ ਵਾਤਾਵਰਣ ਉਤੇ ਅਨੂਪਮ ਰਹੱਸਵਾਦੀ ਪ੍ਰਭਾਵ ਦਾ ਗੂੜ੍ਹਾ ਗੁਲਾਲੀ ਰੰਗ ਛਿੜਕ ਦਿੰਦਾ ਹੈ। ਮਾਨੋ ਸਤਿਗੁਰਾਂ ਦੇ ਮਿੱਠੜੇ ਬਚਨ ਸਾਰੀ ਸੰਗਤ ਨੂੰ ਨਾਮ ਅੰਮ੍ਰਿਤ ਦੇ ਰਸ-ਸਵਾਦਨ ਦੇ ਨਾਲ ਸਰਵਣਾਂ ਰਾਹੀਂ ਵੀ ਕਿਰਤਾਰਥ ਕਰਕੇ ਕਾਇਆ ਕਲਪ ਕਰੀ ਜਾਂਦੇ ਹਨ। ਵਾਸਤਵ ਵਿਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਜਾਣ ਦਾ ਮਹਾਤਮ ਹੀ ਇਹ ਹੈ ਕਿ ਇਥੇ ਪੁਜੇ ਪ੍ਰਾਣੀ ਮਾਤਰ ਦਾ ਆਤਮਿਕ ਰੂਪਾਂਤ੍ਰਨ ਹੁੰਦਾ ਹੈ। ਇੰਝ ਪ੍ਰਤੀਤ ਹੁੰਦਾ ਹੈ ਜਿਥੇ ਸਾਧ ਸੰਗਤ ਆਪਣੇ ਵਰਤਮਾਨ ਸਤਿਗੁਰੂ ਜੀ ਦੇ ਸਾਖਿਆਤ ਦਰਸ਼ਨ ਕਰਕੇ ਨਿਹਾਲ ਹੋ ਰਹੀ ਹੁੰਦੀ ਹੈ, ਉਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਰੂਪ ਵੀ ਆਪਣੀ ਰਚਨਾ ਦੁਆਰਾ ਕਰਾਮਾਤੀ ਪ੍ਰਭਾਵ ਪਾ ਰਿਹਾ ਹੁੰਦਾ ਹੈ। ਆਪ ਦੇ ਇਹਨਾਂ ਉਪਦੇਸ਼ਾਂ ਵਿਚ ਉਹੋ ਕੁਝ ਹੀ ਦ੍ਰਿੜਾਇਆ ਗਿਆ ਹੈ ਜਿਨ੍ਹਾਂ ਆਦਰਸ਼ਾਂ ਨੂੰ ਮੁੱਖ ਰਖਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਖਾਲਸੇ ਦਾ ਸੰਤ ਖਾਲਸੇ ਦੇ ਸਰੂਪ ਵਿਚ ਪੁਨਰ ਨਿਰਮਾਣ ਕੀਤਾ ਸੀ ਅਤੇ ਸਮੁੱਚੀ ਕੌਮ ਨੂੰ ਅਖੁਟ ਆਤਮ ਬਲ ਪ੍ਰਦਾਨ ਕੀਤਾ ਸੀ। ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿਚ ਗੁਰੂ ਤੇਗ ਬਹਾਦਰ ਸਾਹਿਬ ਦਾ ਇਹ ਫਰਮਾਨ 'ਬਲ ਛੁਟਕਿਓ ਬੰਧਨ ਪਰੇ' ਅਤੇ 'ਬਲ ਹੋਆ ਬੰਧਨ ਛੁਟੇ' ਦੇ ਮਹਾਵਾਕ ਸਿੱਖ ਸਮਾਜ ਵਿਚ ਇਸ ਉਪ੍ਰੋਕਤ ਆਤਮਿਕ ਪ੍ਰਵਰਤਨ ਨੂੰ ਵੇਖਕੇ ਅਟਲ ਸਿਧ ਹੁੰਦੇ ਹਨ। ਉਹ ਕਿਹੜਾ ਬਲ ਹੈ ਜਿਸਦੇ ਖੁੱਸਣ ਨਾਲ ਬੰਧਨ ਪੈਂਦੇ ਹਨ ਅਤੇ ਜਿਸਦੀ ਪੁਨਰ ਪ੍ਰਾਪਤੀ ਨਾਲ ਬੰਧਨ ਮੁਕਤ ਹੋ ਜਾਈਦਾ ਹੈ। ਸ੍ਰੀ ਸਤਿਗੁਰੂ ਜੀ ਦੇ ਇਨ੍ਹਾਂ ਉਪਦੇਸ਼ਾਂ ਵਿਚ ਬਾਰ-ਬਾਰ ਇਸ ਆਤਮਿਕ ਬਲ ਦੀ ਚਰਚਾ ਕੀਤੀ ਗਈ ਹੈ ਜੋ ਨਾਮ ਦੇ ਆਧਾਰ ਤੋਂ ਬਿਨਾ ਨਾ ਸਥਿਰ ਰਹਿ ਸਕਦਾ ਹੈ ਨਾ ਸੁਰਖਿਅਤ। ਇਹਨਾਂ ਉਪਦੇਸ਼ਾਂ ਵਿਚ ਥਾਂ ਪਰ ਥਾਂ ਨਾਮ ਸਿਮਰਨ ਦੇ ਮਹਾ ਆਧਾਰ ਬਾਰੇ ਬਾਰ-ਬਾਰ ਤਾਕੀਦ ਕੀਤੀ ਗਈ ਹੈ ਅਤੇ ਆਪਣੇ ਸਿੱਖਾਂ ਨੂੰ ਬਾਣੀ ਦੀ ਜੋ ਟੇਕ ਸਤਿਗੁਰਾਂ ਨੇ ਇਕ ਆਦਰਸ਼ਕ ਜੀਵਨ ਜੁਗਤ ਦੇ ਰੂਪ ਵਿਚ ਬਖਸ਼ੀ ਹੈ ਉਹ ਵਿਅਕਤੀਗਤ ਅਤੇ ਸਮੂਹਿਕ ਰੂਪ ਵਿਚ ਮਾਨਵੀ ਸਮਾਜ ਦੇ ਚਰਿੱਤਰ ਨਿਰਮਾਣ ਦਾ ਜੀਵੰਤ ਸ੍ਰੋਤ ਸਿਧ ਹੋਈ। ਉਹ ਬਲ ਜਿਸਦੇ ਜਾਣ ਨਾਲ ਮਨੁੱਖੀ ਸੁਭਾਉ ਵਿਚ ਨਿਰਾਸ਼ਾ ਅਤੇ ਅੰਧਕਾਰ ਦੀ ਤਮੋ ਦਸ਼ਾ ਆ ਜਾਂਦੀ ਹੈ ਤੇ ਜਿਸਦੇ ਵਾਪਸ ਪਰਤਣ ਨਾਲ ਉਸ ਵਿਚ ਨਵੀਂ ਆਸ਼ਾ, ਸਾਹਸ ਤੇ ਬਲਵਾਨਗੀ ਉਤਪੰਨ ਹੁੰਦੀ ਹੈ ਉਹ ਅਸਲ ਵਿਚ ਨਾਮ ਦੀ ਟੇਕ ਦੀ ਮਹਾਂਸ਼ਕਤੀ ਹੀ ਹੈ। ਸ੍ਰੀ ਸਤਿਗੁਰੂ ਜੀ ਬਾਰ ਬਾਰ ਉਹਨਾਂ ਉਪਦੇਸ਼ਾਂ ਵਿਚ ਗ੍ਰਿਸਤੀਆਂ, ਬਿਹੰਗਮਾਂ ਅਤੇ ਹੋਰ ਮਤਾਂ ਮਤਾਂਤਰਾ ਦੇ ਅਵਲੰਬੀਆਂ ਲਈ ਇਸੇ ਆਦਰਸ਼ਕ ਜੀਵਨ ਜੁਗਤ ਨੂੰ ਆਪਣਾ ਨਿਤ ਕਰਮ ਬਣਾਉਣ ਲਈ ਤਾਕੀਦ ਕਰਦੇ ਹਨ। ਪਰ ਇਕ ਨਾਮ ਦੀ ਦਾਤ ਕਿਉਂ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦੀ ਹੈ ਅਤੇ ਉਹ ਵੀ ਕੇਵਲ ਮਨੁੱਖਾ ਜਨਮ ਵਿਚ, ਇਸ ਲਈ ਇਹਨਾਂ ਉਪਦੇਸ਼ਾਂ ਵਿਚ ਗੁਰੂ ਦੀ ਲੋੜ ਜਾਂ ਦੂਜੇ ਸ਼ਬਦਾਂ ਵਿਚ ਸਤਿਗੁਰੂ ਦੀ ਸ਼ਰਨ ਵਿਚ ਜਾਣ ਲਈ ਆਖਿਆ ਗਿਆ ਹੈ, ਕਿਉਂ ਨਾਮ ਦਾ ਉਹ ਅਖੁਟ ਖਜ਼ਾਨਾ, ਜਿਸਦੇ ਆਸਰੇ ਪ੍ਰਾਣੀ ਮਾਤਰ ਨੇ ਜੀਵਨ ਨੂੰ ਆਦਰਸ਼ਕ ਗਤੀ ਦੇ ਕੇ ਸਮਾਜਕ ਲਕਸ਼ਾਂ ਹਿਤ ਸੰਜੋਣਾ ਹੁੰਦਾ ਹੈ, ਉਹ ਸਤਿਗੁਰੂ ਦੇ ਦਰਬਾਰ ਵਿਚੋਂ ਹੀ ਪ੍ਰਾਪਤ ਹੋ ਸਕਦੀ ਹੈ। ਅਧਿਆਤਮਿਕ ਜਗਤ ਵਿਚ ਨਿਗੁਰੇ ਦੀ ਥਾਂ ਜਾਂ ਪਹੁੰਚ ਨਹੀਂ ਹੈ, ਏਥੋਂ ਤਕ ਕਿ ਸੁਖਦੇਵ ਤੇ ਗੁਰੂ ਅਮਰਦਾਸ ਜੀ ਵਰਗੀਆਂ ਹਸਤੀਆਂ ਨੂੰ ਨਿਗੁਰੇ ਹੋਣ ਦੇ ਤਾਹਨੇ ਮਿਹਣੇ ਸਹਿਣ ਉਪਰੰਤ ਹੀ ਗੁਰੂ ਦੀ ਲੋੜ, ਅਨੁਭਵ ਹੋਈ ਅਤੇ ਉਨ੍ਹਾਂ ਦਾ ਆਤਮਿਕ ਉਥਾਨ ਉਸ ਸਮੇਂ ਹੀ ਹੋਇਆ ਜਦੋਂ ਉਨ੍ਹਾਂ ਨੂੰ ਸਚੇ ਗੁਰੂ ਦੀ ਪ੍ਰਾਪਤੀ ਹੋ ਗਈ।

ਗੁਰੂ ਦੀ ਮਹਾਨ ਸ਼ਕਤੀ ਦਾ ਤੇਜ ਪ੍ਰਤਾਪ ਕਿਡਾ ਵੱਡਾ ਵਿਅਕਤੀਗਤ, ਸਮਾਜਿਕ ਤੇ ਧਾਰਮਿਕ ਪ੍ਰੀਵਰਤਨ ਲਿਆ ਸਕਦਾ ਹੈ, ਇਸ ਅਮਰ ਸੱਚ ਨੂੰ ਇਹਨਾਂ ਸਾਰੇ ਗੁਰ ਉਪਦੇਸ਼ਾਂ ਵਿਚ ਥਾਂ ਪਰ ਥਾਂ ਗਤੀਸ਼ੀਲ ਰੂਪ ਵਿਚ ਦੇਖਿਆ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਮਤ ਦੀ ਜਿਹੜੀ ਜੋਤ ਕਲਿਜੁਗ ਵਿਚ ਪ੍ਰਜਵਲਤ ਕੀਤੀ ਕਥਨੀ ਕਰਨੀ ਤੇ ਉਪਕਾਰ ਦੇ ਰੂਪ ਵਿਚ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ



Sri Satguru Jagjit Singh Ji eLibrary NamdhariElibrary@gmail.com

ਤੋਂ ਦੇਹ ਸਰੂਪ ਨੂੰ ਅਲੋਪ ਕਰਨ ਉਪਰੰਤ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਲੈ ਕੇ ਹਜ਼ੂਰ ਨੇ ਆਪਣੇ ਸਮੇਂ ਤਕ ਨਾਮਧਾਰੀ ਇਤਿਹਾਸ ਨੂੰ ਇਹਨਾਂ ਉਪਦੇਸ਼ਾਂ ਵਿਚ ਇਸ ਤਰ੍ਹਾਂ ਮੋਹਰਬੰਦ ਕਰ ਦਿਤਾ ਹੈ ਕਿ ਅਧਿਆਤਮਿਕ ਅਤੇ ਧਾਰਮਿਕ ਰੂਪ ਵਿਚ ਜੀਵਨ ਜੁਗਤ ਤੇ ਇਤਿਹਾਸਕ ਭੰਡਾਰ ਬਣ ਗਿਆ ਹੈ। ਇਹਨਾਂ ਗੁਰ ਉਪਦੇਸ਼ਾਂ ਵਿਚ ਉਹਨਾਂ ਨੇ ਆਪਣੀ ਵਿਆਖਿਆਨ ਵਿਧੀ ਵੀ ਆਪ ਹੀ ਨਿਰਧਾਰਤ ਕੀਤੀ ਹੈ। ਇਹਨਾਂ ਵਿਆਖਿਆਨਾਂ ਤੋਂ ਪਹਿਲਾਂ ਸ਼ਾਮ ਦੇ ਦੀਵਾਨਾਂ ਵਿਚ ਕਥਾ ਦੀ ਮਰਿਆਦਾ ਪ੍ਰਚਲਤ ਸੀ। ਆਮ ਗੁਰਧਾਮਾਂ ਉਤੇ ਭਾਈ ਸੰਤੋਖ ਸਿੰਘ ਦੇ ਗੁਰ ਪ੍ਰਤਾਪ ਸੂਰਜ ਗਰੰਥ ਦੀ ਕਥਾ ਸੰਪਰਦਾਈ ਢੰਗ ਨਾਲ ਕੀਤੀ ਜਾਂਦੀ ਸੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਧਿਆਨ ਸਿੰਘ ਦੇ ਰਚੇ ਕਾਵਿ-ਗਰੰਥ "ਸਤਿਗੁਰੂ ਬਿਲਾਸ ਪਾ: ੧੨ਵੀਂ" ਦੀ ਕਥਾ ਵਿਆਖਿਆ ਦੀ ਰੀਤ ਤੋਰੀ। ਸੰਤ ਧਿਆਨ ਸਿੰਘ ਜੀ ਨੇ ਆਪਣੇ ਸਮਕਾਲੀ ਉੱਘੇ ਨਾਮਧਾਰੀ ਸਿਖਾਂ ਤੋਂ ਗੁਰ ਇਤਿਹਾਸ ਦੇ ਸਾਕੇ ਤੇ ਵਾਰਤਾਵਾਂ ਸੁਣਕੇ ਉਨ੍ਹਾਂ ਨੂੰ ਛੰਦ ਵਿਚ ਕਲਮ-ਬੰਦ ਕਰਨ ਦਾ ਵਡਾ ਉੱਦਮ ਕੀਤਾ ਤੇ ਨਾਮਧਾਰੀ ਪੰਥ ਦੇ ਆਪਣੇ ਸਮੇਂ ਤਕ ਦੇ ਇਤਿਹਾਸ ਦੇ ਵਡਮੁਲੇ ਅੰਸ਼ਾਂ ਨੂੰ ਸਾਂਭ ਕੇ ਸੁਰਖਿਅਤ ਕਰ ਦਿਤਾ ਤੇ ਉਹ ਅਨਮੋਲ ਖਜ਼ਾਨਾ ਹੈ ਜੁ ਨਾਮਧਾਰੀ ਸਤਿਗੁਰਾਂ ਦੀ ਕਿਰਪਾ ਦ੍ਰਿਸ਼ਟੀ ਤੇ ਮਹਾਨ ਘਾਲਣਾ ਸਦਕਾ ਨਵੀਂ ਅਧਿਆਤਮਿਕ ਸ਼ਕਤੀ ਦੇ ਰੂਪ ਵਿਚ ਰੂਪਮਾਨ ਹੋਇਆ। ਗੁਰੂ ਪ੍ਰਤੀ ਸ਼ਰਧਾ, ਸਮਰਪਣ ਤੇ ਆਤਮ ਬਲੀਦਾਨ ਤਥਾ ਪ੍ਰਾਣ ਨਿਛਾਵਰ ਕਰ ਦੇਣ ਦੀਆਂ ਜੀਉਂਦੀਆਂ ਜਾਗਦੀਆਂ ਮਿਸਾਲਾਂ ਹੋਂਦ ਵਿਚ ਆਈਆਂ, ਜਿਨ੍ਹਾਂ ਉਤੇ ਕੋਈ ਵੀ ਮਨੁਖੀ ਸਮਾਜ ਮਾਣ ਕਰ ਸਕਦਾ ਹੈ। ਗੁਰੂ ਸਾਹਿਬ ਨੇ ਵੀ ਫੁਰਮਾਇਆ ਹੈ 'ਉਪਰਿ ਸਚੁ ਆਚਾਰੁ' ਜੇ ਇਸ ਸਚਿਆਰੇ ਆਚਰਣ ਦੀ ਕਰਾਮਾਤੀ ਤੇ ਆਦਰਸ਼ਕ ਸ਼ਕਤੀ ਨੂੰ ਵੇਖਣਾ ਹੋਵੇ ਤੇ ਸਿਖੀ ਸਿਦਕ ਦੇ ਸੁੰਦਰਤਮ ਪ੍ਰਮਾਣਾਂ ਦੀ ਖੋਜ ਕਰਨੀ ਹੋਵੇ ਤਾਂ ਇਨ੍ਹਾਂ ਗੁਰ-ਉਪਦੇਸ਼ਾਂ ਦੇ ਹਰ ਪੰਨੇ ਤੋਂ ਇਸ ਦੇ ਜਗਮਗਾਂਦੇ ਪ੍ਰਕਾਸ਼ ਨੂੰ ਵੇਖਿਆ ਜਾ ਸਕਦਾ ਹੈ। ਮਾਨੋ, ਸਤਿਗੁਰਾਂ ਨੇ ਕਿਰਪਾ-ਦ੍ਰਿਸ਼ਟੀ ਕਰਕੇ ਆਪਣੇ ਸਿਖਾਂ ਦੀ ਕਰਤੂਤ ਨੂੰ ਏਨਾ ਉਚੇਰਾ ਕਰ ਦਿਤਾ ਕਿ ਉਹ ਸਾਡੇ ਸਭ ਲਈ ਆਦਰਸ਼ਕ ਮਾਰਗ ਉਤੇ ਚਲਣ ਲਈ ਇਤਿਹਾਸ ਦੀ ਤਖਤੀ ਉਤੇ ਪੂਰਨੇ ਹਨ।

ਇਸ ਪੁਸਤਕ ਵਿਚ ਸਤਿਗੁਰੂ ਜੀ ਦੇ ਕੇਵਲ ਇਕ ਦਰਜਨ ਦੇ ਕਰੀਬ ਵਿਆਖਿਆਨ ਸੰਕਲਤ ਹਨ, ਪਰ ਇਹ ਸਾਡੇ ਧਾਰਮਿਕ ਬੰਧਾਨ ਤੇ ਇਤਿਹਾਸ ਦਾ ਉਤਕ੍ਰਿਸ਼ਟ ਗੌਰਵ ਅਤੇ ਵਿਆਪਕ ਭੰਡਾਰ ਹਨ। ਏਥੇ ਭਾਵੇਂ ਸੰਤ ਧਿਆਨ ਸਿੰਘ ਜੀ ਦੀ ਪੁਸਤਕ ਨੂੰ ਕਥਾ ਦਾ ਆਧਾਰ ਬਣਾਕੇ ਗੱਲ ਕੀਤੀ ਗਈ ਹੈ ਅਤੇ ਉਹ ਵੀ ਵਿਸ਼ੇਸ਼ ਤੌਰ ਤੇ ਮਲੇਰਕੋਟਲੇ ਦੇ ਮਹਾਨ ਸ਼ਹੀਦੀ ਸਾਕੇ, ਭਾਈ ਰਾਇ ਸਿੰਘ ਦੇ ਅਬਚਲ ਨਗਰ ਹਜ਼ੂਰ ਸਾਹਿਬ ਤੇ ਜਾਣ ਤੇ ਪਰਤਣ ਦੀ ਵਾਰਤਾ, ਅਨੰਦਪੁਰ ਸਾਹਿਬ ਦੇ ਹੋਲੇ ਦੀਆਂ ਘਟਨਾਵਾਂ ਨੂੰ ਆਧਾਰ ਬਣਾਇਆ ਗਿਆ ਹੈ, ਪਰ ਇਸ ਵਿਚ ਸ੍ਰੀ ਸਤਿਗੁਰੂ ਜੀ ਨੇ ਆਪਣੇ ਗਿਆਨ ਅਤੇ ਅਨੁਭਵ ਦੇ ਸਾਗਰ ਦੇ ਵਿਵਿਧ ਪੱਖਾਂ ਨੂੰ ਇਸ ਤਰ੍ਹਾਂ ਸੰਜੋਅ ਦਿਤਾ ਹੈ ਕਿ ਆਪਣੇ ਪਾਵਨ ਵਿਅਕਤੀਤਵ ਦੀ ਪਾਵਨ ਛੁਹ ਦੁਆਰਾ ਇਹ ਸਰਬ ਸਮਿਆਂ ਲਈ ਸਾਧ-ਸੰਗਤ ਤੇ ਸਮੂਹ ਮਨੁਖ ਜਾਤੀ ਲਈ ਅਧਿਆਤਮਿਕ ਜੋਤੀ ਤੇ ਆਦਰਸ਼ਕ ਸਮਾਜਿਕ ਜੀਵਨ ਜੁਗਤ ਦਾ ਚਾਨਣ-ਮੁਨਾਰਾ ਬਣ ਗਿਆ ਹੈ। ਨਾਮਧਾਰੀ ਰਹਿਤ ਮਰਿਆਦਾ ਤੇ ਇਤਿਹਾਸ ਤੋਂ ਬਿਨਾਂ ਸਮਕਾਲੀ ਸਮਾਜ ਦੇ ਅਨੇਕ ਪੱਖਾਂ ਬਾਰੇ ਜਿਸ ਦ੍ਰਿਸ਼ਟੀਕੋਣ ਦਾ ਸ੍ਰੀ ਸਤਿਗੁਰੂ ਜੀ ਨੇ ਇਹਨਾਂ ਉਪਦੇਸ਼ਾਂ ਵਿਚ ਨਿਰਮਾਣ ਕੀਤਾ ਹੈ, ਇਕ ਆਦਰਸ਼ਕ ਜੀਵਨ ਜੁਗਤ ਦੀ ਜਿਹੜੀ ਘਾੜਤ ਘੜੀ ਹੈ ਉਹ ਵਰਤਮਾਨ ਸੰਸਾਰ ਦੇ ਅੰਧਿਆਰੇ ਰਾਹਾਂ ਨੂੰ ਵੀ ਉਜਿਆਰ ਦੇਣ ਵਾਲੀ ਤੇ ਮਨੁਖਤਾ ਦੇ ਮਾਰਗ ਦੇ ਕੰਡੇ ਤੇ ਰੋਗਾਂ ਨੂੰ ਦੂਰ ਕਰਕੇ 'ਸਭੋ ਸਾਂਝੀਵਾਲ ਸਦਾਇਨ' ਦੇ ਸਮਾਜਕ ਲਕਸ਼ਾਂ ਉਤੇ ਲੈ ਜਾਣ ਦਾ ਵੱਡਾ ਪ੍ਰੀਸ਼ਰਮ ਹੈ ਜੋ ਸਤਿਗੁਰੂ ਜੀ ਨੇ ਜਗਤ ਕਲਿਆਣ ਹਿਤ ਕੀਤਾ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਾਂ ਪ੍ਰਤਾਪੀ ਵਿਅਕਤੀਤਵ ਦੇ ਜਲੌਅ ਦੀ ਤਾਬ ਕੌਣ ਝੱਲ ਸਕਦਾ ਹੈ, ਕੌਣ ਇਸ ਮਹਾਂ ਸ਼ਕਤੀ ਦੇ ਸੂਰਜੀ ਪ੍ਰਤਾਪ ਦਾ ਸਹੀ ਸਹੀ ਬਿਆਨ ਕਰ ਸਕਦਾ ਹੈ। ਜੇ ਸਤਿਗੁਰੂ ਜੀ ਦੇ ਗਿਆਨ ਵਲ ਜਾਈਏ ਤਾਂ ਹੈਰਾਨ ਹੋ ਜਾਈਦਾ ਹੈ। ਜੇ ਉਹਨਾਂ ਦੇ ਅਧਿਆਤਮਕ ਅਨੁਭਵ ਦੀ ਪਾਰਸ ਛੁਹ ਨੂੰ ਮਾਨਣ ਦਾ ਯਤਨ ਕਰੀਏ ਤਾਂ ਅਲੌਕਿਕ ਵਿਸਮਾਦੀ ਅਨੰਦ ਵਿਚ ਵਿਭੋਰ ਤੇ ਮਖਮੂਰ ਹੋ ਜਾਈਦਾ ਹੈ ਕਿ ਉਨ੍ਹਾਂ ਦੇ ਮਨੁਖੀ ਦਰਦ ਵਿਚ ਭਿੱਜੇ ਹਿਰਦੇ ਦੀ ਆਵਾਜ਼ ਤੇ ਪ੍ਰੇਰਨਾ ਨਾਲ ਸੁਰਬੱਧ ਹੋਇਆ ਜਾਵੇ ਤਾਂ ਸਹਿਜ ਸ਼ਾਂਤੀ ਵਾਲੇ ਸਮਾਜ ਦੀ ਸਿਰਜਣਾ ਸੰਭਵ ਹੁੰਦੀ ਜਾਪਦੀ ਹੈ। ਉਹ ਇਤਿਹਾਸ ਦੀ ਗੱਲ ਵੀ ਕਰਦੇ



Sri Satguru Jagjit Singh Ji eLibrary NamdhariElibrary@gmail.com

ਹਨ ਤੇ ਸਮਕਾਲੀ ਜੀਵਨ ਦੀਆ ਕੁਰੀਤੀਆਂ ਅਤੇ ਅਨੀਤੀਆਂ ਵਲ ਸੰਕੇਤ ਕਰਦੇ ਹੋਏ ਆਪਣੇ ਸਿਖਾਂ ਨੂੰ ਸਿਧੇ ਮਾਰਗ ਤੇ ਚੱਲਣ ਦੀ ਥਾਪੜੀ ਵੀ ਦਿੰਦੇ ਹਨ। ਜੇ ਇਹਨਾਂ ਗੁਰ-ਉਪਦੇਸ਼ਾਂ ਵਿਚ ਉਦਾਹਰਣਾਂ ਤੇ ਪ੍ਰਮਾਣਾਂ ਵਜੋਂ ਵਰਤੇ ਗਏ ਨਾਵਾਂ ਥਾਵਾਂ ਦੇ ਵੇਰਵੇ ਨੂੰ ਲਿਆ ਜਾਵੇ ਤਾਂ ਸਤਿਗੁਰੂ ਜੀ ਦੇ ਸੱਚ ਦੀ ਤਹਿ ਤਕ ਪੁਜਣ ਲਈ ਕੀਤੇ ਗਏ ਯਤਨਾਂ, ਲਗਨ ਅਤੇ ਖੋਜ ਦੀ ਬਿਰਤੀ ਤੋਂ ਚਕ੍ਰਿਤ ਰਹਿ ਜਾਈਦਾ ਹੈ, ਕਿਵੇਂ ਇਕ ਵਿਅਕਤੀ ਨੇ ਇਹ ਸਾਰੀ ਵਸਤੂ ਸਮੱਗਰੀ ਤੇ ਮਨੁਖੀ ਸਮੂਹਾਂ ਨੂੰ ਆਪਣੀ ਘੁੱਟਣੀ ਵਿਚ ਸਮੋਇਆ ਹੈ। ਇਹ ਆਪਣੀ ਮਿਸਾਲ ਆਪ ਹੈ—ਜਦੋਂ ਆਪ ਪ੍ਰਵਚਨ ਕਰਦੇ ਹਨ ਤਾਂ ਗਿਆਨਧਾਰਾ ਦਾ ਸਿੰਧੂ ਪਰਵਾਹ ਚਲ ਪੈਂਦਾ ਹੈ। ਮਧੁਰ ਕੰਠ ਤੇ ਪ੍ਰਭਾਵਸ਼ਾਲੀ ਬੋਲ ਸਿਧੇ ਹਿਰਦੇ ਵਿਚ ਉਤਰ ਜਾਂਦੇ ਹਨ ਅਤੇ ਸਾਡੇ ਅੰਦਰ ਤੂਫ਼ਾਨ ਮਚਾ ਦਿੰਦੇ ਹਨ। ਦਰਦ ਤੇ ਪ੍ਰੇਮ ਦੀ ਝੀਣੀ ਬਾਣ-ਬਰਖਾ ਹੋਣ ਲਗ ਪੈਂਦੀ ਹੈ। ਅਤੇ ਏਥੇ ਹੀ ਬਸ ਨਹੀਂ ਹੁੰਦੀ ਸ੍ਰੀ ਸਤਿਗੁਰੂ ਜੀ ਇਸ ਭਵ ਸਾਗਰ ਵਿਚੋਂ ਸਹਿਜ ਦੀ ਅਡੋਲਤਾ ਦੁਆਰਾ ਪਾਰ ਵੀ ਕਰ ਦਿੰਦੇ ਹਨ। ਜੇ ਇਨ੍ਹਾਂ ਪ੍ਰਵਚਨਾਂ ਨੂੰ ਸੁਣਨ ਦਾ ਇਹ ਪ੍ਰਭਾਵ ਸਾਡੇ ਤਪਦੇ ਅਤੇ ਅਸ਼ਾਂਤ ਮਨਾਂ ਉਤੇ ਪੈਂਦਾ ਹੈ ਤਾਂ ਇਨ੍ਹਾਂ ਦੇ ਪੜ੍ਹਨ ਨਾਲ ਇਹ ਪ੍ਰਭਾਵ ਹੋਰ ਵੀ ਸਥਿਰ ਕਿਉਂ ਨਹੀਂ ਹੋ ਸਕੇਗਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਇਹਨਾਂ ਵਿਆਖਿਆਨਾਂ ਨੂੰ ਪ੍ਰਕਾਸ਼ਤ ਕਰਕੇ ਵਰਤਮਾਨ ਤੇ ਆਗਾਮੀ ਜਗਿਆਸੂਆਂ ਤੇ ਅਭਿਆਸੀਆਂ ਤੇ ਵੱਡਾ ਉਪਕਾਰ ਕੀਤਾ ਹੈ ਤੇ ਉਸ ਬੀਬੀ ਜੀ ਦਾ ਵੀ ਧੰਨਵਾਦ ਕਰਨ ਨੂੰ ਜੀ ਕਰਦਾ ਹੈ ਜਿਨ੍ਹਾਂ ਨੇ ਕਠਿਨ ਮਿਹਨਤ ਕਰਕੇ ਇਹਨਾਂ ਨੂੰ ਵਰਤਮਾਨ ਰੂਪ ਵਿਚ ਸੰਕਲਤ ਕਰਨ ਦੀ ਸੇਵਾ ਨੂੰ ਨਿਭਾਇਆ ਹੈ। ਸੱਚ! ਇਹ ਤਾਂ ਗੁਰੂ ਦੇ ਫੁਰਮਾਣ ਹਨ, ਗੁਰੂ ਦੀ ਕਾਰ ਹੈ, ਗੁਰੂ ਘਰ ਦੀ ਸੇਵਾ ਹੈ, ਜਿਸ ਕਿਸੇ ਨੂੰ ਵੀ ਸਤਿਗੁਰੂ ਜੀ ਇਹ ਬਖਸ਼ਦੇ ਹਨ ਉਨ੍ਹਾਂ ਦੇ ਵੱਡੇ ਭਾਗ ਹੁੰਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਪ੍ਰੀਸ਼ਰਮ ਰਾਹੀਂ ਇਸ ਪੁਸਤਕ ਦੇ ਰੂਪ ਵਿਚ ਉਹ ਸਦੀਵਕਾਲ ਤਕ ਜਗਦਾ ਦੀਪਕ ਸਾਡੇ ਹੱਥਾਂ ਵਿਚ ਦੇ ਦਿਤਾ ਹੈ ਜਿਸ ਦੀ ਰੋਸ਼ਨੀ ਵਿਚ ਸਾਡੇ ਜੀਵਨ ਮਾਰਗ ਦਾ ਕੋਈ ਕਦਮ ਵੀ ਹਨੇਰੇ ਵਿਚ ਨਹੀਂ ਰਹਿ ਸਕਦਾ। ਲੋੜ ਤਾਂ ਇਸ ਗੱਲ ਦੀ ਹੈ ਕਿ ਸ੍ਰੀ ਸਤਿਗੁਰੂ ਜੀ ਕਿਰਪਾ ਕਰਨ ਕਿ ਸਾਡੇ ਹੱਥਾਂ ਵਿਚ ਨਾਮ ਬਾਣੀ ਤੇ ਸੁਚ ਸੋਧ ਦਾ ਇਹ ਸੁਨਹਿਰੀ ਥਾਲ ਸਦਾ ਸਦਾ ਲਈ ਟਿਕਿਆ ਰਹੇ, ਜਿਸ ਵਿਚ ਗੁਰੂ ਦੀਖਿਆ ਦੀ ਇਹ ਜੋਤ ਸਦਾ ਸਦਾ ਲਈ ਜਗ ਰਹੀ ਹੈ। ਆਪਣੀ ਅਰਦਾਸ ਵਿਚ ਅਸੀਂ ਰੋਜ਼ ਇਹ ਸ਼ਬਦ ਦੁਹਰਾਉਂਦੇ ਹਾਂ, "ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਿਮਰੀਏ ਜਿਨ੍ਹਾਂ ਕਲਿਜੁਗ ਵਿਚ ਨਾਮਬਾਣੀ ਦਾ ਪਰਵਾਹ ਦਿਤਾ ਚਲਾਇ।" ਜੇ ਕਿਸੇ ਨੇ ਨਾਮ ਬਾਣੀ ਸੁਚ ਸੋਧ ਦੇ ਅਖੁਟ ਪਰਵਾਹ ਦੇ ਸਾਖਿਆਤ ਦਰਸ਼ਨ ਕਰਨੇ ਹੋਣ ਤਾਂ ਇਹਨਾਂ ਗੁਰ ਉਪਦੇਸ਼ਾਂ ਨੂੰ ਪੜ੍ਹ ਲਵੇ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਨ੍ਹਾਂ ਦੇ ਬਚਨਾਂ ਦੁਆਰਾ ਸਾਖਿਅਤ ਦਰਸ਼ਨ ਕਰ ਲਵੇ। (ੇ)

# ਗੀਤ

**—ਅਜੈਬ ਸਿੰਘ**

ਸ਼ਹਿਨਸ਼ਾਹਾ! ਸਾਨੂੰ ਭੀ ਤੂੰ ਬਾਦਸ਼ਾਹ ਬਣਾ ਕੇ ਛਡਿਆ
ਦੋਵੇਂ ਹੱਥੀਂ ਵੰਡਦੇ ਜਾਈਏ
ਬੁਕ ਦੀ ਥਾਂ ਅਸੀਂ ਪੰਡ ਦੇ ਜਾਈਏ
ਗੁੜ ਦੀ ਥਾਂ ਬੂਰਾ ਖੰਡ ਦੇ ਜਾਈਏ
ਕਿੰਨਾ ਸੋਹਣਾ ਸਬਕ ਪੜ੍ਹਾ ਕੇ ਛਡਿਆ......

ਜੀਅ ਕਰਦੈ ਸਭ ਦੇ ਕੰਮ ਆਈਏ
ਡਿਗਿਆਂ ਨੂੰ ਚੁਕ ਚੁਕ ਗਲ ਲਾਈਏ
ਅੰਗਹੀਣਾਂ ਨਾਲ ਪਿਆਰ ਵਧਾਈਏ
ਸਾਡੇ ਦਿਲ ਦਾ ਤੂੰ ਕੰਵਲ ਖਿੜਾ ਕੇ ਛਡਿਆ......

ਕਿੰਨਾ ਸੋਹਣਾ ਜੀਵਨ ਮਿਲਿਆ
ਅੰਗ ਅੰਗ ਸਾਡੇ ਚੰਬਾ ਖਿਲਿਆ
ਮਹਿਕਾਂ ਖੁਸ਼ਬੋਆਂ ਦਾ ਹਿਲਿਆ
ਸਾਡੇ ਕਣ ਕਣ ਖੇੜਾ ਤੂੰ ਰਚਾ ਕੇ ਛਡਿਆ......

ਹਸਦੇ ਨਚਦੇ ਗਾਉਂਦੇ ਚਲੀਏ
ਮਹਿਕਾਂ ਵੰਡਦੇ ਭਾਉਂਦੇ ਚਲੀਏ
ਫੁੱਲ ਬਗੀਚੇ ਲਾਉਂਦੇ ਚਲੀਏ
ਸਾਡੀ ਜ਼ਿੰਦਗੀ ਨੂੰ ਟੀਸੀ ਤੂੰ ਪੁਚਾ ਕੇ ਛਡਿਆ......
ਸ਼ਹਿਨਸ਼ਾਹਾ! ਸਾਨੂੰ ਭੀ ਤੂੰ ਬਾਦਸ਼ਾਹ ਬਣਾ ਕੇ ਛਡਿਆ।

ਅਸੀਸ, ਦੀ ਮਾਲ ਕਪੂਰਥਲਾ ੧੪੪੦੦੧



Sri Satguru Jagjit Singh Ji eLibrary NamdhariElibrary@gmail.com

# ਇੰਦਰ ਸਿੰਘ ਨਾਮਧਾਰੀ

**—ਆਤਮਾ ਸਿੰਘ ਸਨਖਤਰਵੀ**

(ਅਹੀਆਪੁਰ)

ਸੰਮਤ ੨੦੧੮ ਬਿਕਰਮੀ ਦੀ ਗੱਲ ਹੈ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਨੇ ਹੁਕਮ ਦੇਕੇ ੨੫-੩੦ ਸਿੰਘਾਂ ਸਮੇਤ ਮੈਨੂੰ ਡਾਲਟੰਨ ਗੰਜ (ਬਿਹਾਰ) ਮਹੀਨਾ ਭਰ ਅਖੰਡ ਪਾਠ ਕਰਨ ਵਾਸਤੇ ਭੇਜਿਆ। ਭਾਵੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਮੇਂ ਸਮੇਂ ਕਾਫ਼ੀ ਚਿਰ ਤੋਂ ਏਥੇ ਦਰਸ਼ਨ ਦਿੰਦੇ ਅਤੇ ਹੋਰ ਵੀ ਨਾਮਧਾਰੀ ਜਥੇਦਾਰ ਏਥੋਂ ਦੀ ਸਾਧ ਸੰਗਤ ਨੂੰ ਦਰਸ਼ਨ ਦਿੰਦੇ ਰਹਿੰਦੇ ਸਨ। ਪਰ ਮੇਰੇ ਵਾਸਤੇ ਏਥੋਂ ਦੀ ਸਾਧ ਸੰਗਤ ਅਥਵਾ ਸੰਤ ਬਾਬਾ ਜੋਧ ਸਿੰਘ ਜੀ ਦੇ (ਸੰਤ ਬਲਵੰਤ ਸਿੰਘ ਜੀ, ਸੰਤ ਕ੍ਰਿਪਾਲ ਸਿੰਘ, ਸੰਤ ਅਮਰ ਸਿੰਘ, ਸੰਤ ਸੁਰਿੰਦਰ ਸਿੰਘ, ਸੰਤ ਮਹਿੰਦਰ ਸਿੰਘ, ਪ੍ਰੋ. ਇੰਦਰ ਸਿੰਘ ਜੀ, ਸੰਤ ਪ੍ਰੀਤਮ ਸਿੰਘ ਤੇ ਸੰਤ ਅਜੀਤ ਸਿੰਘ ਜੀ) ਪ੍ਰਫੁਲਤ ਪ੍ਰੀਵਾਰ ਦਾ ਦਰਸ਼ਨ ਮੇਲਾ ਕਰਨ ਦਾ ਪਹਿਲਾ ਹੀ ਮੌਕਾ ਸੀ।

ਜਦਕਿ ਏਥੇ ਸੂਬਾ ਦੀਵਾਨ ਸਿੰਘ, ਸੰਤ ਹਾਕਮ ਸਿੰਘ, ਜੀ, ਸੰਤ ਜੈ ਸਿੰਘ ਜੀ, ਸੰਤ ਸੁੰਦਰ ਸਿੰਘ ਜੀ ਆਦਿਕ ਹੋਰ ਭੀ ਬਹੁਤ ਸਾਰੇ ਨਾਮਧਾਰੀ ਪ੍ਰੀਵਾਰ ਕਾਰ-ਵਿਹਾਰ ਕਰਦੇ ਸਨ, ਸਗੋਂ ਇਸੇ ਪ੍ਰੀਵਾਰ ਦੇ ਸੰਤ ਬਾਬਾ ਬੁੱਧ ਸਿੰਘ ਜੀ ਦਾ ਪ੍ਰੀਵਾਰ ਗੜਵੇ ਸ਼ਹਿਰ ਵਿਚ ਵੀ ਰਹਿੰਦਾ ਨਾਮਧਾਰੀ ਸੰਗਤ ਦਾ ਬਹੁਤ ਸ਼ਰਧਾਲੂ ਤੇ ਸੇਵਕ ਵਿਦਮਾਨ ਸੀ।

ਜਿਥੇ ਡਾਲਟੰਨ ਗੰਜ ਵਿਚ ਵਸਦੇ ਸਾਰੇ ਪ੍ਰੀਵਾਰ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਨਾਮਧਾਰੀ ਅਸੂਲਾਂ, ਪਹਿਰਾਵੇ, ਪੰਥਕ ਪ੍ਰਚਾਰ ਦੀ ਲਗਨ ਰਖਦੇ ਸਨ, ਓਥੇ ਸ੍ਰੀਮਾਨ ਸੰਤ ਜੋਧ ਸਿੰਘ ਜੀ ਦੇ ਪ੍ਰਵਾਰ ਦਾ ਗੁਰੂ ਘਰ ਨਾਲ ਖਾਸ ਡੂੰਘਾ ਸਬੰਧ ਸੀ ਤੇ ਹੈ।

ਜਿਵੇਂ ਕਿ :—

ਸੰਮਤ ੨੦੧੬ ਤੋਂ ਬਾਅਦ ਬਾਬਾ ਜੋਧ ਸਿੰਘ ਜੀ ਨੂੰ ਇਕ ਬਾਂਹ ਵਿਚ ਕੁਦਰਤੀ ਦਰਦ ਸ਼ੁਰੂ ਹੋ ਗਈ। ਆਗਿਆ-ਕਾਰੀ ਸਪੁਤਰਾਂ ਵਲੋਂ ਬਿਹਾਰ ਦੇ ਵਧੀਆ ਡਾਕਟਰਾਂ ਦਾ ਇਲਾਜ ਹੋਣ ਲਗਾ।

ਜਦ ਪਹਿਲੀ ਵਾਰੀ ਸੱਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਪਾਠੀ ਧੂਪੀਆਂ ਲਾਂਗਰੀਆਂ ਸਮੇਤ ਮੈਂ ਡਾਲਟੰਨ ਗੰਜ ਪਹੁੰਚਾ ਤਾਂ ਬੀਮਾਰੀ ਦੀ ਹਾਲਤ ਵਿਚ ਹੀ ਰਾਂਚੀ ਹਸਪਤਾਲ ਤੋਂ ਆਪਣੇ ਘਰ ਪੰਜਾਬੀ ਕੋਠੀ ਵਿਚ ਆ ਗਏ, ਤੇ ਪੂਰੀ ਭਾਵਨਾ ਨਾਲ ਕੋਠੀ ਵਿਚ ਪਾਠਾਂ ਦਾ ਆਰੰਭ ਕਰਵਾ ਦਿਤਾ, ਅਰ ਸਾਰਾ ਪ੍ਰੀਵਾਰ ਮਨ ਬਚ ਕਰਮ ਕਰਕੇ ਸਾਧ ਸੰਗਤ ਦੀ ਸੇਵਾ ਵਿਚ ਜੁੱਟ ਗਿਆ।

ਇਕ ਦਿਨ ਬਚਨ ਬਿਲਾਸ ਕਰਦਿਆਂ ਜਦ ਮੈਂ ਬਾਬਾ ਜੀ ਨੂੰ ਇਕੋਤਰ ਸੌ ਅਖੰਡ ਪਾਠ ਕਰਵਾਉਨ ਦਾ ਕਾਰਨ ਪੁਛਿਆ, ਤਾਂ ਬਾਬਾ ਜੀ ਨੇ ਦਸਿਆ ਕਿ ਸੰਤ ਜੀ ਜਦ ਬਾਂਹ ਦੀ ਦਰਦ ਦੇ ਬਾਵਜੂਦ ਵਡੇ ਵਡੇ ਡਾਕਟਰਾਂ ਦੇ ਇਲਾਜ ਨਾਲ ਵੀ ਹਟਦੀ ਨਜ਼ਰ ਨਾ ਆਈ, ਤਾਂ ਮੈਨੂੰ ਬਿਸਤਰ ਉਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦਾ ਧਿਆਨ ਆਇਆ ਤੇ ਸੋਚਿਆ—"ਜੋਧ ਸਿੰਘ ਤੇਰਾ ਸਾਰਾ ਪਦਾਰਥ ਤਾਂ ਡਾਕਟਰ ਈ ਲਈ ਜਾ ਰਹੇ...ਤੇ ਆਰਾਮ ਕੋਈ ਆ ਨਹੀਂ ਰਿਹਾ..... ਹੋਵੇ ਨਾ ਸਾਧ ਸੰਗਤ ਨੂੰ ਡਾਲਟੰਨ ਗੰਜ ਸੱਦਕੇ ਅਰ ਸਤਿਗੁਰੂ ਜਗਜੀਤ ਸਿੰਘ ਜੀ ਅਗੇ ਅਰਜ਼ ਕਰਕੇ ਇਕੋਤਰ ਸੌ ਅਖੰਡ ਪਾਠ (ਸ੍ਰੀ ਸਤਿਗੁਰੂ ਜੀ ਦੀ ਮਰਯਾਦਾ ਅਨੁਸਾਰ) ਕਿਉਂ ਨਾ ਕਰਵਾਇਆ ਜਾਵੇ ? ਅੱਵਲ ਤਾਂ ਪਾਠ ਕਰਵਾਉਣ ਦੇ ਫਲਸਰੂਪ ਸਰੀਰਕ ਕਸ਼ਟ ਸੁਭਾਵਿਕ ਹੀ ਹਟ ਜਾਵੇਗਾ, ਪਰ ਜੇ ਕਿਸੇ ਕਾਰਨ ਨਾ ਵੀ ਹਟੇ ਤਾਂ ਇਹ ਮਾਇਆ ਸਾਧ ਸੰਗਤ ਦੀ ਸੇਵਾ ਵਿਚ ਤਾਂ ਲੱਗੇ, ਐਵੇਂ ਇਹ ਧਨ ਅਕਾਰਥ ਹੀ ਨਾ ਲਗਦਾ ਰਹੇ ? ਮਹੰਤ ਜੀ ਮੈਂ ਸੰਕਲਪ ਕੀਤਾ ਹੈ ਕਿ ਅੱਧੇ ਪਾਠ (੫੨) ਇਸ ਸਾਲ ਤੇ ਅੱਧੇ ਪਾਠ ਆਉਂਦੇ ਸਾਲ ਕਰਵਾਕੇ ਸੱਚੇ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰਾਂ।

ਸੰਤ ਜੀ, ਅਰਦਾਸ ਕਰੋ, ਸੱਚੇ ਪਾਤਸ਼ਾਹ ਮੇਰਾ ਇਹ ਸੰਕਲਪ ਪੂਰਾ ਕਰਨਾ.........।

ਸਤਿਕਾਰ ਯੋਗ ਬਾਬਾ ਜੀ ਇਸ ਸ਼ੁਭ ਸੰਕਲਪ ਦੀ ਪੂਰਤੀ ਵਾਸਤੇ ਸਥਾਨਿਕ ਤੇ ਬਾਹਰੋਂ ਆਈ ਸਾਧ ਸੰਗਤ ਦਾ ਦੋਵੇਂ ਵਕਤ ਅਤੁਟ ਲੰਗਰ ਕਰਵਾਇਆ ਕਰਦੇ ਤੇ ਅਨੇਕਾਂ ਅਤਿਥੀਆਂ ਨੂੰ ਆਪਣੀ ਹੱਥੀਂ ਪਦਾਰਥ ਵਰਤਾਇਆ ਕਰਦੇ ਸਨ।

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਅਪਾਰ ਕ੍ਰਿਪਾ ਦੁਆਰਾ ਤਕਰੀਬਨ ੮ ਸਾਲ (ਪ੍ਰਤੀ ਸਾਲ) ਸਾਧ ਸੰਗਤ ਦੀ ਸੇਵਾ ਕਰਨ ਦਾ ਸੁਭਾਗ ਮੈਨੂੰ ਵੀ ਪ੍ਰਾਪਤ ਹੁੰਦਾ ਰਿਹਾ।

ਬੀਤੇ ਸਾਲਾਂ ਦੇ ਦੌਰਾਨ ਬਾਬਾ ਜੀ ਦੇ ਪਰਿਵਾਰ ਵਿਚ



Sri Satguru Jagjit Singh Ji eLibrary NamdhariElibrary@gmail.com

ਆਗਿਆਕਾਰੀ ਤੇ ਆਪਸੀ ਭ੍ਰਾਤਰੀ ਭਾਵ ਦਾ ਜੋ ਅਕਥਨੀਯ ਪਿਆਰ ਮੇਰੇ ਵੇਖਣ ਵਿਚ ਆਉਂਦਾ ਰਿਹਾ ਉਸ ਦੀ ਮਿਸਾਲ ਮਿਲਣੀ ਅਸੰਭਵ ਹੈ। ਜਿਥੇ ਨਾਮਧਾਰੀ ਧਰਮਸ਼ਾਲਾ ਵਿਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਤੇ ਸ਼ਾਮ ਦੇ ਨਿਤਨੇਮ ਵਿਚ ਡਾਲਟੰਨ ਗੰਜ ਨਿਵਾਸੀ ਸਭ ਪ੍ਰਵਾਰ ਮਿਲ ਕੇ ਬੈਠਦੇ ਤੇ ਮਾਈ ਭਾਈ ਕੀਰਤਨ ਕਰਿਆ ਕਰਦੇ, ਉਥੇ ਪ੍ਰੋ. ਇੰਦਰ ਸਿੰਘ ਜੀ (ਜੋ ਕਿ ਸਵੇਰ ਦੇ ਕੀਰਤਨ ਸਮੇਂ ਪੂਰਨ ਰਿਸ਼ੀ ਪ੍ਰਤੀਤ ਹੁੰਦੇ) ਦੀਵਾਨ ਦੀ ਸਮਾਪਤੀ ਤੋਂ ਬਾਦ ਗੁਰੂਬਾਣੀ, ਹਿੰਦੀ ਤੇ ਸੰਸਕ੍ਰਿਤ, ਅੰਗਰੇਜ਼ੀ ਵਿਚ ਅਥਵਾ ਪੌਰਾਣਿਕ ਕਥਾ ਜੋ ਸੁਣਾਇਆ ਕਰਦੇ ਤੇ ਪ੍ਰਕਰਣ ਪੂਰਤੀ ਨਾਲ ਕਿਤਨਾ ਕਿਤਨਾ ਚਿਰ ਸੰਗਤ ਨੂੰ ਜੋੜੀ ਰਖਦੇ। ਸਗੋਂ ਸਮੇਤ ਸਭ ਭਰਾਵਾਂ ਦੇ ਤੇ ਹੋਰ ਸਭ ਪੂਰਕ ਵਿਆਖਿਆ ਨੂੰ ਬਹੁਤ ਹੀ ਪ੍ਰੇਮ ਨਾਲ ਸ੍ਰਵਣ ਕਰਿਆ ਕਰਦੇ। ਪਰ ਇਸ ਤੋਂ ਉਪਰੰਤ ਜਦ ਮੈਂ ਪ੍ਰੋ. ਜੀ ਦਾ ਆਮ ਲੋੜਵੰਦਾਂ ਦੇ ਰਾਜਸੀ ਤੇ ਸਮਾਜ ਭਲਾਈ ਵਾਲੇ ਰੁਝੇਵੇਂ ਵੇਖਦਾ ਤਾਂ ਪਤਾ ਲਗਦਾ ਪ੍ਰੋ: ਜੀ ਇਕ ਕਥਾ ਵਾਚਕ ਵਿਦਵਾਨ ਹੀ ਨਹੀਂ। ਸਗੋਂ ਇਕ ਵਡੇ ਨਿਸ਼ਕਾਮੀ ਨਿਰਲਾਲਚੀ, ਪਰਸੁਆਰਥੀ ਇਕ ਮਹਾਨ ਰਾਜਨੀਤੱਗ ਹੀ ਨਹੀਂ ਸਗੋਂ ਲੋਕ ਪ੍ਰਿਯ ਲੀਡਰ ਭੀ ਹਨ।

ਭਾਵੇਂ ਕਾਫੀ ਚਿਰ ਤੋਂ ਮੈਨੂੰ ਡਾਲਟੰਨ ਗੰਜ ਨਿਵਾਸੀ ਸਾਧ ਸੰਗਤ ਅਤੇ ਪ੍ਰੋ. ਸੰਤ ਇੰਦਰ ਸਿੰਘ ਜੀ ਦੀ ਪ੍ਰਭਾਵਸ਼ਾਲੀ ਤੇ ਸਰਵਗੁਣ ਸਪੰਨ ਸ਼ਖਸੀਅਤ ਦੀ ਨੇੜਤਾ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ, ਪਰ ਗੁਰਪੁਰ ਵਾਸੀ ਬਾਬਾ ਜੋਧ ਸਿੰਘ ਜੀ ਅਤੇ ਸਮੇਂ ਸਮੇਂ ਸਿਰ ਵਿਛੜ ਗਏ ਸ. ਦੇਵਤਾ ਸਰੂਪ ਸੰਤ ਬਲਵੰਤ ਸਿੰਘ, ਸ੍ਰੀ ਸੁਰਿੰਦਰ ਸਿੰਘ ਤੇ ਖੁਸ਼ੀਆਂ ਦੇ ਪ੍ਰਵਾਹਿਕ ਸੰਤ ਮਹਿੰਦਰ ਸਿੰਘ ਜੀ ਦੀ ਯਾਦ ਮੇਰੇ ਅੰਦਰੋਂ ਆਖਰੀ ਦਮ ਤਕ ਭੀ ਨਾ ਭੁਲੇ ?

ਪਰ ਸੰਤ ਕ੍ਰਿਪਾਲ ਸਿੰਘ, ਅਮਰ ਸਿੰਘ, ਪ੍ਰੋ. ਸੰਤ ਇੰਦਰ ਸਿੰਘ ਜੀ, ਪ੍ਰੀਤਮ ਸਿੰਘ ਤੇ ਸੰਤ ਅਜੀਤ ਸਿੰਘ ਜੀ ਅਜ ਵੀ ਮੂਰਤੀਮਾਨ ਨਜ਼ਰ ਆ ਰਹੇ ਹਨ। ਥੋੜ੍ਹੇ ਦਿਨ ਹੋਏ, ਸਤਿਜੁਗ ਦਿਲੀ ਤੇ ਵਰਿਆਮ ਮਾਸਕ ਪਤਰ ਜਲੰਧਰ ਵਿਚੋਂ ਪ੍ਰੋਫੈਸਰ ਸੰਤ ਇੰਦਰ ਸਿੰਘ ਜੀ ਦਾ ਬਿਹਾਰ ਸਰਕਾਰ ਵਿਚ ਪੂਰੇ ਮਾਨ ਸਤਿਕਾਰ ਨਾਲ ਸ਼ਾਮਲ ਹੋਣਾ ਪੜ੍ਹ ਕੇ ਬੇਹੱਦ ਖੁਸ਼ੀ ਪ੍ਰਾਪਤ ਹੋਈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਚੇ ਪਾਤਸ਼ਾਹ ਦੀ ਮਹਾਨ ਕ੍ਰਿਪਾਲਤਾ ਤੇ ਬਖਸ਼ਿਸ਼ ਦਾ ਹੀ ਇਕ ਕ੍ਰਿਸ਼ਮਾ ਹੈ। ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਆਪਣੇ ਉੱਚੇ ਤੇ ਸੁੱਚੇ ਇਸ ਪੰਥਕ ਹੀਰੇ ਨੂੰ ਧਰਮ, ਦੇਸ਼, ਕੌਮ, ਅਥਵਾ ਗਊ-ਗਰੀਬ ਦੀ ਸੇਵਾ ਕਰਨ ਦਾ ਸਦੀਵ ਕਾਲ ਬਲ ਬਖਸ਼ਦੇ ਰਹਿਣ। ਇਹ ਮੇਰੀ ਅਰਦਾਸ ਹੈ।

)=(


ਹਰ ਪ੍ਰਕਾਰ ਦੀ ਜਾਇਦਾਦ, ਪਲਾਟ, ਕੋਠੀ, ਜ਼ਮੀਨ ਆਦਿ

ਖਰੀਦਣ ਜਾਂ ਵੇਚਣ ਵਾਸਤੇ ਮਿਲੋ

ਸ. ਸ਼ੇਰ ਸਿੰਘ ਖੇੜਾ, ਸ. ਗੁਰਮੇਲ ਸਿੰਘ

# ਖੇੜਾ ਪਰਾਪਰਟੀ ਡੀਲਰ

ਨੇੜੇ ਰਾਜਗੁਰੂ ਨਗਰ, ਫੀਰੋਜ਼ਪੁਰ ਰੋਡ, ਲੁਧਿਆਣਾ

ਫੋਨ : 454543, ਨਿਵਾਸ 452822





Sri Satguru Jagjit Singh Ji eLibrary NamdhariElibrary@gmail.com

ਕਹਾਣੀ

# ਗਰਮ ਕੋਟ

—ਰਾਜਿੰਦਰ ਸਿੰਘ ਬੇਦੀ

ਮਿਅਰਾਜੁੱਦ-ਦੀਨ ਟੇਲਰ ਮਾਸਟਰ ਦੀ ਦੁਕਾਨ ਉਤੇ ਟੰਗੇ ਹੋਏ ਵਧੀਆ ਵਧੀਆ ਸੂਟ ਮੈਥੋਂ ਭੁੱਲੇ ਹੋਏ ਨਹੀਂ। ਉਨ੍ਹਾਂ ਨੂੰ ਵੇਖ ਕੇ ਮੇਰੇ ਜੀ ਵਿਚ ਬੜੀ ਵਾਰੀ ਲਹਿਰ ਉਠਦੀ ਹੈ ਕਿ ਮੇਰਾ ਗਰਮ ਕੋਟ ਹੁਣ ਬਿਲਕੁਲ ਜਵਾਬ ਦੇ ਚਲਿਆ ਹੈ, ਮੈਂ ਐਤਕੀਂ, ਹੱਥ ਭਾਵੇਂ ਕਿੰਨਾ ਤੰਗ ਕਿਉਂ ਨਾ ਹੋਵੇ, ਮੈਂ ਆਪਣੇ ਲਈ ਇਕ ਗਰਮ ਸੂਟ ਜ਼ਰੂਰ ਸਿਵਾ ਲਵਾਂ। ਮੈਂ ਟੇਲਰ ਮਾਸਟਰ ਦੀ ਦੁਕਾਨ ਦੇ ਸਾਹਮਣਿਓਂ ਨਾ ਲੰਘਾਂ ਜਾਂ ਆਪਣੇ ਮਹਿਕਮੇ ਦੇ ਮਨੋਰੰਜਨ ਕਲੱਬ ਵਿਚ ਜਾਣ ਤੋਂ ਸੰਕੋਚ ਵਰਤੀ ਤਾਂ ਹੋ ਸਕਦਾ ਹੈ ਮੈਨੂੰ ਗਰਮ ਕੋਟ ਦੇ ਬਦਲਣ ਦਾ ਖ਼ਿਆਲ ਹੀ ਨਾ ਆਵੇ ਪਰ ਕਲੱਬ ਵਿਚ ਜਦੋਂ ਸੰਤਾ ਸਿੰਘ ਤੇ ਯਜ਼ਦਾਨੀ ਦੇ ਕੋਟਾਂ ਦੀ ਵਧੀਆ ਵਰਸਟਿਡ ਮੇਰੀ ਕਲਪਨਾ ਦੇ ਘੋੜੇ ਨੂੰ ਛਾਂਟੇ ਮਾਰਦੀ ਹੈ ਤਾਂ ਮੇਰੇ ਅੰਦਰ ਕੋਟ ਦੇ ਖੱਦੇ ਹੋਣ ਦਾ ਇਹਸਾਸ ਤਿਖੇਰਾ ਹੋ ਜਾਂਦਾ, ਜਿਵੇਂ ਮੇਰਾ ਕੋਟ ਇਕ ਅੱਗੇ ਨਾਲੋਂ ਕਿਤੇ ਵੱਧ ਬਿਰਧ ਹੋ ਗਿਆ ਹੋਵੇ।

ਆਪਣੇ ਟੱਬਰ ਦਾ ਢਿੱਡ ਭਰਨ ਲਈ ਮੇਰੇ ਵਰਗੇ ਮਾਮੂਲੀ ਕਲਰਕ ਨੂੰ ਆਪਣੀਆਂ ਬਹੁਤ ਸਾਰੀਆਂ ਲੋੜਾਂ ਦਾ ਤਿਆਗ ਕਰਨਾ ਪੈਂਦਾ ਹੈ ਤੇ ਟੱਬਰ ਦੇ ਜੀਆਂ ਨੂੰ ਧੁਰ ਮਿੱਝ ਤੀਕਰ ਯੱਖ ਬਣਾ ਦੇਣ ਵਾਲੇ ਸੀਤ ਤੋਂ ਬਚਾਉਣ ਲਈ ਮੋਟੇ-ਮਾਟੇ ਕੱਪੜਿਆਂ ਨਾਲ ਗੁਜ਼ਾਰਾ ਕਰਨਾ ਪੈਂਦਾ ਹੈ। ਇਹ ਗਰਮ ਕੋਟ ਮੈਂ ਪਰਾਰ ਦਿੱਲੀ ਦਰਵਾਜ਼ੇ ਦੇ ਬਾਹਰੋਂ ਪੁਰਾਣੇ ਕੋਟਾਂ ਦੇ ਇਕ ਹੱਟ ਤੋਂ ਲਿਆ ਸੀ। ਕੋਟਾਂ ਵਾਲੇ ਵਪਾਰੀ ਨੇ ਹੰਢਾਏ ਹੋਏ ਕੋਟਾਂ ਦੀਆਂ ਸੈਂਕੜੇ ਗੰਢਾਂ ਕਿਸੇ 'ਮਰਾਂਜਾ ਮਰਾਂਜਾ ਐਂਡ ਕੰਪਨੀ, ਕਰਾਚੀ' ਤੋਂ ਮੰਗਵਾਈਆਂ ਸਨ। ਮੇਰੇ ਕੋਟ ਵਿਚ ਨਕਲੀ ਸਿਲਕ ਦੇ ਅਸਤਰ ਦੀ ਬਣੀ ਹੋਈ ਅੰਦਰਲੀ ਜੇਬ ਦੇ ਥੱਲੇ ਕਰਕੇ 'ਮਰਾਂਜਾ ਮਰਾਂਜਾ ਐਂਡ ਕੋ' ਦਾ ਲੇਬਲ ਲੱਗਾ ਹੋਇਆ ਸੀ। ਮੈਨੂੰ ਇਹ ਕੋਟ ਓਦੋਂ ਤਾਂ ਕੌਡੀਆਂ ਦੇ ਭਾ ਮਿਲ ਗਿਆ ਸੀ, ਪਰ ਮਹਿੰਗਾ ਰੋਵੇ ਇਕ ਵਾਰ ਤੇ ਸਸਤਾ ਰੋਵੇ ਵਾਰ ਵਾਰ। ਮੇਰੇ ਕੋਟ ਨੂੰ ਹਰ ਵੇਲੇ ਮੁਰੰਮਤ ਦੀ ਲੋੜ ਰਹਿੰਦੀ ਹੈ।

ਏਸੇ ਦਸੰਬਰ ਦੀ ਇਕ ਸ਼ਾਮ ਨੂੰ ਕਲੱਬ ਤੋਂ ਮੁੜਦਿਆਂ ਮੈਂ ਜਾਣ-ਬੁੱਝ ਕੇ ਅਨਾਰਕਲੀ ਬਜ਼ਾਰ ਵਿਚ ਦੀ ਲੰਘਿਆ ਕਿਉਂਕਿ ਮੇਰੀ ਜੇਬ ਵਿਚ ਦਸ ਰੁਪੈ ਦਾ ਨੋਟ ਖੜਕ ਰਿਹਾ ਸੀ। ਆਟਾ, ਦਾਲ, ਬਾਲਣ, ਬਿਲ ਤਾਰ ਦੇਣ ਪਿਛੋਂ ਇਹੀ ਦਸ ਰੁਪੈ ਦਾ ਇਕ ਨੋਟ ਹੀ ਬਚਿਆ ਸੀ। ਜੇਬ ਵਿਚ ਪੈਸੇ ਹੋਣ ਤਾਂ ਅਨਾਰਕਲੀ ਵਿਚੋਂ ਲੰਘਣ ਦਾ ਕੋਈ ਹਰਜ ਨਹੀਂ ਹੁੰਦਾ। ਇਹੋ ਜਿਹੇ ਵੇਲੇ ਬੰਦਾ ਆਪਣੇ ਆਪ ਉਤੇ ਖਿੱਝਦਾ ਵੀ ਨਹੀਂ, ਸਗੋਂ ਆਪਣਾ ਆਪ ਚੰਗਾ-ਚੰਗਾ ਲੱਗਣ ਲਗ ਪੈਂਦਾ ਹੈ। ਅਨਾਰਕਲੀ ਵਿਚ ਹਰ ਪਾਸੇ ਸੂਟ ਹੀ ਸੂਟ ਸਨ ਤੇ ਜਾਂ ਫੇਰ ਸਾੜ੍ਹੀਆਂ ਸਨ। ਪਿਛਲੇ ਕੁਝ ਵਰ੍ਹਿਆਂ ਤੋਂ ਹਰ ਐਰਾ-ਗ਼ੈਰਾ ਨੱਥੂ-ਖ਼ੈਰਾ ਵੀ ਸੂਟ ਪਾਉਣ ਲਗ ਪਿਆ ਹੈ। ਮੈਂ ਸੁਣਿਆ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਕਈ ਟਨ ਸੋਨਾ ਸਾਡੇ ਦੇਸ ਤੋਂ ਬਾਹਰ ਜਾ ਚੁੱਕਾ ਹੈ। ਸ਼ਾਇਦ ਏਸੇ ਕਰਕੇ ਸਾਡੇ ਲੋਕ ਆਪਣਿਆਂ ਸਰੀਰਾਂ ਦੀ ਸਜਾਵਟ ਦਾ ਬਹੁਤ ਖ਼ਿਆਲ ਰੱਖਣ ਲਗ ਪਏ ਨੇ। ਨਵੇਂ ਨਵੇਂ ਸੂਟ ਪਹਿਨ ਕੇ ਟੈਂਸ਼ ਕੱਢਦੇ ਫਿਰਨਾ ਸਾਡੀ ਗਰੀਬੀ ਦਾ ਪ੍ਰਤੱਖ ਸਬੂਤ ਹੈ, ਨਹੀਂ ਤਾਂ ਸੱਚੀ-ਮੁੱਚੀ ਦੇ ਧਨੀ ਵੀ ਕਦੀ ਇਹੋ ਜਿਹੀ ਫੂੰ-ਫਾਂ ਤੇ ਫੋਕੇ ਦਿਖਾਵੇ ਦੀ ਪ੍ਰਵਾਹ ਕਰਦੇ ਨੇ?

ਕੱਪੜੇ ਦੀਆਂ ਹੱਟੀਆਂ ਉਤੇ ਵਰਸਟਿਡ ਦੇ ਥਾਨਾਂ ਦੇ ਥਾਨ ਖੁੱਲੇ ਪਏ ਸਨ। ਉਨ੍ਹਾਂ ਨੂੰ ਵੇਖ ਕੇ ਮੈਂ ਸੋਚਿਆ, "ਕੀ ਏਸ ਮਹੀਨੇ ਦੇ ਬਕਾਇਆ ਦਸਾਂ ਦੇ ਨੋਟ ਨਾਲ ਕੋਟ ਦਾ ਕੱਪੜਾ ਖ਼ਰੀਦ ਕੇ ਆਪਣੇ ਟੱਬਰ ਨੂੰ ਭੁੱਖਾ ਮਾਰ ਦਿਆਂ?" ਇਸ ਸਵਾਲ ਨਾਲ, ਪਲਾਂ-ਛਿਨਾਂ ਵਿਚ ਹੀ ਮੇਰੇ ਮਨ ਵਿਚ ਜਾਗੇ ਨਵੇਂ ਕੋਟ ਦੇ ਮੈਲੇ ਜਿਹੇ ਫੁਰਨੇ ਦਾ ਅਸਰ ਹੋਣਾ ਸ਼ੁਰੂ ਹੋ ਗਿਆ। ਮੈਂ ਆਪਣੇ ਕੋਟ ਦਾ ਬਟਣ ਫੜ ਕੇ ਉਸ ਨੂੰ ਵੱਟ ਚਾੜ੍ਹਨ ਲਗ ਪਿਆ। ਤਿੱਖੀ ਤੋਰ ਨਾਲ ਮੇਰੇ ਸਰੀਰ ਵਿਚ ਕੁਝ ਨਿੱਘ ਆ ਗਿਆ ਸੀ, ਸੋ ਸਿਆਲ ਦੀ ਠੰਢ ਤੇ ਉਸ ਵਰਗੇ ਹੋਰ ਬਾਹਰਲੇ ਪ੍ਰਭਾਵ, ਮੇਰੇ ਕੋਟ ਖ਼ਰੀਦਣ ਦੇ ਇਰਾਦੇ ਨੂੰ ਸਿਰੇ ਚਾੜ੍ਹਨ ਵਾਲੇ ਪਾਸੇ ਤੋਰਨ ਤੋਂ ਅਸਮਰਥ ਰਹੇ। ਹੋਰ ਤਾਂ ਹੋਰ, ਮੈਨੂੰ ਤਾਂ ਸਗੋਂ ਆਪਣਾ ਖੱਦਾ-ਬੋਦਾ ਕੋਟ ਵੀ ਕੁਝ ਫ਼ਾਲਤੂ ਜਿਹਾ ਭਾਰ ਹੀ ਲੱਗਣ ਲਗ ਪਿਆ।

ਇਹ ਤਬਦੀਲੀ ਕਿਵੇਂ ਵਾਪਰੀ? ਮੈਂ ਦਸਿਆ ਹੈ ਨਾ ਕਿ ਜੋ ਲੋਕ ਸੱਚ ਮੁੱਚ ਧਨੀ ਹੁੰਦੇ ਨੇ, ਉਹ ਓਪਰੀ ਸ਼ਾਨ ਨੂੰ



Sri Satguru Jagjit Singh Ji eLibrary NamdhariElibrary@gmail.com

ਟਿੱਚ ਸਮਝਦੇ ਨੇ। ਅਸਲੀ ਅਮੀਰਾਂ ਨੂੰ ਤਾਂ ਪਾਟਾ-ਪੁਰਾਣਾ ਕੋਟ, ਬਲਕਿ ਆਪਣਾ ਝੱਗਾ ਵੀ, ਓਪਰੇ ਦਿਖਾਵੇ ਵਿਚ ਹੀ ਸ਼ਾਮਿਲ ਕਰ ਲੈਣਾ ਚਾਹੀਦਾ ਹੈ। ਫੇਰ. ਏਸ ਪੱਖੋਂ, ਕੀ ਮੈਂ ਸੱਚੀ-ਮੁੱਚੀ ਧਨੀ ਨਹੀਂ ਸਾਂ ?

ਮੈਂ ਇਸ ਤਰ੍ਹਾਂ ਦਾ ਆਪਾ-ਚੀਨਣ ਵਾਲਾ ਕੰਮ ਇਕ ਝਟਕੇ ਨਾਲ ਬੰਦ ਕਰ ਦਿੱਤਾ ਤੇ ਕਾਫ਼ੀ ਔਖ ਨਾਲ ਦਸਾਂ ਦਾ ਸਾਬਤ-ਸਬੂਤ ਨੋਟ ਬਚਾ ਕੇ ਘਰ ਮੋੜ ਲਿਆਂਦਾ।

ਸ਼ੰਮੀ, ਮੇਰੀ ਘਰ ਵਾਲੀ, ਮੇਰੀ ਉਡੀਕ ਵਿਚ ਬੈਠੀ ਸੀ।

ਆਟਾ ਗੁੰਨ੍ਹਦਿਆਂ ਉਸ ਨੇ ਅੱਗ ਨੂੰ ਫੂਕਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ। ਮੰਗਲ ਸਿੰਘ ਨੇ ਐਤਕੀਂ ਗਿੱਲੀਆਂ ਲੱਕੜਾਂ ਸੁਟਾ ਦਿਤੀਆਂ ਸਨ। ਲਾਟ ਨਿਕਲ ਹੀ ਨਹੀਂ ਸੀ ਰਹੀ। ਬਹੁਤੀਆਂ ਫੂਕਾਂ ਨਾਲ ਸਗੋਂ ਗਿੱਲੇ ਬਾਲਣ ਵਿਚੋਂ ਪਾਣੀ ਪਰਲ-ਪਰਲ ਵਗਣ ਲਗ ਪਿਆ।

"ਕੰਬਖਤ ਨਾ ਹੋਵੇ ਤਾਂ ਇਹ ਮੰਗਲ ਸਿੰਘ, "ਮੈਂ ਬੋਲਿਆ, "ਇਨ੍ਹਾਂ ਸੇਜਲ ਨੈਣਾਂ ਲਈ ਮੰਗਲ ਸਿੰਘ ਤਾਂ ਕੀ ਮੈਂ ਸਾਰੇ ਸੰਸਾਰ ਨਾਲ ਲੜ-ਝਗੜ ਸਕਦਾਂ।"

ਕਾਫ਼ੀ ਸਿਰ-ਖਪਾਈ ਪਿਛੋਂ ਲਕੜੀਆਂ ਹੌਲੀ ਹੌਲੀ ਬਲਣ ਲਗ ਪਈਆਂ। ਅਖੀਰ ਸੇਜਲ ਅੱਖਾਂ ਦੇ ਪਾਣੀ ਨੇ ਮੇਰੇ ਗੁੱਸੇ ਦੀ ਅੱਗ ਬੁਝਾ ਹੀ ਦਿਤੀ। ਸ਼ੰਮੀ ਮੇਰੇ ਮੋਢੇ ਨਾਲ ਆਪਣਾ ਸਿਰ ਲਾ ਕੇ ਮੇਰੇ ਫਟੇ-ਪੁਰਾਣੇ ਕੋਟ ਵਿਚ ਆਪਣੀਆਂ ਪਤਲੀਆਂ ਪਤਲੀਆਂ ਉਂਗਲਾਂ ਪਾਉਣ ਲਗ ਪਈ ਤੇ ਬੋਲੀ; "ਹੁਣ ਤਾਂ ਇਹ ਬਿਲਕੁਲ ਜਵਾਬ ਦੇ ਗਿਐ।"

ਮੈਂ ਹੌਲੀ ਜਿਹੀ ਕਿਹਾ, "ਹਾਂ।"

"ਸੀ ਦਿਆਂ ?—ਏਥੋਂ—"

"ਸੀ ਦੇ, ਜੇ ਇਕ ਅੱਧੀ ਤਾਰ ਕੱਢ ਕੇ ਰਫੂ ਕਰ ਦੇ ਤਾਂ ਕਿਆ ਕਹਿਣੇ।"

ਮੇਰਾ ਕੋਟ ਲਾਹੁੰਦੀ ਸ਼ੰਮੀ ਬੋਲੀ, "ਅਸਤਰ ਨੂੰ ਤਾਂ ਮੋਈਆਂ ਟਿੱਡੀਆਂ ਚਟਮ ਕਰੀ ਜਾਂਦੀਆਂ ਨੇ। ਨਕਲੀ ਰੇਸ਼ਮ ਜੁ ਹੋਇਆ। ਔਹ ਵੇਖੋ ਨਾ।"

ਮੈਂ ਸ਼ੰਮੀ ਪਾਸੋਂ ਆਪਣਾ ਕੋਟ ਖਿੱਚ ਲਿਆ ਤੇ ਕਿਹਾ, "ਸ਼ੰਮੀਏਂ, ਮਸ਼ੀਨ ਦੇ ਮੁੱਢ ਬੈਠਣ ਦੀ ਥਾਂ ਮੇਰੇ ਕੋਲ ਬੈਠ ਖਾਂ। ਤੈਨੂੰ ਨਹੀਂ ਪਤਾ ਮੈਂ ਸਿਧਾ ਦਫਤਰ ਤੋਂ ਆ ਰਿਹਾਂ ? ਇਹ ਕੰਮ ਉਦੋਂ ਕਰ ਲਈਂ, ਜਦੋਂ ਮੈਂ ਸੁੱਤਾ ਹੋਵਾਂਗਾ।"

ਸ਼ੰਮੀ ਮੁਸਕਰਾਉਣ ਲਗ ਪਈ।

ਇਕ ਪਾਸੇ ਸ਼ੰਮੀ ਦੀ ਉਹ ਮੁਸਕਰਾਹਟ ਤੇ ਦੂਜੇ ਪਾਸੇ ਮੇਰਾ ਖੁੱਥੜ ਕੋਟ।

ਸ਼ੰਮੀ ਨੇ ਆਪ ਹੀ ਮੇਰਾ ਕੋਟ ਇਕ ਬੰਨੇ ਧਰ ਦਿਤਾ ਤੇ ਬੋਲੀ, "ਮੈਂ ਤਾਂ ਆਪ ਇਸ ਕੋਟ ਦੀ ਮੁਰੰਮਤ ਕਰ ਕਰ ਅੱਕ ਗਈ ਆਂ, ਇਸ ਦੀ ਮੁਰੰਮਤ ਤੇ ਗਿੱਲੇ ਬਾਲਣ ਉਤੇ ਇਕੋ ਜਿਹੀ ਜਾਨ ਮਾਰਨੀ ਪੈਂਦੀ ਐ। ਅੱਖਾਂ ਪੀੜ ਹੋਣ ਲਗ ਪੈਂਦੀਆਂ ਨੇ। ਭਲਾ, ਤੁਸੀਂ ਦੱਸੋ ਤਾਂ ਸਹੀ, ਆਪਣੇ ਕੋਟ ਲਈ ਕੱਪੜਾ ਕਿਉਂ ਨਹੀਂ ਲਿਆਉਂਦੇ ?"

ਮੈਂ ਸੋਚੀਂ ਪੈ ਗਿਆ।

ਉਂਝ ਤਾਂ ਆਪਣੇਂ ਕੋਟ ਲਈ ਕੱਪੜਾ ਖਰੀਦਣ ਨੂੰ ਮੈਂ ਪਾਪ ਵਰਗਾ ਕੰਮ ਸਮਝਦਾ ਸਾਂ, ਪਰ ਸ਼ੰਮੀ ਦੀਆਂ ਅੱਖਾਂ ਨੂੰ ਖੇਚਲ ਤੋਂ ਬਚਾਉਣ ਲਈ ਮੈਂ ਮੰਗਲ ਸਿੰਘ ਤਾਂ ਕੀ, ਸਾਰੀ ਦੁਨੀਆਂ ਨਾਲ ਉਲਝ ਸਕਦਾ ਸਾਂ, ਵਰਸਟਿਡ ਦੇ ਥਾਨਾਂ ਦੇ ਥਾਨ ਖਰੀਦ ਸਕਦਾ ਸਾਂ। ਨਵੇਂ ਗਰਮ ਕੋਟ ਦਾ ਕੱਪੜਾ ਲਿਆਉਣ ਦਾ ਖਿਆਲ ਅਜੇ ਮੇਰੇ ਜ਼ਿਹਨ ਵਿਚੋਂ ਲੰਘਿਆ ਹੀ ਸੀ ਕਿ ਪੁਸ਼ਪਮਣੀ ਕਿਤੋਂ ਭੱਜੀ ਭੱਜੀ ਆ ਕੇ ਬਰਾਂਡੇ ਵਿਚ ਨੱਚਣ-ਗਾਉਣ ਲਗ ਪਈ। ਉਸ ਦੀਆਂ ਮੁਦਰਾਵਾਂ ਕਿਤੇ ਵਧ ਸੁਆਦਲੀਆਂ ਸਨ।

ਮੈਨੂੰ ਵੇਖ ਲਿਆ ਤਾਂ ਪੁਸ਼ਪਮਣੀ ਆਪਣਾ ਨਾਚ-ਗਾਣਾ ਬੰਦ ਕਰਕੇ ਬੋਲੀ, "ਬਾਊ ਜੀ, ਤੁਸੀਂ ਆ ਵੀ ਗਏ ? ਅੱਜ ਵੱਡੇ ਭੈਣ ਜੀ ਨੇ ਦਸੂਤੀ ਲਿਆਉਣ ਲਈ ਕਿਹੈ। ਗਰਮ ਕੱਪੜੇ ਦੀ ਕਾਟ ਵੀ ਸਿਖਾਉਣਗੇ। ਮਾਪਣ ਲਈ ਗੁਣੀਆਂ ਤੇ ਗਰਮ ਕੱਪੜਾ......।"

ਇਸ ਵੇਲੇ ਕਿਉਂਕਿ ਗੱਲ ਮੇਰੇ ਗਰਮ ਕੋਟ ਦੇ ਖਰੀਦਣ ਦੀ ਚੱਲ ਰਹੀ ਸੀ, ਇਸ ਲਈ ਸ਼ੰਮੀ ਨੇ ਕੱਸ ਕੇ ਇਕ ਚਪੇੜ ਉਸ ਦੇ ਮੂੰਹ ਉਤੇ ਮਾਰੀ ਤੇ ਚੀਕੀ—

"ਇਸ ਕਰਮਾਂ-ਸੜੀ ਨੂੰ ਹਰ ਵੇਲੇ ਕੁਝ ਨਾ ਕੁਝ ਖਰੀਦਣਾ ਹੀ ਹੁੰਦੈ। ਮੈਂ ਮਸਾਂ ਮਸਾਂ ਇਨ੍ਹਾਂ ਨੂੰ ਆਪਣਾ ਗਰਮ ਕੋਟ ਸਿਵਾਉਣ ਲਈ ਮਨਾਇਐ ਤੇ .....।"

ਇਕ ਪਾਸੇ ਪੁਸ਼ਪਮਣੀ ਦੇ ਗਲੇਡੂ ਤੇ ਦੂਜੇ ਪਾਸੇ ਮੇਰਾ ਨਵਾਂ ਕੋਟ।

ਮੈਂ ਆਪਣੀ ਆਦਤ ਦੇ ਉਲਟ ਗੱਜ ਕੇ ਬੋਲਿਆ— "ਸ਼ੰਮੀ।"



Sri Satguru Jagjit Singh Ji eLibrary NamdhariElibrary@gmail.com

ਸ਼ੰਮੀ ਕੰਬ ਗਈ।

ਮੈਂ ਲਾਲ-ਪੀਲੇ ਹੋਕੇ ਕਿਹਾ, "ਮੇਰੇ ਇਸ ਕੋਟ ਦੀ ਮੁਰੰਮਤ ਕਰ ਦੇ—ਭਾਵੇਂ ਕਿਸ ਤਰ੍ਹਾਂ ਕਰ, ਆਖਰ ਰੋ ਪਿੱਟ ਕੇ ਮੰਗਲ ਸਿੰਘ ਦੀਆਂ ਗਿੱਲੀਆਂ ਲੱਕੜਾਂ ਵੀ ਤਾਂ ਬਾਲ ਈ ਲੈਨੀ ਐਂ ਨਾ—ਤੇਰੀਆਂ ਅੱਖਾਂ—ਆਹੋ, ਚੇਤੇ ਆਈਆਂ, ਪਰ ਵੇਖ ਖਾਂ ਪੁਸ਼ਪਮਣੀ ਕਿਵੇਂ ਰੋ ਰਹੀ ਐ? ਪੱਪੀ ਪੁੱਤਰ! ਉਰੇ ਆ...ਆ ਨ ਐਧਰ! ਆ ਵੀ ਨਾ, ਮੇਰੀ ਬਚੜੀ। ਕੀ ਕਿਹਾ ਸੀ ਤੂੰ? ਬੋਲ ਤੇ ਸਹੀ ਨਾ। ਦਸਤੂਤੀ, ਗੁਣੀਆ ਮਾਪਣ ਲਈ ਤੇ ਕਾਟ ਸਿੱਖਣ ਲਈ ਗਰਮ ਕੱਪੜਾ?......ਵਿਚਾਰਾ ਨਿੱਕੂ ਜਿਹਾ ਬੱਚੂ ਵੀ ਟ੍ਰਾਈ-ਸਾਈਕਲ ਤੇ ਗੁਬਾਰਾ-ਗੁਬਾਰਾ ਕਰਦਾ ਰੋ-ਪਿੱਟ ਕੇ ਸੌਂ ਗਿਆ ਹੋਵੇਗਾ। ਉਸ ਨੂੰ ਗੁਬਾਰਾ ਲੈ ਕੇ ਨਹੀਂ ਦੇਵੇਂਗੀ ਤਾਂ ਮੇਰਾ ਕੋਟ ਸਿਲ ਜਾਵੇਗਾ? ਹੈਂ ਨਾ? ਵਿਚਾਰਾ ਕਿੰਨਾ ਪਿੱਟਿਆ ਹੋਵੇਗਾ। ਸ਼ੰਮੀ, ਬੱਚੂ ਹੈ ਕਿਥੇ?"

ਏਨੇ ਨੂੰ ਬੱਚੂ ਆ ਧਮਕਿਆ, ਹਨੇਰੀ ਤੇ ਮੀਂਹ ਵਾਂਗ ਸ਼ੋਰ ਮਚਾਉਂਦਾ।

ਮੈਂ ਸ਼ੰਮੀ ਨੂੰ ਵੁਲਾਉਣ ਦੀ ਖਾਤਰ ਨਹੀਂ, ਬਸ ਐਵੇਂ ਹੀ ਕਪੂਰੀ ਰੰਗ ਦੇ ਜੜਾਊ ਕਾਂਟੇ ਆਪਣੀ ਸੂਚੀ ਦੇ ਉਪਰ ਲਿਖ ਲਏ। ਮੇਰੀ ਨਿਗਾਹ ਰਸੋਈ ਵਲ ਗਈ ਤਾਂ ਕੀ ਵੇਖਦਾਂ ਕਿ ਲੱਕੜਾਂ ਧੜਾਧੜ ਬਲ ਰਹੀਆਂ ਨੇ, ਨਾਲੇ ਸ਼ੰਮੀ ਦੀਆਂ ਅੱਖਾਂ ਵੀ ਦੋ ਲਿਸ਼ਕਦੇ ਤਾਰਿਆਂ ਦੀ ਤਰ੍ਹਾਂ ਜਗਮਗਾ ਰਹੀਆਂ ਨੇ। ਪਤਾ ਲੱਗਾ ਮੰਗਲ ਸਿੰਘ ਗਿੱਲੀਆਂ ਲੱਕੜਾਂ ਦੀ ਥਾਂ ਸੁੱਕੀਆਂ ਸੁਟ ਗਿਐ।

"ਔਹ ਸ਼ਤੂਤ ਦੇ ਡੰਡੇ ਨੇ, ਜਿਹੜੇ ਬਲ ਦੇ ਪਏ ਨੇ, ਨਾਲੇ ਖੋਖਾ......", ਸ਼ੰਮੀ ਬੋਲੀ।

"ਤੇ ਪਾਥੀਆਂ?"

"ਆਹੋ ਜੀ, ਪਾਥੀਆਂ ਵੀ।"

"ਮੰਗਲ ਸਿੰਘ ਦੇਵਤੇ......ਸ਼ਾਇਦ ਮੈਂ ਵੀ ਛੇਤੀ ਹੀ ਗਰਮ ਕੋਟ ਲਈ ਕੋਈ ਚੰਗਾ ਜਿਹਾ ਵਰਸਟਿਡ ਲਵਾਂ, ਤਾਂ ਜੋ ਤੇਰੀਆਂ ਅੱਖਾਂ ਇਸੇ ਤਰ੍ਹਾਂ ਲਿਸ਼ਕਦੀਆਂ ਰਹਿਣ। ਇਨ੍ਹਾਂ ਨੂੰ ਕੋਈ ਤਕਲੀਫ ਨਾ ਹੋਵੇ .....ਏਸ ਮਹੀਨੇ ਤਾਂ ਗੁੰਜਾਇਸ਼ ਨਹੀਂ, ਪਰ ਅਗਲੇ ਮਹੀਨੇ ਜ਼ਰੂਰ......ਬਿਲਕੁਲ ਪੱਕੀ......।"

"ਕਿਉਂ ਨਹੀਂ, ਓਦੋਂ ਸਿਆਲ ਜੁ ਬੀਤ ਚੁਕਾ ਹੋਊ......?"

ਪੁਸ਼ਪਮਣੀ ਨੇ ਕਈ ਕੁਝ ਨੋਟ ਕਰਵਾ ਦਿਤਾ—ਦਸਤੂਤੀ, ਮਾਪਣ ਲਈ ਗੁਣੀਆ, ਹਰੇ ਰੰਗ ਦੇ ਗਰਮ ਬਲੇਜ਼ਰ ਦਾ ਇਕ ਗਜ਼ ਦਾ ਟੋਟਾ, ਡੀ.ਐਮ.ਸੀ. ਦੇ ਗੋਲੇ, ਗੋਟੇ ਦੀ ਮਗਜ਼ੀ, ਨਾਲੇ ਅਮਰਤੀਆਂ ਤੇ ਐਨੇ ਬੜੇ ਗੁਲਾਬ ਜਾਮਨੂੰ। ਮਰਨੀ ਨੇ ਹੋਰ ਲਿਖਣ ਜੋਗਾ ਕੁਝ ਛੱਡਿਆ ਈ ਨਹੀਂ। ਮੈਨੂੰ ਕਬਜ਼ੀ ਦੀ ਸ਼ਕਾਇਤ ਹੈ। ਮੇਰਾ ਜੀ ਕੀਤਾ ਕਿ ਯੂਨਾਨੀ ਦਵਾਖਾਨੇ ਤੋਂ ਅਤਰੀਫਲ ਜ਼ਮਾਨੀ ਦਾ ਇਕ ਡੱਬਾ ਲਿਆ ਰੱਖਾਂ, ਸੌਣ ਲੱਗਿਆਂ ਇਕ ਅੱਧੀ ਖੁਰਾਕ ਦੁਧ ਨਾਲ ਲੈ ਲਿਆ ਕਰਾਂਗਾ। ਪਰ ਏਸ ਮਰਨੀ ਨੇ ਗੁੰਜਾਇਸ਼ ਹੀ ਕਿਥੇ ਛੱਡੀ ਐ। ਨਾਲੇ ਜਦੋਂ ਪੁਸ਼ਪਮਣੀ ਨੇ ਗੁਲਾਬ ਜਾਮਨੂੰ ਲਿਖਵਾਏ ਸਨ ਤਾਂ ਉਸ ਦੇ ਮੂੰਹ ਵਿਚ ਕਿਵੇਂ ਪਾਣੀ ਭਰ ਆਇਆ ਸੀ। ਮੈਂ ਸੋਚਿਆ, ਬਾਕੀ ਦੀਆਂ ਸਾਰੀਆਂ ਚੀਜ਼ਾਂ ਨਾਲੋਂ ਜ਼ਰੂਰੀ ਤਾਂ ਗੁਲਾਬ ਜਾਮਨੂੰ ਨੇ। ਸ਼ਹਿਰੋਂ ਮੁੜਦਿਆਂ ਮੈਂ ਗੁਲਾਬ ਜਾਮਨੂੰ ਓਸ ਆਲੇ ਵਿਚ ਲੁਕੋ ਦਿਆਂਗਾ, ਜਿਥੇ ਜਮਾਂਦਾਰ ਦੁੱਧ ਦਾ ਕਸੋਰਾ ਰੱਖਦਾ ਹੁੰਦੈ......ਤੇ ਪੁਸ਼ਪਾ ਨੂੰ ਕਹਾਂਗਾ, "ਓਹ-ਹੋ, ਤੇਰੇ ਗੁਲਾਬ ਜਾਮਨੂੰ ਲਿਆਉਣੇ ਤਾਂ ਮੈਂ ਭੁੱਲ ਹੀ ਗਿਆ!" ਓਦੋਂ ਉਸ ਦੇ ਮੂੰਹ ਵਿਚ ਪਾਣੀ ਭਰਿਆ ਹੋਵੇਗਾ, ਪਰ ਗੁਲਾਬ ਜਾਮਨੂੰ ਨਾ ਵੇਖ ਕੇ ਉਸ ਦਾ ਕਿੰਨਾ ਬੁਰਾ ਹਾਲ ਹੋਵੇਗਾ?

ਫੇਰ ਖਿਆਲ ਆਇਆ, ਬੱਚੂ ਵੀ ਤਾਂ ਤੜਕੇ ਦਾ ਗੁਬਾਰੇ ਤੇ ਟ੍ਰਾਈ-ਸਾਈਕਲ ਦਾ ਰੌਲਾ ਪਾ ਰਿਹਾ ਸੀ। ਸੋ, ਮੈਂ ਆਪਣੇ ਆਪ ਨੂੰ ਸਵਾਲ ਕੀਤਾ—"ਕਿਉਂ ਬਈ ਅਤਰੀਫਲ ਜ਼ਮਾਨੀ?" ਓਧਰ ਸ਼ੰਮੀ ਬੱਚੂ ਨੂੰ ਕਹਿ ਰਹੀ ਸੀ—"ਮੈਂ ਆਪਣੀ ਬੱਚੂ ਬੇਟੀ ਨੂੰ ਅਗਲੇ ਮਹੀਨੇ ਟ੍ਰਾਈ-ਸਾਈਕਲ ਲੈ ਕੇ ਦਿਆਂਗੀ। ਬੱਚੂ ਬੇਟੀ ਸਾਰਾ ਦਿਨ ਟ੍ਰਾਈ-ਸਾਈਕਲ ਚਲਾਇਆ ਕਰੇਗੀ ਤੇ ਪੱਪੀ ਮੁੰਨਾ ਕੁਝ ਵੀ ਨਹੀਂ ਲਏਗਾ......।"

ਬੱਚੂ ਚਲਾਇਆ 'ਕਰੇਗੀ' ਤੇ ਪੱਪੀ ਮੁੰਨਾ ਕੁਝ ਨਹੀਂ 'ਲਏਗੀ'।

ਤੇ ਓਦੋਂ ਮੈਂ ਕਸਮ ਖਾਧੀ ਸ਼ੰਮੀ ਦੀਆਂ ਅੱਖਾਂ ਦੀ ਕਿ ਜਿੰਨਾ ਚਿਰ ਟ੍ਰਾਈ-ਸਾਈਕਲ ਲੈਣ ਲਈ ਮੇਰੇ ਖੀਸੇ ਵਿਚ ਚਾਰ ਪੰਜ ਰੁਪਈਏ ਨਹੀਂ ਹੋਣਗੇ, ਮੈਂ ਨੀਲੇ ਗੁੰਬਦ ਦੇ ਬਜ਼ਾਰ ਵਲੋਂ ਨਹੀਂ ਲੰਘਣਾ। ਉਸ ਬਜ਼ਾਰ ਵਿਚੋਂ ਖਾਲੀ ਖੀਸੇ ਲੰਘਣਾ ਠੀਕ ਨਹੀਂ ਹੋਵੇਗਾ। ਲੰਘਾਂਗਾ ਤਾਂ ਕੁੜ੍ਹਾਂਗਾ



Sri Satguru Jagjit Singh Ji eLibrary NamdhariElibrary@gmail.com

ਤੇ ਆਪਣੇ ਆਪ ਨੂੰ ਨਫ਼ਰਤ ਕਰਾਂਗਾ।

ਇਸ ਵੇਲੇ ਸ਼ੰਮੀ ਬੈਲਜੀਅਮੀ ਸ਼ੀਸ਼ੇ ਦੀ ਅੰਡਾਕਾਰ ਟੁਕੜੀ ਦੇ ਸਾਹਮਣੇ ਆਪਣਾ ਚਿੱਟਾ ਕਪੂਰੀ ਸੂਟ ਪਾ ਕੇ ਖੜੀ ਸੀ। ਮੈਂ ਅਮਾਨਤੀ ਜਿਹੇ ਉਸ ਦੇ ਪਿੱਛੇ ਜਾ ਖੜਾ ਹੋਇਆ ਤੇ ਕਿਹਾ, "ਮੈਂ ਦੱਸਾਂ ਤੂੰ ਇਸ ਵੇਲੇ ਕੀ ਸੋਚ ਰਹੀ ਏਂ ?"

"ਬੁੱਝ ਲਓ ਤਾਂ ਮੰਨ ਜਾਂ"

"ਤੂੰ ਸੋਚ ਰਹੀ ਏਂ ਕਿ ਜੇ ਏਸ ਚਿੱਟੇ ਕਪੂਰੀ ਸੂਟ ਨਾਲ ਕਪੂਰੀ ਰੰਗ ਦੇ ਜੜਾਊ ਕਾਂਟੇ ਪਾ ਕੇ ਜ਼ਿਲੇਦਾਰ ਦੀ ਵਹੁਟੀ ਵੱਲ ਜਾਵੇਂ ਤਾਂ ਇਕ ਵਾਰੀ ਤਾਂ ਬਹਿ ਜਾ, ਬਹਿ ਜਾ ਹੋ ਜਾਏ...... ।"

ਸ਼ੰਮੀ ਨੇ ਹੱਸਦਿਆਂ ਹੱਸਦਿਆਂ ਕਿਹਾ, "ਐਵੇਂ ? ਜੇ ਤੁਹਾਨੂੰ ਮੇਰੀਆਂ ਅੱਖਾਂ ਨਾਲ ਪਿਆਰ ਹੁੰਦਾ ਤਾਂ ਕਿੰਨਾ ਚਿਰ ਹੋ ਗਿਆ ਹੁੰਦਾ, ਗਰਮ... ।"

ਮੈਂ ਸ਼ੰਮੀ ਦੇ ਮੂੰਹ ਉਤੇ ਹੱਥ ਧਰ ਦਿੱਤਾ..."ਬੱਸ ...ਏਧਰ ਵੇਖੋ ਨਾ...ਅਗਲੇ ਮਹੀਨੇ...ਪੱਕੀ ਗੱਲ ਐ ।"

"ਆਹੋ ਜੀ, ਓਦੋਂ ਠੰਢ ਜੋ..."

ਇਕ ਵਾਰੀ ਫੇਰ ਮੈਂ ਆਪਣੀ ਵਸਾਈ ਮਨਮੋਹਣੀ ਦੁਨੀਆਂ ਦੇ ਉਸ ਕਲਪਿਤ ਬਜ਼ਾਰ ਵਿਚ ਜਾ ਨਿਕਲਿਆ, ਜਿਸ ਨੂੰ ਅਸਲੀਅਤ ਵਿਚ ਬਦਲ ਦੇਣ ਉਤੇ ਸਿਰਫ ਦਸ ਰੁਪੈ ਲਗਦੇ ਸਨ।

ਅਨਾਰਕਲੀ ਵਿਚੋਂ ਲੰਘਣ ਵਾਲੇ ਹਰ ਪਤਵੰਤੇ ਬੰਦੇ ਨੇ ਗਰਮ ਸੂਟ ਪਾਇਆ ਹੋਇਆ ਸੀ, ਇਕੱਲਾ ਮੈਂ ਹੀ ਸਾਂ ਜੋ ਇਸ ਤੋਂ ਵਾਂਝਾ ਸਾਂ। ਲਾਹੌਰ ਦੇ ਇਕ ਹੱਟੇ-ਕੱਟੇ ਆਕੜ-ਖੋਰ ਜੈਂਟਲਮੈਨ ਦੀ ਧੌਣ, ਨਕਟਾਈ ਤੇ ਮਾਵੇਦਾਰ ਕਾਲਰ ਕਰਕੇ, ਮੇਰੇ ਛੋਟੇ ਵੀਰ ਦੇ ਪਾਲਤੂ ਕੁੱਤੇ 'ਟਾਈਗਰ' ਦੀ ਧੌਣ ਵਾਂਗ, ਆਕੜੀ ਹੋਈ ਸੀ। ਇਨ੍ਹਾਂ ਸੂਟਾਂ ਵੱਲ ਵੇਖ ਕੇ ਮੇਰੇ ਮੂੰਹੋਂ ਨਿਕਲਿਆ।

"ਲੋਕ ਸੱਚੀ-ਮੁੱਚੀ ਨੰਗ ਹੋ ਗਏ ਨੇ। ਇਸ ਮਹੀਨੇ ਖ਼ਬਰੇ ਕਿੰਨਾਂ ਸੋਨਾ ਤੇ ਰੁੱਪਾ ਸਾਡੇ ਦੇਸ ਤੋਂ ਬਾਹਰ ਚਲਾ ਗਿਆ ਹੋਵੇਗਾ।" ਕਾਂਟਿਆਂ ਦੀ ਹੱਟੀ ਉਤੇ ਮੈਂ ਕਾਂਟਿਆਂ ਦੀਆਂ ਕਈ ਜੋੜੀਆਂ ਵੇਖੀਆਂ। ਆਪਣੀ ਹੰਢੀ ਹੋਈ ਕਲਪਣਾ ਦੀ ਸਹਾਇਤਾ ਨਾਲ ਮੈਂ ਸ਼ੰਮੀ ਦੀ ਚਿੱਟੇ ਕਪੂਰੀ ਸੂਟ ਵਿਚ ਸਜੀ ਹੋਈ ਖ਼ਿਆਲੀ ਮੂਰਤ ਨੂੰ ਕਾਂਟੇ ਪੁਆ ਕੇ ਪਸੰਦ-ਨਾਪਸੰਦ ਤਾਂ ਖ਼ਬਰੇ ਕਰ ਹੀ ਲੈਂਦਾ—ਇਹ ਕੋਈ ਵੱਡੀ ਗੱਲ ਨਹੀਂ ਸੀ, ਚਿੱਟਾ ਕਪੂਰੀ ਸੂਟ ਤੇ ਕਪੂਰੀ ਜੜਾਊ ਕਾਂਟੇ—ਪਰ ਉਥੇ ਵੰਨਗੀਆਂ ਹੀ ਏਨੀਆਂ ਸਨ ਕਿ ਮੈਂ ਚੋਣ ਕਰਦਾ ਕਰਦਾ ਬੌਂਦਲ ਗਿਆ।

ਬਜ਼ਾਰ ਵਿਚ ਮੈਨੂੰ ਯਜ਼ਦਾਨੀ ਟੱਕਰ ਗਿਆ। ਉਹ ਮਨੋਰੰਜਕ ਕਲੱਬ ਤੋਂ, ਜੋ ਅਸਲ ਵਿਚ ਪਰੇਲ ਕਲੱਬ ਹੀ ਸੀ, ਪੰਦਰਾਂ ਰੁਪੈ ਜਿੱਤ ਕੇ ਆਇਆ ਸੀ। ਉਸ ਦੇ ਮੂੰਹ ਉਤੇ ਲਾਲੀ ਤੇ ਖੁਸ਼ੀ ਦੇ ਲੇਅ ਚੜ੍ਹੇ ਹੋਏ ਸਨ। ਮੈਂ ਇਕ ਹੱਥ ਨਾਲ ਆਪਣੀ ਜੇਬ੍ਹ ਦੇ ਵੱਟਾਂ ਨੂੰ ਲੁਕਾਉਣ ਦਾ ਜਤਨ ਕਰਨ ਲਗ ਪਿਆ। ਖੱਬੇ ਪਾਸੇ ਦੀ ਹੇਠਲੀ ਜੇਬ੍ਹ ਉਤੇ ਇਕ ਰੁਪਈਏ ਦੇ ਬਰਾਬਰ ਕੋਟ ਨਾਲ ਮਿਲਦੇ ਰੰਗ ਦੀ ਟਾਕੀ ਅੱਖਾਂ ਨੂੰ ਬੜੀ ਚੁੱਭਦੀ ਸੀ। ਮੈਂ ਉਸ ਨੂੰ ਹੱਥ ਨਾਲ ਕੱਜਦਾ ਰਿਹਾ। ਫੇਰ ਮੈਂ ਸੋਚਿਆ, ਕੋਈ ਵੱਡੀ ਗੱਲ ਨਹੀਂ, ਯਜ਼ਦਾਨੀ ਨੇ ਮੇਰੀ ਜੇਬ੍ਹ ਦੇ ਵੱਟ ਅਤੇ ਇਹ ਰੁਪਈਏ ਜਿੱਡੀ ਟਾਕੀ ਮੇਰੇ ਮੋਢੇ ਉਤੇ ਹੱਥ ਰੱਖਣ ਤੋਂ ਪਹਿਲਾਂ ਹੀ ਵੇਖ ਲਈ ਹੋਵੇ।" ਇਸ ਨਾਲ ਮੈਨੂੰ ਕੁਝ ਢਾਰਸ ਹੋਈ ਤੇ ਮੈਂ ਦਲੇਰੀ ਨਾਲ ਬੋਲਿਆ :

"ਮੈਨੂੰ ਨਹੀਂ ਕਿਸੇ ਸਹੁਰੇ ਦੀ ਪ੍ਰਵਾਹ......ਯਜ਼ਦਾਨੀ ਨੇ ਕਿਤੇ ਮੇਰੇ ਸਾਹਮਣੇ ਥੈਲੀ ਦਾ ਮੂੰਹ ਖੋਲ੍ਹ ਦੇਣੈਂ ? ਨਾਲੇ ਇਹਦੇ ਵਿਚ ਹੇਠੀ ਕਾਹਦੀ ਐ ? ਇਹੋ ਯਜ਼ਦਾਨੀ ਤੇ ਸੰਤਾ ਸਿੰਘ ਮੇਰੇ ਸਾਹਮਣੇ ਕਈ ਵਾਰੀ ਮੰਨ ਚੁਕੇ ਨੇ ਕਿ ਅਸੀਂ ਵਰਸਟਿਡ ਨਾਲੋਂ ਮੱਥੇ ਦੇ ਅੰਦਰਲੇ ਚਾਨਣ ਦੀ ਜ਼ਿਆਦਾ ਕਦਰ ਕਰਦੇ ਆਂ।"

ਮੈਨੂੰ ਕੋਈ ਪੁੱਛ ਕੇ ਵੇਖੇ......ਮੈਂ ਤਾਂ ਮੱਥੇ ਦੀ ਲੋਅ ਨਾਲੋਂ ਵਰਸਟਿਡ ਦੀ ਪ੍ਰਵਾਹ ਵਧੇਰੇ ਕਰਦਾਂ।

ਯਜ਼ਦਾਨੀ ਤੁਰ ਗਿਆ ਤੇ ਜਿੰਨਾ ਚਿਰ ਉਹ ਦਿਸਹੱਦੇ ਤੋਂ ਲੋਪ ਨਾ ਹੋ ਗਿਆ, ਮੈਂ ਉਸ ਦੇ ਵਧੀਆ ਵਰਸਟਿਡ ਦੇ ਕੋਟ ਦੀ ਪਿੱਠ ਉਤੇ ਨਜ਼ਰ ਟਿਕਾਈ ਰੱਖੀ।

ਇਕਦਮ ਖਿਆਲ ਆਇਆ, ਮੈਨੂੰ ਸਭ ਤੋਂ ਪਹਿਲਾਂ ਪੁਸ਼ਪਮਣੀ ਲਈ ਗੁਲਾਬ ਜਾਮਨੂੰ ਤੇ ਅਮਰਤੀਆਂ ਖਰੀਦ ਲੈਣੀਆਂ ਚਾਹੀਦੀਆਂ ਨੇ, ਕਿਤੇ ਮੁੜਨ ਵੇਲੇ ਭੁਲ ਹੀ ਨਾ ਜਾਵਾਂ। ਘਰ ਪਹੁੰਚ ਕੇ ਜਦੋਂ ਇਨ੍ਹਾਂ ਨੂੰ ਲੁਕਾਵਾਂਗਾਂ ਤਾਂ ਕਿੰਨਾ ਤਮਾਸ਼ਾ ਬਣੇਗਾ ? ਮਠਿਆਈ ਵਾਲੀ ਦੁਕਾਨ ਉਤੇ ਉਬਲਦੇ ਤੇਲ ਵਿਚ ਫੁੱਲੀਆਂ ਹੋਈਆਂ ਕਚੌਰੀਆਂ ਤਰ



Sri Satguru Jagjit Singh Ji eLibrary NamdhariElibrary@gmail.com

ਰਹੀਆਂ ਸਨ । ਮੇਰੇ ਮੂੰਹ ਵਿਚ ਪਾਣੀ ਭਰ ਆਇਆ, ਜਿਵੇਂ ਗੁਲਾਬ ਜਾਮਨੂੰ ਦੀ ਕਲਪਣਾ ਨਾਲ ਪੁਸ਼ਪਮਣੀ ਦੇ ਮੂੰਹ ਵਿਚ ਭਰ ਆਇਆ ਸੀ । ਕਬਜ਼ ਤੇ ਅਤਰੀਫਲ ਜ਼ਮਾਨੀ ਦੇ ਚੇਤੇ ਦੇ ਬਾਵਜੂਦ, ਮੈਂ ਚਿੱਟੇ ਪੱਥਰ ਦੀ ਮੇਜ਼ ਉੱਤੇ ਕੂਹਣੀਆਂ ਟਿਕਾਈਆਂ ਤੇ ਪਚਾਕੇ ਮਾਰ ਮਾਰ ਕੇ ਕਚੌਰੀਆਂ ਖਾਣ ਲਗ ਪਿਆ ।

ਹੱਥ ਸਾਫ ਕਰਕੇ ਜਦੋਂ ਪੈਸੇ ਕੱਢਣ ਲਈ ਜੇਬ੍ਹ ਫਰੋਲੀ ਤਾਂ ਉਹ ਖਾਲੀ ਸੀ । ਦਸਾਂ ਦਾ ਨੋਟ ਕਿਤੇ ਡਿਗ ਪਿਆ ਸੀ ।

ਕੋਟ ਦੀ ਅੰਦਰਲੀ ਜੇਬ੍ਹ ਵਿਚ ਇਕ ਵੱਡੀ ਸਾਰੀ ਮੋਰੀ ਸੀ । ਨਕਲੀ ਰੇਸ਼ਮ ਨੂੰ ਟਿੱਡੀਆਂ ਚੱਟ ਗਈਆਂ ਸਨ । ਜੇਬ੍ਹ ਵਿਚ ਹੱਥ ਪਾਇਆ ਤਾਂ ਜਿਥੇ 'ਮਰਾਂਜਾ-ਮਰਾਂਜਾ ਐਂਡ ਕੰਪਨੀ' ਦਾ ਲੇਬਲ ਲੱਗਾ ਹੋਇਆ ਸੀ, ਉਸ ਦੇ ਕੋਲੋਂ ਮੇਰਾ ਹੱਥ ਬਾਹਰ ਨਿਕਲ ਆਇਆ । ਨੋਟ ਕਿਤੇ ਏਥੋਂ ਹੀ ਡਿਗ ਪਿਆ ਹੋਵੇਗਾ ।

ਪਲ ਭਰ ਵਿਚ ਹੀ ਮੈਂ ਬਿਲਕੁਲ ਉਸ ਤਰ੍ਹਾਂ ਲਗਣ ਲਗ ਪਿਆ ਜਿਵੇਂ ਕੋਈ ਭੋਲੀ ਜਿਹੀ ਭੇਡ ਆਪਣੀ ਸਾਰੀ ਮੁਲਾਇਮ ਜੱਤ ਲੁਹਾ ਕੇ ਲਗਦੀ ਹੈ ।

ਹਲਵਾਈ ਤਾੜ ਗਿਆ ਤੇ ਬੋਲਿਆ :

"ਕੋਈ ਨਾ ਬਾਊ ਜੀ ! ਪੈਸੇ ਕਲ੍ਹ ਆ ਜਾਣਗੇ ।"

ਮੈਂ ਕੁਝ ਨਾ ਉਭਾਸਰਿਆ, ਉਭਾਸਰ ਸਕਿਆ ਹੀ ਨਾ ।

ਮੈਂ ਕੇਵਲ ਧੰਨਵਾਦ ਵਜੋਂ ਹਲਵਾਈ ਵਲ ਵੇਖਿਆ । ਉਸ ਦੇ ਕੋਲ ਹੀ ਗੁਲਾਬ ਜਾਮਨੂੰ ਚਾਸ਼ਨੀ ਵਿਚ ਡੁੱਬੇ ਪਏ ਸਨ । ਤੇਲ ਵਿਚ ਫੁੱਲੀਆਂ ਹੋਈਆਂ ਕਚੌਰੀਆਂ ਦੀ ਹਵਾੜ ਵਿਚੋਂ ਅੱਗ-ਰੰਗੀਆਂ ਅਮਰਤੀਆਂ ਹਿਰਦੇ ਉੱਤੇ ਸੱਲ ਲਾ ਰਹੀਆਂ ਸਨ ।-ਦਿਮਾਗ ਵਿਚ ਪੁਸ਼ਪਮਣੀ ਦੀ ਧੁੰਦਲੀ ਜਿਹੀ ਤਸਵੀਰ ਉੱਘੜੀ ।

ਮੈਂ ਓਥੋਂ ਬਦਾਮੀ ਬਾਗ਼ ਵੱਲ ਤੁਰ ਪਿਆ ਤੇ ਅੱਧਾ ਪੌਣਾ ਘੰਟਾ ਰੇਲਵੇ ਲਾਈਨ ਦੇ ਨਾਲ ਨਾਲ ਤੁਰਦਾ ਗਿਆ । ਏਸ ਦੌਰਾਨ ਜੰਕਸ਼ਨ ਵਲੋਂ ਇਕ ਮਾਲ ਗੱਡੀ ਆਈ । ਉਸ ਦੇ ਪੰਜਾਂ ਮਿੰਟਾਂ ਪਿਛੋਂ ਸ਼ੰਟ ਕਰਦਾ ਹੋਇਆ ਇਕ ਇੰਜਨ ਆਇਆ, ਜਿਸ ਵਿਚੋਂ ਸੜਦੇ ਬਲਦੇ ਲਾਲ ਲਾਲ ਅੰਗਾਰੇ ਲਾਈਨ ਉਤੇ ਡਿੱਗ ਡਿੱਗ ਕੇ ਖਿੱਲਰ ਰਹੇ ਸਨ ।-ਪਰ ਇਸ ਵੇਲੇ ਨੇੜੇ ਦੀ ਸਾਲਟ ਰੀਫ਼ਾਈਨਰੀ ਵਿਚੋਂ ਬਹੁਤ ਸਾਰੇ ਮਜ਼ੂਰ ਓਵਰ-ਟਾਈਮ ਲਾ ਕੇ ਘਰਾਂ ਨੂੰ ਮੁੜ ਰਹੇ ਸਨ । ਮੈਂ ਲਾਈਨ ਦੇ ਨਾਲ ਨਾਲ ਦਰਿਆ ਦੇ ਪੁਲ ਵੱਲ ਹੋ ਲਿਆ । ਠੰਢ ਹੋਣ ਦੇ ਬਾਵਜੂਦ ਕੁਝ ਸਾਹਸੀ ਗੱਭਰੂ ਚਾਂਦਨੀ ਰਾਤ ਵਿਚ ਬੇੜੀ ਚਲਾ ਰਹੇ ਸਨ ।

"ਕੁਦਰਤ ਨੇ ਕੈਸੀ ਅਜੀਬ ਸਜ਼ਾ ਦਿੱਤੀ ਏ, ਮੈਨੂੰ", ਮੈਂ ਸੋਚਿਆ, "ਪੁਸ਼ਬਮਣੀ ਲਈ ਗੋਟੇ ਦੀ ਮਗਜ਼ੀ, ਦੁਸੂਤੀ, ਗੁਲਾਬ ਜਾਮਨੂੰ ਤੇ ਸ਼ੰਮੀ ਲਈ ਕਪੂਰੀ ਰੰਗ ਦੇ ਜੜਾਊ ਕਾਂਟੇ ਖ਼ਰੀਦਣ ਤੋਂ ਵੱਡਾ ਪਾਪ ਕੀ ਕੋਈ ਹੋ ਸਕਦੈ ? ਕਿਹੋ ਜਿਹੀ ਬੇਰਹਿਮੀ ਨਾਲ, ਬੇਕਿਰਕ ਹੋ ਕੇ ਮੇਰੀ ਇਕ ਖ਼ੂਬਸੂਰਤ ਪਰ ਬੜੀ ਸਸਤੀ ਦੁਨੀਆਂ ਉਜਾੜ ਦਿਤੀ ਗਈ ਏ ? ਜੀ ਕਰਦੈ ਕਿ ਮੈਂ ਵੀ ਕੁਦਰਤ ਦਾ ਇਕ 'ਸ਼ਾਹਕਾਰ' ਭੰਨ-ਤੋੜ ਮਲੀਆਮੇਟ ਕਰ ਦਿਆਂ ।"

ਪਰ ਬੇੜੀ ਚਲਾਉਣ ਵਾਲਾ ਮੁੰਡਾ ਕਹਿ ਰਿਹਾ ਸੀ, "ਏਸ ਮੌਸਮ ਵਿਚ ਰਾਵੀ ਦਾ ਪਾਣੀ ਗਿੱਟੇ-ਗੋਡੇ ਈ ਹੁੰਦੇ ।"

"ਸਾਰਾ ਪਾਣੀ ਤਾਂ ਅਪਰ ਬਾਰੀ ਦੁਆਬ ਉਪਰੋਂ ਈ ਖਿੱਚ ਲਿਜਾਂਦੀ ਐ । ਨਾਲੇ ਪਹਾੜਾਂ ਉੱਤੇ ਬਰਫ ਤਾਂ ਅੱਜ ਕਲ ਪਿਘਲਦੀ ਈ ਨਹੀਂ", ਦੂਜਾ ਬੋਲਿਆ ।

ਮਜਬੂਰਨ ਮੈਨੂੰ ਘਰ ਮੁੜਨਾ ਪਿਆ ਤੇ ਬੜੇ ਟੁੱਟੇ ਦਿਲ ਨਾਲ ਕੁੰਡਾ ਜਾ ਖੜਕਾਇਆ ।

ਮੇਰੀ ਇੱਛਾ ਤੇ ਅਨੁਮਾਨ ਪੁਸ਼ਪਮਣੀ ਤੇ ਬੱਚੂ ਨੰਨ੍ਹਾ ਪਹਿਲਾਂ ਦਲ੍ਹੀਜਾਂ ਤੋਂ ਉੱਠ ਕੇ ਬਿਸਤਰਿਆਂ ਵਿਚ ਜਾ ਸੁੱਤੇ ਸਨ । ਸ਼ੰਮੀ ਚੁਲ੍ਹੇ ਕੋਲ ਸ਼ਤੂਤ ਦੇ ਅੱਧ ਮੋਏ ਕੋਲਿਆਂ ਦੇ ਸੇਕ ਕੋਲ ਬੈਠੀ ਕਈ ਵਾਰੀ ਊਂਘੀ ਤੇ ਕਈ ਵਾਰੀ ਜਾਗੀ ਸੀ । ਉਹ ਮੈਨੂੰ ਖ਼ਾਲੀ ਹੱਥ ਵੇਖ ਕੇ ਭਚੱਕ ਰਹਿ ਗਈ । ਮੈਂ ਉਸ ਦੇ ਸਾਹਮਣੇ ਚੋਰ ਜੇਬ ਵਿਚ ਹੱਥ ਪਾ ਕੇ ਲੇਬਲ ਦੇ ਬਲਿਓਂ ਕੱਢ ਦਿਤਾ । ਸ਼ੰਮੀ ਨੂੰ ਚਾਨਣ ਹੋ ਗਿਆ । ਵਿਚਾਰੀ ਕੁਝ ਨਾ ਬੋਲੀ—ਬੋਲ ਹੀ ਨਾ ਸਕੀ ।

ਮੈਂ ਕੋਟ ਕਿੱਲੀ ਉਤੇ ਟੰਗ ਦਿਤਾ । ਕੰਧ ਨਾਲ ਢਾਸਣਾ ਲਾ ਕੇ ਮੇਰੇ ਕੋਲ ਹੀ ਸ਼ੰਮੀ ਬੈਠ ਗਈ ਤੇ ਅਸੀਂ ਦੋਵੇਂ ਸੁਤੇ ਪਏ ਬਚਿਆਂ ਤੇ ਕਿੱਲੀ ਨਾਲ ਲਟਕਦੇ ਗਰਮ ਕੋਟ ਵਲ ਵੇਖਣ ਲਗ ਪਏ ।

ਜੇ ਸ਼ੰਮੀ ਨੇ ਮੈਨੂੰ ਉਡੀਕੇ ਬਿਨਾਂ ਕਪੂਰੀ ਸੂਟ ਨਾ



Sri Satguru Jagjit Singh Ji eLibrary NamdhariElibrary@gmail.com

ਪਾਇਆ ਹੁੰਦਾ ਤਾਂ ਹੋ ਸਕਦਾ ਸੀ ਮੇਰੀ ਹਾਲਤ ਏਨੀ ਭੈੜੀ ਨਾ ਹੁੰਦੀ।

ਯਜ਼ਦਾਨੀ ਤੇ ਸੰਤਾ ਸਿੰਘ ਮਨੋਰੰਜਨ ਕਲੱਬ ਵਿਚ ਪਰੇਲ ਖੇਡ ਰਹੇ ਸਨ। ਉਨ੍ਹਾਂ ਨੇ ਦੋ ਦੋ ਘੁਟ ਚਾੜ੍ਹੀ ਹੋਈ ਸੀ। ਮੈਨੂੰ ਵੀ ਘੁਟ ਪੀਣ ਲਈ ਕਹਿਣ ਲਗ ਪਏ, ਪਰ ਮੈਂ ਨਾਂਹ ਕਰ ਦਿਤੀ ਕਿਉਂਕਿ ਮੇਰੀ ਜੇਬ ਸੱਖਣੀ ਸੀ। ਸੰਤਾ ਸਿੰਘ ਨੇ ਬਦੋ-ਬਦੀ ਮੈਨੂੰ ਆਪਣੇ ਵਲੋਂ ਇਕ ਅੱਧਾ ਪੈਗ ਪਿਆ ਦਿਤਾ। ਉਹ ਤਾੜ ਗਿਆ ਸੀ ਕਿ ਮੇਰੇ ਪਾਸ ਪੈਸੇ ਨਹੀਂ ਹਨ ਜਾਂ ਖ਼ਬਰੇ ਏਸ ਲਈ ਕਿ ਉਹ ਮੱਥੇ ਦੇ ਚਾਨਣ ਦੀ ਵਰਸਟਿਡ ਨਾਲੋਂ ਵਧ ਪਰਵਾਹ ਕਰਦਾ ਸੀ।

ਜੇ ਮੈਂ ਓਦਣ ਸ਼ੰਮੀ ਨੂੰ ਉਹ ਕਪੂਰੀ ਰੰਗ ਦਾ ਚਿੱਟਾ ਸੂਟ ਪਾਈ ਨਾ ਵੇਖ ਲਿਆ ਹੁੰਦਾ ਤਾਂ ਖ਼ਬਰੇ ਮੈਂ ਪਰੇਲ ਉਤੇ ਹੱਥ ਅਜ਼ਮਾਉਣ ਲਈ ਤਿਆਰ ਹੁੰਦਾ ਵੀ ਕਿ ਨਾ। ਮੈਂ ਆਪਣੇ ਮਨ ਨੂੰ ਸਮਝਾਇਆ, "ਪੁਤਰਾ। ਅੱਜ ਖੀਸੇ ਵਿਚ ਦੋ ਛਿੱਲੜ ਹੁੰਦੇ ਤਾਂ ਕੀ ਪਤਾ ਮੈਂ ਵੀ ਰੁਪਈਆਂ ਦੀ ਪੰਡ ਬਣਾ ਲੈਂਦਾ, ਪਰ ਮੇਰੇ ਕੋਲ ਤਾਂ ਸਨ ਹੀ ਝੁਗੇ ਵਿਚੋਂ ਕੇਵਲ ਪੌਣੇ ਚਾਰ ਆਨੇ।"

ਯਜ਼ਦਾਨੀ ਤੇ ਸੰਤਾ ਸਿੰਘ ਬਹੁਤ ਵਧੀਆ ਵਰਸਟਿਡ ਦੇ ਸੂਟ ਪਾਈ ਕਲੱਬ ਦੇ ਸਕੱਤਰ ਨੇਕ ਆਲਮ ਨਾਲ ਖਹਿਬੜ ਰਹੇ ਸਨ। ਨੇਕ ਆਲਮ ਕਹਿ ਰਿਹਾ ਸੀ, "ਮੈਂ ਮਨੋਰੰਜਨ ਕਲੱਬ ਨੂੰ ਜੂਆ ਘਰ ਤੇ ਸ਼ਰਾਬ ਖ਼ਾਨਾ ਨਹੀਂ ਬਣਨ ਦੇਣਾ।" ਮੈਂ ਓਦੋਂ ਨਿਰਾਸ ਬੰਦੇ ਵਾਲੀ ਮੁਦਰਾ ਵਿਚ ਜੇਬ ਵਿਚ ਹੱਥ ਪਾਇਆ ਤੇ ਕਿਹਾ, "ਘਰ ਵਾਲੀ ਤੇ ਬਚਿਆਂ ਲਈ ਕੁਝ ਖਰੀਦਣ ਨੂੰ ਕੁਦਰਤ ਪਾਪ ਸਮਝਦੀ ਏ। ਇਸ ਹਿਸਾਬ ਨਾਲ ਪਰੇਲ ਖੇਡਣ ਲਈ ਤਾਂ ਉਸਨੂੰ ਆਪਣੇ ਪਲਿਓਂ ਪੈਸੇ ਦੇਣੇ ਚਾਹੀਦੇ ਨੇ। ਹੀ ਹੀ-ਗ਼ੀ ਗ਼ੀ।"

ਅੰਦਰਲਾ ਖੀਸਾ, ਖੱਬੇ ਪਾਸੇ ਦੀ ਹੇਠਲੀ ਜੇਬ ਕੋਟ ਦੇ ਪਿਛਲੇ ਬੰਨੇ ਮੈਨੂੰ ਕੋਈ ਕਾਗਜ਼ ਜਿਹਾ ਸਰਕਦਾ ਲਗਿਆ। ਉਸ ਨੂੰ ਹੌਲੀ ਹੌਲੀ ਸਰਕਾਉਂਦਾ ਮੈਂ ਸੱਜੀ ਜੇਬ ਦੇ ਛੇਕ ਕੋਲ ਲੈ ਆਇਆ।

ਕਢਿਆ ਤਾਂ ਉਹੀ ਦਸ ਰੁਪੈ ਦਾ ਨੋਟ ਸੀ ਜੋ ਓਦਣ ਅੰਦਰਲੀ ਜੇਬ ਦੀ ਤਹਿ ਦੇ ਛੇਕ ਵਿਚੋਂ ਲੰਘਦਾ ਕਿਤੇ ਕੋਟ ਦੇ ਅੰਦਰ ਲੋਪ ਹੋ ਗਿਆ ਸੀ।

ਉਸ ਦਿਨ ਮੈਂ ਕੁਦਰਤ ਤੋਂ ਬਦਲਾ ਲਿਆ। ਉਸ ਦੀ ਇੱਛਾ ਦੇ ਬਾਵਜੂਦ ਮੈਂ ਪਰੇਲ ਖੇਡਣ ਨਾ ਬੈਠਾ। ਨੋਟ ਮੁੱਠੀ ਵਿਚ ਕੱਸ ਕੇ ਨੱਪ ਲਿਆ ਤੇ ਘਰ ਵੱਲ ਨੱਸਿਆ।

ਜੇ ਉਸ ਦਿਨ ਸ਼ੰਮੀ ਨੇ ਮੈਨੂੰ ਉਡੀਕੇ ਬਿਨਾਂ ਉਹ ਕਪੂਰੀ ਸੂਟ ਬਦਲ ਦਿਤਾ ਹੁੰਦਾ ਤਾਂ ਮੈਂ ਖੁਸ਼ੀ ਨਾਲ ਏਨਾ ਪਾਗਲ ਕਦੀ ਨਾ ਹੁੰਦਾ।

ਹਾਂ, ਫੇਰ ਚੱਲਣ ਲਗ ਪਿਆ ਮਨੋ-ਕਲਪਨਾ ਦਾ ਉਹੀ ਚੱਕਰ। ਜਿਵੇਂ ਕਿਸੇ ਬੇਹੱਦ ਖੂਬਸੂਰਤ ਦੁਨੀਆ ਦੀ ਰਚਨਾ ਵਿਚ ਦਸਾਂ ਤੋਂ ਉਤੇ ਇਕ ਦਮੜੀ ਵੀ ਖਰਚ ਨਾ ਆਉਂਦਾ ਹੋਵੇ। ਜਦੋਂ ਮੈਂ ਬਹੁਤ ਸਾਰੀਆਂ ਚੀਜ਼ਾਂ ਦੀ ਸੂਚੀ ਤਿਆਰ ਕਰ ਰਿਹਾ ਸਾਂ ਉਦੋਂ ਸ਼ੰਮੀ ਨੇ ਕਾਗਜ਼ ਮੇਰੇ ਹੱਥੋਂ ਖੋਹ ਕੇ ਟੁਕੜੇ ਟੁਕੜੇ ਕਰ ਦਿਤਾ ਤੇ ਬੋਲੀ, "ਏਨੇ ਵੱਡੇ ਵੱਡੇ ਕਿਲੇ ਨਾ ਪਏ ਉਸਾਰੋ, ਕਿਤੇ ਕੋਟ ਨੂੰ ਨਜ਼ਰ ਨਾ ਲਗ ਜਾਏ।"

"ਸ਼ੰਮੀ ਸੱਚ ਆਖਦੀ ਏ, "ਮੈਂ ਸੋਚਿਆ," ਨਾ ਬੰਦੇ ਦੀ ਕਲਪਨਾ ਏਨੀ ਰੰਗੀਨ ਹੋਵੇ ਤੇ ਨਾ ਕਿਸੇ ਚੀਜ਼ ਦੇ ਨਾ ਮਿਲਣ ਦਾ ਏਨਾ ਝੋਰਾ ਹੋਵੇ।"

ਫੇਰ ਮੈਂ ਸ਼ੰਮੀ ਨੂੰ ਕਿਹਾ, "ਮੈਂ ਡਰਨਾ ਕਿ ਨੋਟ ਕਿਤੇ ਫੇਰ ਨਾ ਗਵਾਚ ਜਾਏ। ਤੇਰੀ ਗਵਾਂਢਣ ਖੇਮੋ ਕਿਤੇ ਬਾਹਰ ਚੱਲੀ ਏ, ਤੂੰ ਉਸ ਨਾਲ ਜਾ ਕੇ ਆਪ ਈ ਇਹ ਚੀਜ਼ਾਂ ਲੈ ਆ—ਕਪੂਰੀ ਜੜਾਊ ਕਾਂਟੇ, ਡੀ. ਐਮ. ਸੀ. ਦੇ ਗੋਲੇ, ਮਗਜ਼ੀ ਤੇ ਵੇਖੀਂ, ਪੋਪੀ ਮੁੰਨੀ ਲਈ ਗੁਲਾਬ ਜਾਮਨੂੰ ਲਿਆਉਣੇ ਨਾ ਭੁੱਲੀ--ਉਹ ਜ਼ਰੂਰ ਲਿਆਉਣੇ ਨੇ।"

ਸ਼ੰਮੀ ਨੇ ਖੇਮੋ ਨਾਲ ਜਾਣ ਦੀ ਹਾਮੀ ਭਰ ਲਈ। ਸ਼ਾਮੀ ਸ਼ੰਮੀ ਨੇ ਕਸ਼ਮੀਰੇ ਦਾ ਉਹ ਸੂਟ ਪਾਇਆ ਜਿਹੜਾ ਮਾਪਿਆਂ ਨੇ ਉਸ ਨੂੰ ਦਾਜ ਵਿਚ ਦਿਤਾ ਸੀ।

ਬਚਿਆਂ ਦੇ ਰੌਲੇ ਤੋਂ ਮੈਂ ਬਹੁਤ ਭੱਜਦਾ ਪਰ ਉਸ ਦਿਨ ਮਾਂ ਦੇ ਪਿੱਛੋਂ ਮੈਂ ਬੱਚੂ ਨੰਨੇ ਨੂੰ ਖ਼ਬਰੇ ਕਿੰਨਾ ਚਿਰ ਖਿਡਾਉਂਦਾ ਰਿਹਾ। ਉਹ ਰਸੋਈ ਤੋਂ ਬਾਲਣ ਵਾਲੀ ਕੋਠੜੀ ਵਿਚ, ਗੁਸਲਖਾਨੇ ਵਿਚ ਜਾਂ ਛੱਤ ਉਤੇ ਜਾ ਲੁੱਕਦਾ ਤੇ ਮੈਂ ਉਸਨੂੰ ਲੱਭਦਾ ਫਿਰਦਾ। ਉਸਨੂੰ ਪੁਚਕਾਰਦਿਆਂ ਮੈਂ ਕਿਹਾ।

"ਤੇਰੀ ਮੰਮੀ ਟ੍ਰਾਈਸਾਈਕਲ ਲੈਣ ਗਈ ਹੋਈ ਏ... ਨਹੀਂ ਨਹੀਂ, ਛੱਡ ਪਰ੍ਹਾਂ ਟ੍ਰਾਈਸਾਈਕਲ ਵੀ ਕੋਈ ਲੈਣ ਵਾਲੀ ਚੀਜ਼ ਹੁੰਦੀ ਏ। ਆਖ ਬ੍ਹਹ...ਉਹ ਲਿਆਏਗੀ ਗੁਲਾਬ ਜਾਮਨੂੰ, ਤੇਰੇ ਲਈ ਬੜਾ ਈ ਸੁਹਣਾ ਤੇ ਐਡਾ ਵੱਡਾ ਗੁਬਾਰਾ......।"



Sri Satguru Jagjit Singh Ji eLibrary NamdhariElibrary@gmail.com

ਬੱਚੂ ਬੇਟੀ ਨੇ ਮੇਰੇ ਸਾਹਮਣੇ ਥੁੱਕ ਸੁਟੀ ਤੇ ਬੋਲੀ, "ਏ...ਐ...ਗੰਦੀ..."

ਕੋਈ ਵੇਖੇ ਭਲਾ ! ਹੈ ਨਾ ਸੱਤਾਂ ਕੁੜੀਆਂ ਵਰਗਾ ਮੁੰਡਾ !

ਪੁਸ਼ਪਮਣੀ ਨੂੰ ਵੀ ਮੈਂ ਗੋਦ ਵਿਚ ਚੁਕ ਲਿਆ ਤੇ ਕਿਹਾ, "ਪੋਪੀ ਮੁੰਨਾ ਅੱਜ ਗੁਲਾਬ ਜਾਮਨੂੰ ਰੱਜ ਕੇ ਖਾਏਗਾ ਨਾ।" ਉਸ ਦੇ ਮੂੰਹ ਵਿਚ ਪਾਣੀ ਭਰ ਆਇਆ। ਉਹ ਉਤਰਕੇ ਬੋਲੀ, "ਲਗਦੈ, ਜਿਵੇਂ ਇਕ ਵੱਡਾ ਸਾਰਾ ਗੁਲਾਬ ਜਾਮਨੂੰ ਖਾ ਰਹੀ ਹੋਵਾਂ।"

ਬੱਚੂ ਰੋਂਦਾ ਰਿਹਾ, ਪੁਸ਼ਪਮਣੀ ਬਰਾਂਡੇ ਵਿਚ ਕਥਾਕਲੀ ਮੁਦਰਾ ਤੋਂ ਵੀ ਸੁੰਦਰ ਨਾਚ ਨੱਚਦੀ ਰਹੀ।

ਮੇਰੀ ਕਲਪਨਾ ਦੀ ਉਡਾਰੀ ਨੂੰ ਕੌਣ ਠੱਲ੍ਹ ਪਾ ਸਕਦਾ ਸੀ ? ਕਿਤੇ ਕਲਪਨਾ ਦੇ ਇਹ ਕਿਲੇ ਧਰਤੀ ਉਤੇ ਮੂਧੇ ਨਾ ਆ ਪੈਣ......ਏਸ ਡਰ ਤੋਂ ਹੀ ਮੈਂ ਸ਼ੰਮੀ ਨੂੰ ਬਜ਼ਾਰ ਭੇਜਿਆ ਸੀ। ਮੈਂ ਲੱਖਣ ਲਾਉਣ ਲਗ ਪਿਆ ਕਿ ਹੁਣ ਸ਼ੰਮੀ ਘੋੜਾ ਹਸਪਤਾਲ ਕੋਲ ਪਹੁੰਚ ਗਈ ਏ......ਹੁਣ ਕਾਲਜ ਰੋਡ ਦੇ ਮੋੜ ਉਤੇ ਹੋਵੇਗੀ......ਹੁਣ ਗੰਦੇ ਇੰਜਨ ਕੋਲ......।

ਤੇ ਫੇਰ ਅਗਲੋਂ ਹੌਲੀ ਜਿਹੀ ਕੁੰਡਾ ਖੜਕਿਆ।

ਸ਼ੰਮੀ ਸੱਚੀਂ-ਮੁੱਚੀ ਘਰ ਪਹੁੰਚ ਗਈ ਸੀ।

ਉਹ ਅੰਦਰ ਵੜਦਿਆਂ ਬੋਲੀ, "ਮੈਂ ਤਾਂ ਦੋ ਰੁਪੈ ਖੇਮੋ ਤੋਂ ਫੜ ਕੇ ਵੀ ਲਾ ਆਈ ਆਂ।"

"ਫੇਰ ਕੀ ਹੋਇਆ", ਮੈਂ ਉੱਤਰ ਦਿਤਾ।

ਫੇਰ ਬੱਚੂ, ਪੋਪੀ ਮੁੰਨਾ ਤੇ ਮੈਂ ਸ਼ੰਮੀ ਦੇ ਦੁਆਲੇ ਘੁੰਮਣ ਲੱਗੇ।

ਸ਼ੰਮੀ ਦੇ ਹੱਥ ਵਿਚ ਇਕ ਬੰਡਲ ਤੋਂ ਛੁਟ ਹੋਰ ਕੁਝ ਵੀ ਨਹੀਂ ਸੀ।

ਮੇਜ਼ ਉਤੇ ਰੱਖ ਕੇ ਉਸ ਨੇ ਬੰਡਲ ਖੋਲ੍ਹਿਆ। ਮੇਰੇ ਕੋਟ ਲਈ ਬਹੁਤ ਵਧੀਆ ਕਿਸਮ ਦੀ ਵਰਸਟਿਡ ਸੀ।

ਪੁਸ਼ਪਮਣੀ ਬੋਲੀ, "ਬੀਬੀ, ਮੇਰੇ ਗੁਲਾਬ ਜਾਮਨੂੰ ?"

ਸ਼ੰਮੀ ਨੇ ਕੱਸ ਕੇ ਇਕ ਚਪੇੜ ਉਸ ਦੇ ਮੂੰਹ ਉਤੇ ਜੜ ਦਿਤੀ।

ਮੂਲ ਉਰਦੂ ਤੋਂ ਅਨੁਵਾਦ :
ਪ੍ਰੋ: ਪ੍ਰੀਤਮ ਸਿੰਘ

# ਅੱਧੀ ਰਾਤ ਨੂੰ

—ਸੁਰਜੀਤ ਖ਼ੁਰਸ਼ੀਦੀ

ਸੰਨਾਟੇ ਦੀ ਇਕ ਤਲਵਾਰ ਹੈ
ਕਿ ਸੀਨੇ 'ਚ ਲਹਿ ਰਹੀ ਹੈ।
ਇਹ ਰਾਤ ਹੈ ਕਿ ਨੈ ਹੰਝੂਆਂ ਦੀ ?
ਜੋ ਸਿਸਕ ਸਿਸਕ ਕੇ ਵਹਿ ਰਹੀ ਹੈ।
ਮਹਾਨ ਹੋ ਗਿਆ ਹਾਂ ਮੈਂ
ਧਰਤੀ ਤੋਂ ਆਕਾਸ਼ ਤੀਕ ਮੈਂ ਹੀ ਮੈਂ ਹਾਂ,
ਸਰਗੋਸ਼ੀ ਮੇਰੇ ਕੰਨਾਂ ਵਿਚ
ਇਹ ਕੌਣ ਕਰ ਰਿਹਾ ਹੈ ?
ਇਹ ਕੀ ਕਹਿ ਰਹੀ ਹੈ ?
ਇਹ ਚੰਨ, ਇਹ ਤਾਰੇ ਸਾਰੇ
ਇਹ ਕੀ ਕਹਿ ਰਹੇ ਹਨ ?
ਕਰਦੇ ਨੇ ਪਏ ਇਸ਼ਾਰੇ
ਕਿ ਹੁਸਨ ਜਾਣਦਾ ਹੈ
ਅਮਰ ਹੈ ਜੋ ਹੁਸੀਂ ਹੈ
ਇਕ ਨਜ਼ਰ ਚਾਹੀਏ ਹੈ
ਜੋ ਹਰ ਨਜ਼ਰ ਨਹੀਂ ਹੈ
ਰੰਗਾਂ ਦੀ ਵਿਹ ਰੰਗੋਲੀ
ਕੁਦਰਤ ਨੇ ਖੇਡੀ ਹੋਲੀ
ਇਹ ਚੰਨ ਅਤੇ ਇਹ ਸੂਰਜ
ਕੁਦਰਤ ਦੀ ਹੈ ਇਹ ਚੋਲੀ
ਮੇਰੇ ਸਮੇਂ ਦੇ ਲੋਕੋ
ਖੁਸ਼ ਹੋ ਕੇ ਮੈਨੂੰ ਦੇਖੋ
ਮੈਂ ਦਿਖਲਾ ਰਿਹਾ ਹਾਂ ਤੁਹਾਨੂੰ
ਸਭ ਕੁਝ ਕਿ ਜੋ ਹੁਸੀਂ ਹੈ
ਮੇਰੇ ਜਾਣ ਤੇ ਵੀ ਯਾਰੋ
ਸਭ ਕੁਝ ਹੁਸੀਨ ਰਹਿਣਾ
ਮੇਰੀ ਨਜ਼ਰ ਨੂੰ ਯਾਦ ਰੱਖਣਾ
ਬਸ ਮੈਂ ਹੀ ਨਹੀਂ ਹੈ ਰਹਿਣਾ
ਪਰ ਮੇਰੀ ਹੀ ਨਜ਼ਰ ਹੁਸੀਂ ਹੈ
ਇਹ ਗੱਲ ਸਹੀ ਨਹੀਂ ਹੈ
ਕਦਾਚਿਤ ਸਹੀ ਨਹੀਂ ਹੈ
ਪਰ ਇਹ ਤਲਵਾਰ ਜਹੀ ਕਹੀ ਹੈ ?
ਸੀਨੇ 'ਚ ਜੋ ਲਹੀ ਹੈ ?
ਇਹ ਨੈ ਜਹੀ ਕਹੀ ਹੈ
ਸਿਸਕ ਸਿਸਕ ਕੇ ਜੋ ਵਹੀ ਹੈ।

ਪਿੰਡ ਤੇ ਡਾ: ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ



Sri Satguru Jagjit Singh Ji eLibrary NamdhariElibrary@gmail.com

ਸਿਮਰਤੀਆਂ

# ਅਮਾਨਤ ਵਿਚ ਖਿਆਨਤ

—ਪਿਆਰਾ ਸਿੰਘ ਦਾਤਾ

ਸੰਨ ੧੯੫੪ ਦੀ ਗਲ ਹੈ। ਉਦੋਂ ਮੈਂ ਆਪਣੇ ਤਿੰਨ ਮਿਤਰਾਂ ਸ. ਪ੍ਰੀਤਮ ਸਿੰਘ 'ਆਰਸੀ', ਗਿ: ਜਸਵੰਤ ਸਿੰਘ 'ਜਨਤਕ ਪ੍ਰੈਸ' ਤੇ ਸ੍ਰੀ ਸਭਰਵਾਲ ਨਾਲ ਅਮਰ ਨਾਥ ਦੀ ਯਾਤਰਾ ਤੇ ਗਿਆ। ਇਹ ਯਾਤਰਾ ਪਹਿਲਗਾਮ (ਕਸ਼ਮੀਰ) ਤੋਂ ਸ਼ੁਰੂ ਹੁੰਦੀ ਹੈ। ਇਸ ਦਾ ਪਹਿਲਾ ਪੜਾ ਚੰਦਣਵਾੜੀ ਹੈ। ਉਸ ਤੇ ਅਗੇ ਸ਼ੇਸ਼ਨਾਗ ਆਦਿ ਦੇ ਤਿੰਨ ਪੜਾਵਾਂ ਤੇ ਰਾਤ ਗੁਜ਼ਾਰ ਕੇ ਆਖਰੀ ਪੜਾ ਅਮਰਨਾਥ ਹੈ।

ਅਮਰ ਨਾਥ ਦੀ ਗੁਫਾ ਦੇ ਦਰਸ਼ਨ ਕਰਨ ਭਾਰਤ ਤੇ ਲਖਾਂ ਦੀ ਗਿਣਤੀ ਵਿਚ ਸਾਧੂ ਮਹਾਤਮਾ ਤੇ ਆਮ ਜਨਤਾ ਪੁਜਦੀ ਹੈ। ਛੜੀ ਜਦੋਂ ਪਹਿਲਗਾਮ ਤੇ ਅਮਰਨਾਥ ਪੁਜਦੀ ਹੈ ਉਦੋਂ ਵਿਸ਼ਾਲ ਗੁਫਾ, ਜਿਹੜੀ ਸਰਦੀ ਦੇ ਛੇ ਮਹੀਨੇ ਬਰਫ਼ ਨਾਲ ਢਕੀ ਰਹਿੰਦੀ ਹੈ ਦੇ ਵਿਚਕਾਰ ਕਰਕੇ ਬਰਫ ਦਾ ਸ਼ਿਵਲਿੰਗ ਬਣ ਚੁੱਕਾ ਹੁੰਦਾ ਹੈ। ਸ਼ਿਵਲਿੰਗ ਦੇ ਦਰਸ਼ਨ ਕਰਨਾ ਬੜਾ ਮਹਾਤਮਾ ਗਿਣਿਆ ਜਾਂਦਾ ਹੈ। ਅਮਰ ਨਾਥ ਦੀ ਗੁਫਾ ਤੇ ਦੋ ਤਿੰਨ ਕਿਲੋਮੀਟਰ ਪਹਿਲਾਂ ਰਸਤੇ ਵਿਚ ਬਰਫ ਹੀ ਬਰਫ ਜੰਮੀ ਹੁੰਦੀ ਹੈ। ਉਦੋਂ ਸਰਦੀ ਵੀ ਕੜਾਕੇ ਦੀ ਹੁੰਦੀ ਹੈ। ਜੇ ਧੁੱਪ ਨਿਕਲ ਆਏ ਤਾਂ ਚਹੁਪਾਸੀਂ ਉਚੀਆਂ ਉਚੀਆਂ ਪਹਾੜੀਆਂ ਤੇ ਬਰਫ ਜੰਮੀ ਹੁੰਦੀ ਹੈ। ਉਸ ਸਮੇਂ ਉਸ ਬਰਫ ਦਾ ਵੀ ਬੜਾ ਸੁੰਦਰ ਦ੍ਰਿਸ਼ ਹੁੰਦਾ ਹੈ। ਇਸ ਬਰਫ ਉਪਰ ਕਈ ਸਾਧੂ ਮਹਾਤਮਾ ਮੁੰਜ ਦੀਆਂ ਚਪਲਾਂ ਪਾਈ ਪਦ ਯਾਤਰਾ ਕਰਦੇ ਹਨ ਤੇ ਕਈ ਸਾਧੂ ਨੰਗੇ ਪੈਰੀਂ ਹੀ ਕੜਾਕੇ ਦੀ ਸਰਦੀ ਤੇ ਤੇਜ਼ ਤੂਫਾਨੀ ਹਵਾਵਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਨੰਗੇ ਪੈਰੀਂ ਹੀ ਭਗਵਾਨ ਦੇ ਦਰਸ਼ਨ ਕਰਨ ਜਾ ਪੁਜਦੇ ਹਨ। ਇਹ ਯਾਤਰਾ ਹਫਤੇ ਭਰ ਦੀ ਹੁੰਦੀ ਹੈ। ਰਾਹ ਦੇ ਕੁਦਰਤੀ ਨਜ਼ਾਰੇ ਜੰਗਲੀ ਪੇੜ ਤੇ ਬੜੇ ਸੁੰਦਰ ਰੰਗਾਂ ਰੰਗ ਦੇ ਖਿੜੇ ਫੁਲ, ਜਿਵੇਂ ਕੁਦਰਤ ਦਾ ਵਿਸ਼ਾਲ ਗਲੀਚਾ ਵਿਛਿਆ ਹੋਇਆ ਹੁੰਦਾ ਹੈ, ਵੇਖਣ ਨੂੰ ਮਿਲਦੇ ਹਨ।

ਅਸੀਂ ਹਫਤੇ ਕੁ ਦੀ ਇਸ ਯਾਤਰਾ ਦਾ ਅਨੰਦ ਮਾਣ ਕੇ ਵਾਪਸ ਪਹਿਲਗਾਮ ਆ ਪੁਜੇ। ਪਹਿਲਗਾਮ ਤੋਂ ਅਸੀਂ ਕੁਕੜ ਨਾਗ ਦੇ ਸੁੰਦਰ ਦਰਿਸ਼ਾਂ ਨੂੰ ਮਾਣਨ ਲਈ ਉਥੇ ਹਫਤਾ ਕੁ ਇਕ ਟੈਂਟ ਵਿਚ ਰਿਹਾਇਸ਼ ਰਖੀ। ਚਹੁੰ ਪਾਸੀਂ ਪਸਰੇ ਹੋਏ ਸੁੰਦਰ ਪਹਾੜ ਤੇ ਕੇਸਰ ਦੇ ਵਿਸ਼ਾਲ ਮੈਦਾਨ, ਹਰੀਆਂ ਭਰੀਆਂ ਖੇਤੀਆਂ ਤੇ ਸੁੰਦਰ ਬਾਗ ਬਗੀਚਿਆਂ ਦੇ ਕੜ ਕੜ ਕਰਦੇ ਪਹਾੜੀ ਚਸ਼ਮਿਆਂ ਦੇ ਵਿਚਕਾਰ ਕੁਦਰਤ ਦੀ ਵਿਸ਼ਾਲਤਾ ਦਾ ਅਨੰਦ ਮਾਣਿਆ।

ਇਸ ਤੋਂ ਪਿਛੋਂ ਅਸੀਂ ਕੁਕੜ ਨਾਗ ਤੋਂ ਪੈਦਲ ਹੀ ਵੇਰੀ ਨਾਗ ਜਾ ਪੁਜੇ। ਇਥੋਂ ਹੀ ਜੇਹਲਮ ਦਰਿਆ ਨਿਕਲਦਾ ਹੈ। ਪਹਾੜ ਦੇ ਦਾਮਨ ਵਿਚ ਵੇਰੀ ਨਾਗ ਚਸ਼ਮੇ ਦੀ ਸੁੰਦਰਤਾ ਵੀ ਬੜੀ ਅਨੰਦਦਾਇਕ ਸੀ। ਇਸ ਪੰਦਰਾਂ ਦਿਨਾਂ ਦੀ ਯਾਤਰਾ ਸਮੇਂ ਅਸੀਂ ਕਸ਼ਮੀਰ ਦਾ ਚੱਪਾ ਚੱਪਾ ਗਾਹਿਆ। ਕਸ਼ਮੀਰ ਦੀ ਸੁੰਦਰਤਾ ਦਾ ਮੁਕਾਬਲਾ ਸਾਰੇ ਸੰਸਾਰ ਵਿਚ ਕੋਈ ਹੁਸੀਨ ਵਾਦੀ ਵੀ ਨਹੀਂ ਕਰ ਸਕਦੀ।

ਇਹ ਯਾਤਰਾ ਸੰਪੂਰਨ ਕਰਕੇ ਅਸੀਂ ਪਠਾਨਕੋਟ ਰਾਹੀਂ ਦਿੱਲੀ ਆ ਪੁਜੇ। ਦੂਜੇ ਦਿਨ ਆਪਣੇ ਪ੍ਰੈਸ ਵਿਚ ਪੁਜ ਕੇ ਮੈਨੂੰ ਪਤਾ ਲਗਾ ਕਿ ਮੇਰੀ ਗੈਰ-ਹਾਜ਼ਰੀ ਵਿਚ ਸ਼ਿਵ ਰਾਮ ਨਾਂ ਦੇ ਇਕ ਕਾਮੇ ਨੂੰ ਮੇਰੇ ਸਹਾਇਕ ਨੇ ੨੦੦ ਰੁਪਏ ਦਾ ਚੈਕ ਕੈਸ਼ ਕਰਾਣ ਬੈਂਕ ਭੇਜਿਆ ਸੀ। ਚੈਕ ਤੁੜਾ ਕੇ ਉਹ ਪ੍ਰੈਸ ਆਣ ਦੀ ਬਜਾਏ ਕਿਧਰੇ ਖਿਸਕ ਗਿਆ। ਮੇਰੇ ਪਿਛੋਂ ਹੀ ਉਸ ਦੇ ਅਲੋਪ ਹੋਣ ਦੀ ਰਿਪੋਰਟ ਪੁਲਸ ਪਾਸ ਲਿਖਾ ਦਿਤੀ ਗਈ। ਪੁਲਸ ਨੇ ਅਮਾਨਤ ਵਿਚ ਖਿਆਨਤ ਦੀ ਰਿਪੋਰਟ ਦਰਜ ਕਰਕੇ ਸਾਡੇ ਦੱਸੇ ਹੋਏ ਪਤੇ ਤੇ ਉਸ ਦੇ ਘਰ ਛਾਪਾ ਮਾਰਿਆ। ਉਸ ਸਮੇਂ ਉਹ ਘਰ ਨਾ ਮਿਲਿਆ। ਘਰ ਵਾਲਿਆਂ ਦਸਿਆ ਕਿ ਉਹ ਕਲ੍ਹ ਤੋਂ ਘਰ ਨਹੀਂ ਆਇਆ ਤੇ ਸਾਨੂੰ ਉਸ ਦੇ ਟਿਕਾਣੇ ਦਾ ਕੋਈ ਪਤਾ ਨਹੀਂ। ਮੇਰੇ ਪ੍ਰੈਸ ਤੇ ਪਹੁੰਚਣ ਤੇ ਥਾਣੇਦਾਰ ਨੇ ਪੁਲਸ ਦੀ ਪਿਛਲੇ ਦਿਨਾਂ ਦੀ ਹੋਈ ਕਰਵਾਈ ਬਾਰੇ ਦਸਿਆ ਕਿ ਹੁਣ ਇਹ ਪੁਲਸ ਕੇਸ ਹੈ ਤੇ ਤੁਹਾਡਾ ਸਹਾਇਕ ਤੇ ਤੁਸੀਂ ਦੋਵੇਂ ਪੁਲਸ ਦੇ ਗਵਾਹ ਹੋਵੋਗੇ।

ਇਸ ਤਰ੍ਹਾਂ ਪੁਲਸ ਨੇ ਕਈ ਵਾਰ ਰਾਤੀਂ ਛਾਪਾ ਮਾਰਿਆ ਤੇ ਅਖੀਰ ਉਹ ਪੁਲਸ ਦੇ ਕਾਬੂ ਆ ਗਿਆ। ਉਸ ਨੂੰ ਪੁਲਸ ਨੇ ਫੜ ਕੇ ਹਵਾਲਾਤ ਵਿਚ ਡੱਕ ਦਿਤਾ।

ਸ਼ਿਵ ਰਾਮ ਦਾ ਪਰਿਵਾਰ ਵੀ ਗਰੀਬੜਾ ਜਿਹਾ ਹੀ ਸੀ ਤੇ ਸਾਡੇ ੨੦੦ ਰੁਪਏ ਦੀ ਵੀ ਉਹਨੀਂ ਦਿਨੀਂ ਬੜੀ ਕੀਮਤ ਸੀ। ਕਾਮਿਆਂ ਦੀਆਂ ਤਨਖਾਹਵਾਂ ੨੦੦ ਰੁਪਏ ਵਿਚ ਪੂਰੀਆਂ ਹੋ ਜਾਂਦੀਆਂ ਸਨ। ਉਸ ਦੇ ਮਾਤਾ ਪਿਤਾ ਨੇ ਸਾਡੇ ਤਕ ਪਹੁੰਚ ਕੀਤੀ—"ਸਾਡੇ ਪੁੱਤਰ ਨੂੰ ਕੈਦ ਨਾ



Sri Satguru Jagjit Singh Ji eLibrary NamdhariElibrary@gmail.com

ਕਰਵਾਨਾ...ਸਾਡਾ ਘਰ ਪਹਿਲਾਂ ਹੀ ਗਰੀਬ ਹੈ...ਅਸੀਂ ਹੌਲੇ ਹੌਲੇ ਕਰਕੇ ਤੁਹਾਡਾ ਕਰਜ਼ ਮੁਕਾ ਦਿਆਂਗੇ।" ਪਰ ਹੁਣ ਇਹ ਸਾਡਾ ਨਹੀਂ ਪੁਲਸ ਦਾ ਹੀ ਕੇਸ ਸੀ। ਪਿਛਲੇ ਕਈ ਮਹੀਨਿਆਂ ਵਿਚ ਪੁਲਸ ਨੇ ਉਸ ਦੇ ਘਰ ਤੇ ਕਈ ਵਾਰ ਛਾਪੇ ਮਾਰੇ, ਪਰ ਉਹ ਪੁਲਸ ਦੇ ਛਾਪੇ ਤੋਂ ਪਹਿਲਾਂ ਹੀ ਖਿਸਕ ਜਾਂਦਾ ਸੀ। ਇਸ ਲਈ ਪੁਲਸ ਉਸ ਨੂੰ ਕਿਸੇ ਹਾਲਤ ਵਿਚ ਛੱਡਣਾ ਨਹੀਂ ਸੀ ਚਾਹੁੰਦੀ। ਕੁਝ ਦਿਨਾਂ ਪਿਛੋਂ ਥਾਣੇਦਾਰ ਮੇਰੇ ਪਾਸ ਆਇਆ। ਉਸ ਦਸਿਆ ਕਿ ਸ਼ਿਵ ਰਾਮ ਦੀ ਸੋਮਵਾਰ ਪੇਸ਼ੀ ਹੈ, ਤੁਸੀਂ ੯-੧੦ ਵਜੇ ਕਚਹਿਰੀ ਆ ਕੇ ਸਾਨੂੰ ਮਿਲ ਲੈਣਾ।

ਸੋਮਵਾਰ ਆ ਗਿਆ। ਮੈਂ ੧੦ ਵਜੇ ਕਚਹਿਰੀ ਪੁਜ ਗਿਆ। ਪੁਲਸ ਵਾਲਿਆਂ ਨੇ ਆਪਣੇ ਮੁਲਜ਼ਮ ਨੂੰ ਹੱਥ-ਕੜੀਆਂ ਨਾਲ ਜਕੜਕੇ ਇਕ ਨੁੱਕਰ ਵਿਚ ਬਿਠਾਇਆ ਹੋਇਆ ਸੀ। ਸ਼ਿਵ ਰਾਮ ਦੀ ਬੁਢੀ ਮਾਂ ਵੀ ਉਸ ਨਾਲ ਬੈਠੀ ਹੋਈ ਰੁਦਨ ਕਰ ਰਹੀ ਸੀ। ਪੁਲਸ ਵਾਲਿਆਂ ਨੇ ਮੈਨੂੰ ਦਸਿਆ, "ਸ਼ਿਵ ਰਾਮ ਨੂੰ ੬ ਮਹੀਨੇ ਤੋਂ ਲੈ ਕੇ ੫ ਸਾਲ ਤਕ ਦੀ ਸਜ਼ਾ ਹੋ ਸਕਦੀ ਹੈ, ਅਮਾਨਤ ਵਿਚ ਖਿਆਨਤ ਦਾ ਜੁਰਮ ਹੈ।"

ਸੱਜੇ ਪਾਸਿਓਂ ਪੁਲਸ ਦੋ ਬੱਚਿਆਂ ਨੂੰ ਹੱਥਕੜੀ ਲਗਾ ਕੇ ਧਰੂੰਹਦੇ ਹੋਏ ਆ ਰਹੀ ਸੀ। ਦੋਵੇਂ ਚੀਕਾਂ ਮਾਰਦੇ ਪਿੱਟਦੇ ਹੋਏ ਜ਼ੋਰ ਜ਼ੋਰ ਦੀ ਆਹੋ-ਪੁਕਾਰ ਕਰ ਰਹੇ ਸਨ—"ਵੇਖੋ ਲੋਕੋ! ਸਾਡਾ ਕੋਈ ਦੋਸ਼ ਨਹੀਂ......ਅਸੀਂ ਝੂਠੇ ਮੁਕੱਦਮੇ ਵਿਚ ਫਸਾਏ ਗਏ ਹਾਂ।" ਉਹ ਜ਼ਰਾ ਕੁ ਖੜੋ ਜਾਂਦੇ ਤਾਂ ਪੁਲਸ ਵਲੋਂ ਖੂਬ ਮਾਰਕੁੱਟ ਹੁੰਦੀ। ਇਕ ਪਾਸੇ ਦੋ ਔਰਤਾਂ ਨੂੰ ਜ਼ਨਾਨਾ ਪੁਲਸ ਧਰੂਹੀ ਜਾ ਰਹੀ ਸੀ। ਕਿਸੇ ਨੇ ਪੁਛਿਆ, ਇਨ੍ਹਾਂ ਦਾ ਕੀ ਕਸੂਰ ਹੈ? ਤਾਂ ਪੁਲਸ ਨੇ ਦਸਿਆ ਕਿ ਇਹ ਦੋਵੇਂ ਜੇਬ ਕਤਰੀਆਂ ਹਨ। ਕਈ ਸਾਲਾਂ ਤੋਂ ਇਹ ਆਪਣਾ ਇਹੀ ਪੇਸ਼ਾ ਕਰ ਰਹੀਆਂ ਹਨ। ਕਲ੍ਹ ਬੜੀ ਮੁਸ਼ਕਲ ਨਾਲ ਕਾਬੂ ਆਈਆਂ ਹਨ ਤੇ ਹੁਣ ਇਨ੍ਹਾਂ ਨੂੰ ਜੱਜ ਸਾਹਮਣੇ ਪੇਸ਼ ਕੀਤਾ ਜਾਵੇਗਾ।

ਦੋ ਆਦਮੀ ਆਪੋ ਵਿਚ ਝਗੜਾ ਕਰ ਰਹੇ ਸਨ। ਇਕ ਬੰਦਾ ਪੁਲਸ ਦਾ ਚਸ਼ਮਦੀਦ ਗਵਾਹ ਸੀ, ਜਿਸ ਨੇ ਦੂਜੇ ਬੰਦੇ ਨੂੰ ਇਕ ਮਕਾਨ ਦੀ ਛੱਤ ਪਾੜ ਕੇ ਅੰਦਰੋਂ ਚੋਰੀ ਦਾ ਮਾਲ ਲਿਜਾਂਦੇ ਦੇਖਿਆ ਸੀ। ਚੋਰ ਆਹੋ-ਪੁਕਾਰ ਕਰ ਰਿਹਾ ਸੀ—"ਲੋਕੋ! ਮੈਨੂੰ ਪੁਲਸ ਨੇ ਝੂਠੇ ਮੁਕੱਦਮੇ ਵਿਚ ਫਸਾਇਆ ਹੈ। ਮੈਨੂੰ ਪੁਲਸ ਇਕ ਕਾਤਲ ਵਿਰੁਧ ਗਵਾਹੀ ਦੇਣ ਲਈ ਕਹਿੰਦੀ ਸੀ। ਜਦੋਂ ਮੈਂ ਨਾ ਮੰਨਿਆ ਤਾਂ ਉਸਨੇ ਮੈਨੂੰ ਝੂਠੇ ਮੁਕੱਦਮੇ ਵਿਚ ਫਸਾ ਲਿਆ।" ਕਚਹਿਰੀ ਵਿਚ ਇਸ ਤਰ੍ਹਾਂ ਦੇ ਕਈ ਦ੍ਰਿਸ਼ ਦੇਖਣ ਨਾਲ ਮੇਰਾ ਮਨ ਡੋਲ ਗਿਆ। ਮੈਂ ਸੋਚਾਂ ਕਿ ਇਥੋਂ ਕਿਸੇ ਤਰ੍ਹਾਂ ਨੱਠ ਜਾਵਾਂ, ਪਰ ਪੁਲਸ ਨੇ ਸਾਡੇ ਇਕ ਕਾਮੇ ਦੀ ਰਿਪੋਰਟ ਤੇ ਹੀ ਕੇਸ ਦਰਜ ਕੀਤਾ ਸੀ, ਸੋ ਮੈਨੂੰ ਉਹ ਕਿਵੇਂ ਨੱਠਣ ਦੇਂਦੇ। ਸ਼ਿਵ ਰਾਮ ਨੂੰ ਹਾਲੀਂ ਆਵਾਜ਼ ਨਹੀਂ ਸੀ ਪਈ, ਕਿ ਮੈਂ ਇਕ ਜਾਣੇ-ਪਛਾਣੇ ਵਕੀਲ ਦੇ ਦਫਤਰੋਂ ਆਪਣੇ ਮਿੱਤਰ ਪ੍ਰੀਤਮ ਸਿੰਘ ਨੂੰ ਟੈਲੀਫੋਨ ਕੀਤਾ। ਮੇਰੀ ਆਵਾਜ਼ ਸੁਣ ਮੇਰਾ ਮਿੱਤਰ ਬੋਲਿਆ, "ਤੁਸੀਂ ਸਵੇਰ ਤੋਂ ਲੈ ਕੇ ਹੁਣ ਤਕ ਕਿਥੇ ਰਹੇ ਹੋ? ਇਕ ਜ਼ਰੂਰੀ ਕੰਮ ਲਈ ਮੈਂ ਤੁਹਾਨੂੰ ਉਡੀਕ ਰਿਹਾ ਹਾਂ, ਜਲਦੀ ਆ ਕੇ ਮੈਨੂੰ ਮਿਲੋ।"

ਮੈਂ ਉਸ ਨੂੰ ਸਾਰੀ ਗੱਲ ਦੱਸੀ ਕਿ ਕਿਵੇਂ 'ਅਮਾਨਤ ਵਿਚ ਖਿਆਨਤ' ਕਰਨ ਵਾਲਾ ਸਾਡਾ ਦੋਸ਼ੀ ਪੁਲਸ ਨੇ ਫੜਿਆ ਹੋਇਆ ਹੈ। ਉਸ ਨੂੰ ਅੰਦਰੋਂ ਆਵਾਜ਼ ਪੈਣ ਵਾਲੀ ਹੈ। ਮੈਂ ਉਸ ਵਿਰੁਧ ਗਵਾਹੀ ਦੇਣੀ ਹੈ ਕਿ ਠੀਕ ਇਹੀ ਸਾਡੇ ਪ੍ਰੈਸ ਦਾ ਕਾਮਾ ਹੈ, ਜੋ ਬੈਂਕ 'ਚੋਂ ਚੈਕ ਕੈਸ਼ ਕਰਾਣ ਮਗਰੋਂ ਫਰਾਰ ਹੋ ਗਿਆ ਸੀ।"

ਉਧਰੋਂ ਮੇਰੇ ਮਿੱਤਰ ਦੀ ਆਵਾਜ਼ ਆਈ, "ਪਿਆਰੇ! ਗਵਾਹੀ ਦੇਕੇ ਤੁਸੀਂ ਕੀ ਲੈਣਾ ਹੈ? ਉਸ ਤੋਂ ਪੈਸੇ ਤਾਂ ਮਿਲਣੇ ਨਹੀਂ, ਕਿਉਂ ਆਪਣਾ ਸਮਾਂ ਬਰਬਾਦ ਕਰ ਰਹੇ ਹੋ। ਚੁੱਪ ਕਰਕੇ ਉਥੋਂ ਖਿਸਕ ਆਓ। ਪੁਲਸ ਜਾਣੇ ਤੇ ਉਸਦਾ ਮੁਜਰਮ......ਅੱਛਾ।"

ਮੈਨੂੰ ਇਸ ਤਰ੍ਹਾਂ ਦਾ ਹੀ ਕੋਈ ਬਹਾਨਾ ਚਾਹੀਦਾ ਸੀ। ਇਕ ਪਲ ਸੋਚਣ ਮਗਰੋਂ ਮੈਂ ਚੁਪ ਚਾਪ ਉਥੋਂ ਨਠ ਤੁਰਿਆ। ਤੇ ਆਪਣੇ ਪ੍ਰੈਸ ਵਿਚ ਪਹੁੰਚ ਕੇ ਹੀ ਦਮ ਲਿਆ। ਪਿਛੋਂ ਮੈਨੂੰ ਨਹੀਂ ਪਤਾ ਕਿ ਉਸ ਕੇਸ ਦਾ ਕੀ ਬਣਿਆ?

ਦੂਜੇ ਦਿਨ ਥਾਣੇਦਾਰ ਇਕ ਸਿਪਾਹੀ ਨੂੰ ਲੈ ਕੇ ਸਾਡੇ ਪ੍ਰੈਸ ਵਿਚ ਆ ਧਮਕਿਆ ਕਹਿਣ ਲਗਾ, "ਤੁਸੀਂ ਉਥੋਂ ਨਠ ਆਏ ਹੋ। ਸਾਡਾ ਕੇਸ ਖਰਾਬ ਹੋ ਗਿਆ ਹੈ। ਤੁਹਾਡੀ ਰਿਪੋਟ ਤੇ ਹੀ ਅਸੀਂ ਕੇਸ ਦਰਜ ਕੀਤਾ ਸੀ। ਹੁਣ ਇਸ ਕੇਸ ਦੀ ਪਰਸੋਂ ਤਰੀਕ ਪਈ ਹੈ। ਸੋ ਤੁਸੀਂ ਉਥੇ ਸਮੇਂ ਸਿਰ ਪਹੁੰਚ ਜਾਣਾ।"

ਪਰਸੋਂ ਵਾਲੀ ਤਰੀਕ ਤੇ ਵੀ ਮੈਂ ਨਾ ਪਹੁੰਚਿਆ ਤਾਂ ਉਹ ਕੇਸ ਖ਼ਾਰਜ ਹੋ ਗਿਆ। ਸ਼ਿਵ ਰਾਮ ਰਿਹਾ ਹੋ ਕੇ ਘਰ



Sri Satguru Jagjit Singh Ji eLibrary NamdhariElibrary@gmail.com

ਆ ਗਿਆ । ਉਸ ਤੋਂ ਪਿਛੋਂ ਉਹ ਛੇ ਕੁ ਮਹੀਨੇ ਦਿੱਲੀ ਛੱਡ ਕੇ ਕਿਸੇ ਹੋਰ ਨਗਰ ਵਿਚ ਜਾ ਪੁਜਾ । ਪੁਲਸ ਦਾ ਜਾਇਜ਼ ਸ਼ਿਕਵਾ ਸੀ ਕਿ ਮੈਂ ਇਹ ਕੰਮ ਗਲਤ ਕੀਤਾ ਹੈ । ਮੁਜਰਮ ਨੂੰ ਅਸੀਂ ਕੈਦ ਕਰਾਣਾ ਸੀ । ਨਾਲੇ ਘਰ ਵਾਲਿਆਂ ਤੋਂ ਸੌ ਦੋ ਸੌ ਰੁਪਏ ਝਾੜਨੇ ਸਨ ।

ਦੋ ਕੁ ਸਾਲ ਮਗਰੋਂ ਸ਼ਿਵ ਰਾਮ ਇਕ ਦਿਨ ਸਾਡੇ ਪ੍ਰੈਸ ਵਿਚ ਆਇਆ ਮੇਰੇ ਗੋਡਿਆਂ ਨੂੰ ਹੱਥ ਲਾ ਕੇ ਮਾਫੀ ਮੰਗੀ, ਨਾਲੇ ਕਹਿਣ ਲਗਾ, "ਤੁਸੀਂ ਮੈਨੂੰ ਕੰਮ ਦਿਉ ਮੇਰੀ ਹਾਲਤ ਬੜੀ ਖਰਾਬ ਹੈ । ਨਾ ਘਰ ਵਾਲਿਆਂ ਪਾਸ ਨਾ ਹੀ ਮੇਰੇ ਪਲੇ ਪੈਸਾ ਹੈ । ਰੋਟੀ ਪਾਣੀ ਦਾ ਗੁਜ਼ਾਰਾ ਵੀ ਨਹੀਂ ਹੁੰਦਾ ।" ਉਹਦੀ ਇਹ ਹਾਲਤ ਵੇਖ ਮੈਨੂੰ ਤਰਸ ਆ ਗਿਆ ਫਿਰ ਮੈਂ ਮੁੜ ਉਸ ਨੂੰ ਆਪਣੇ ਪ੍ਰੈਸ ਤੇ ਰਖ ਲਿਆ ।

ਇਕ ਸਾਲ ਮਗਰੋਂ ਉਸ ਨੇ ਜਮਨਾ ਪਾਰ ਇਕ ਮਕਾਨ ਕਿਰਾਏ ਤੇ ਲੈ ਲਿਆ, ਤੇ ਕਹਿਣ ਲਗਾ, "ਦਾਤਾ ਜੀ ! ਜੇ ਮੈਨੂੰ ਟਾਈਪ ਭਰਾ ਦਿਓ, ਤਾਂ ਮੈਂ ਹੌਲੀ ਹੌਲੀ ਆਪ ਦਾ ਕੰਮ ਕਰਕੇ ਟਾਈਪ ਦੀ ਕੀਮਤ ਅਦਾ ਕਰ ਦਿਆਂਗਾ ।" ਮੈਂ ਉਸ ਨੂੰ ਫਾਊਂਡਰੀ ਤੋਂ ਟਾਈਪ ਭਰਾ ਦਿਤਾ । ਕੁਝ ਮਹੀਨੇ ਉਸ ਨੇ ਸਾਡਾ ਕੰਪੋਜ਼ਿੰਗ ਦਾ ਕੰਮ ਕੀਤਾ, ਮਗਰੋਂ ਉਹ ਫਿਰ ਗਾਇਬ ਹੋ ਗਿਆ । ਪਤਾ ਲਗਾ ਕਿ ਟਾਈਪ ਉਸ ਨੇ ਪਹਿਲਾਂ ਹੀ ਵੇਚ ਦਿਤਾ ਸੀ ਤੇ ਕਈ ਮਹੀਨਿਆਂ ਦਾ ਕਰਾਇਆ ਉਸ ਨੇ ਮਾਲਕ ਮਕਾਨ ਨੂੰ ਦਿਤਾ ਹੀ ਨਹੀਂ ਸੀ ।

****

## ਸਰਕਾਰੀ ਕਰਜ਼ੇ ਦਾ ਭੁਗਤਾਨ

ਬੜੀ ਪੁਰਾਣੀ ਗੱਲ ਹੈ । ਸੰਨ ੧੯੬੦-੬੧ ਦੀ । ਸਰਦੀਆਂ ਦੇ ਦਿਨ ਸਨ । ਅਸੀਂ ਆਪਣੇ ਮਿਤਰ ਪ੍ਰੀਤਮ ਸਿੰਘ ਦੀ ਹਾਉਜ਼ ਖਾਸ ਕਾਲੋਨੀ ਵਿਚ ਨਵੀਂ ਬਣੀ ਕੋਠੀ ਦੇ ਬਾਹਰ ਕੁਰਸੀਆਂ ਤੇ ਬੈਠੇ ਧੁਪ ਸੇਕ ਰਹੇ ਸਾਂ । ਇਨੇ ਵਿਚ ਕਚਹਿਰੀ ਵਲੋਂ ਘਲਿਆ ਹੋਇਆ ਬੈਲਫ—ਲਾਲ ਚੰਦ ਆਪਣੇ ਮਹਿਕਮੇ ਦੇ ਵਡੇ ਅਫਸਰ ਸ੍ਰੀ ਧਵਨ ਨਾਲ ਕੋਠੀ ਵਿਚ ਦਾਖਲ ਹੋਇਆ । ਬੜੇ ਰੋਹਬ-ਦਾਬ ਨਾਲ ਬੈਲਫ ਪ੍ਰੀਤਮ ਸਿੰਘ ਹੋਰਾਂ ਨੂੰ ਕਹਿਣ ਲਗਾ, "ਇਹ ਸ੍ਰੀਮਾਨ ਜੀ, ਸਾਡੇ ਮਹਿਕਮੇ ਦੇ ਬੜੇ ਵਡੇ ਅਫਸਰ ਹਨ । ਤੁਸੀਂ ਕਾਲੂ ਰਾਮ ਬ੍ਰਾਹਮਣ ਦੀ ਜ਼ਮਾਨਤ ਦਿਤੀ ਸੀ । ਕਾਲੂ ਰਾਮ ਸਰਕਾਰੀ ਕਰਜ਼ਾ ਲੈ ਕੇ ਕਈ ਚਿਤਾਵਨੀਆਂ ਦੇਣ ਦੇ ਬਾਵਜੂਦ ਨਾ ਸਾਡੇ ਦਫਤਰ ਆਇਆ ਤੇ ਨਾ ਉਸ ਨੇ ਕਰਜ਼ੇ ਦੀਆਂ ਕਿਸ਼ਤਾਂ ਜਮ੍ਹਾਂ ਕਰਾਈਆਂ । ਤੁਹਾਨੂੰ ਵੀ ਕਈ ਨੋਟਿਸ ਭੇਜੇ, ਪਰ ਤੁਹਾਡੇ ਵਲੋਂ ਵੀ ਕੋਈ ਜਵਾਬ ਨਾ ਆਇਆ । ਹੁਣ ਸਾਨੂੰ ਮਨਿਸਟਰ ਵਲੋਂ ਹੁਕਮ ਮਿਲਿਆ ਹੈ ਕਿ ਜ਼ਾਮਨ ਬੰਦੇ ਪਾਸੋਂ ਕਰਜ਼ੇ ਤੇ ਸੂਦ ਦੀ ਰਕਮ ਵਸੂਲ ਕਰੋ, ਵਰਨਾ ਉਸ ਦੀ ਕੋਠੀ ਦਾ ਸਾਮਾਨ ਕੁਰਕ ਕਰਕੇ ਸਟੋਰ ਵਿਚ ਜਮ੍ਹਾਂ ਕਰਾਓ । ਸੋ ਹੁਣ ਕੋਠੀ ਅੰਦਰ ਚਲੋ, ਅਸੀਂ ਕੋਠੀ ਦਾ ਸਾਰਾ ਸਾਮਾਨ ਕੁਰਕ ਕਰਾਂਗੇ ।

ਮੇਰਾ ਮਿੱਤਰ ਤੇ ਬੈਲਫ ਕੋਠੀ ਵਿਚ ਗਏ । ਬੈਲਫ ਪਿੱਛੇ ਪਿੱਛੇ ਤੇ ਪ੍ਰੀਤਮ ਸਿੰਘ ਅੱਗੇ ਅੱਗੇ । ਬੈਲਫ ਜ਼ੋਰ ਜ਼ੋਰ ਦੀ ਬੂਟ ਫਰਸ਼ ਤੇ ਮਾਰੇ ਤੇ ਉਚਾ ਉਚਾ ਬੋਲੇ । ਨਾਲੇ ਉਹ ਆਪਣੀ ਵਰਦੀ ਨਾਲ ਲਗੇ ਹੋਏ ਪਿੱਤਲ ਦੇ ਬਟਣ ਅਤੇ ਕਲਿਪ ਨੂੰ ਜ਼ੋਰ ਜ਼ੋਰ ਦੀ ਅੰਦਰੋਂ ਹੀ ਖੜਕਾਏ । ਉਹ ਅਫਸਰ ਨੂੰ ਕਹੇ—"ਜਨਾਬ ! ਹੁਣ ਅਸੀਂ ਕੋਠੀ ਦਾ ਸਾਰਾ ਸਾਮਾਨ ਕੁਰਕ ਕਰਕੇ ਜਾਵਾਂਗੇ ।" ਇਹ ਕਹਿੰਦੇ ਕਹਿੰਦੇ ਵੀ ਉਹ ਫਰਸ਼ ਤੇ ਘੋੜੇ ਦੇ ਖੁਰਾਂ ਹੇਠ ਲੱਗੇ ਹੋਏ ਲੋਹੇ ਦੇ ਨਾਹਲ ਜੋ ਉਸ ਨੇ ਆਪਣੇ ਬੂਟਾਂ ਹੇਠ ਠੁਕਵਾਏ ਹੋਏ ਸਨ, ਨੂੰ ਜ਼ੋਰ ਜ਼ੋਰ ਦੀ ਫਰਸ਼ ਤੇ ਮਾਰੇ ਬੜੇ ਰੋਹਬ ਨਾਲ ਬਾਤਚੀਤ ਕਰੇ । ਆਪਣੇ ਅਫਸਰ ਨੂੰ ਪੁਛਣ ਲਗਾ, "ਜਨਾਬ ! ਮੈਂ ਸਾਰੀ ਕੋਠੀ ਦੀ ਤਲਾਸ਼ੀ ਲਵਾਂਗਾ, ਜੋ ਸਮਾਨ ਮਿਲਿਆ ਅਸੀਂ ਕੁਰਕ ਲਵਾਂਗੇ ।" ਇਹ ਕਹਿਕੇ ਉਹ ਕੋਠੀ ਦੀ ਤਲਾਸ਼ੀ ਲੈਣ ਲਗ ਪਿਆ । ਇਧਰ ਪ੍ਰੀਤਮ ਸਿੰਘ ਹੋਰੀਂ ਅਫਸਰ ਨਾਲ ਗੱਲਾਂ ਕਰਨ ਲਗ ਪਏ । ਉਹ ਕਹਿ ਰਹੇ ਸਨ, "ਜੀ ! ਇਹ ਕੋਠੀ ਮੇਰੀ ਨਹੀਂ, ਮੇਰੀ ਸ੍ਰੀਮਤੀ ਦੇ ਨਾਂ ਹੈ । ਉਹ ਪੰਜਾਬ ਗਈ ਹੋਈ ਹੈ ਤੇ ਅਸੀਂ ਵੀ ਇਸ ਕੋਠੀ ਵਿਚ ਨਵੇਂ ਨਵੇਂ ਹੀ ਆਏ ਹਾਂ ।"

ਇੰਨੇ ਨੂੰ ਕੋਠੀ ਦੀ ਤਲਾਸ਼ੀ ਲੈ ਕੇ ਲਾਲ ਚੰਦ ਪਹਿਲਾਂ ਵਾਂਗ ਫਰਸ਼ ਤੇ ਜ਼ੋਰ ਜ਼ੋਰ ਦੀ ਬੂਟ ਮਾਰਦਾ ਅਫਸਰ ਨੂੰ ਕਹਿਣ ਲੱਗਾ, "ਸ੍ਰੀਮਾਨ ਜੀ, ਕੋਠੀ ਵਿਚ ਤਾਂ ਕੁਝ ਵੀ ਨਹੀ । ਨਾ ਭਾਂਡਾ ਨਾ ਟੀਂਡਾ...ਨਾ ਰੇਡੀਓ ਨਾ ਫਰਿਜ... ਨਾ ਰਜਾਈਆਂ ਤੁਲਾਈਆਂ ਤੇ ਨਾ ਕੰਬਲ ਆਦਿ...ਕੋਈ ਕੀਮਤੀ ਚੀਜ਼ ਵੀ ਨਹੀਂ । ਪਤਾ ਨਹੀਂ, ਇਹ ਲੋਕ ਕਿਸ ਤਰ੍ਹਾਂ ਗੁਜ਼ਾਰਾ ਕਰਦੇ ਹੋਣਗੇ । ਕੋਠੀ ਸਰਦਾਰ ਜੀ ਦੇ ਨਾਂ ਨਹੀਂ । ਅੰਦਰ ਸਮਾਨ ਕੋਈ ਨਹੀਂ । ਅਸੀਂ ਕੁਰਕ ਕੀ ਕਰਾਂਗੇ ?" ਉਧਰ ਅਫਸਰ ਦੀ ਪ੍ਰੀਤਮ ਸਿੰਘ ਹੋਰਾਂ ਨਾਲ



Sri Satguru Jagjit Singh Ji eLibrary NamdhariElibrary@gmail.com

ਸਮਝੌਤੇ ਦੀ ਗੱਲ ਚਲ ਰਹੀ ਸੀ। ਅਖੀਰ ਫੈਸਲਾ ਹੋਇਆ ਕਿ ੧੦੦/-ਰੁਪਏ ਮਹੀਨੇ ਦੀਆਂ ਕਿਸ਼ਤਾਂ ਬੰਨ ਦਿਤੀਆਂ ਜਾਣ। ਇਸ ਤਰ੍ਹਾਂ ਜੋ ੬-੪ ਹਜ਼ਾਰ ਰੁਪਿਆ ਕਾਲੂ ਰਾਮ ਬ੍ਰਾਹਮਣ ਦੇ ਨਾਂ ਲਗਦਾ ਸੀ, ਦੋ ਤਿੰਨ ਸਾਲਾਂ ਵਿਚ ਵਸੂਲ ਕਰ ਲਿਆ ਜਾਏ।

ਅਫਸਰ ਨੇ ਛਪਿਆ ਹੋਇਆ ਇਕ ਫਾਰਮ ਕੱਢਿਆ। ਉਸ ਉਤੇ ਪ੍ਰੀਤਮ ਸਿੰਘ ਹੋਰਾਂ ਤੋਂ ਦਸਖਤ ਕਰਾਏ। ਗਵਾਹ ਦੇ ਤੌਰ ਤੇ ਮੇਰੇ ਵੀ ਦਸਖਤ ਹੋਏ। ਅਫਸਰ ਤੇ ਬੈਲਫ ਦੋਹਾਂ ਦੇ ਵੀ ਦਸਖਤ ਹੋਏ। ਇਸ ਤਰ੍ਹਾਂ ਕਈ ਸਾਲਾਂ ਦਾ ਲਮਕਿਆ ਇਹ ਕੇਸ ਖ਼ਤਮ ਹੋ ਗਿਆ। ਅਫਸਰ ਨੇ ਸਾਡੇ ਨਾਲ ਹੱਥ ਮਿਲਾਇਆ ਤੇ ਆਪਣੇ ਬੈਲਫ ਨੂੰ ਲੈ ਕੇ ਵਾਪਸ ਤੁਰ ਪਿਆ। ਜਦੋਂ ਉਹ ਦੋਵੇਂ ਕੋਠੀ ਤੋਂ ਬਾਹਰ ਨਿਕਲੇ ਤਾਂ ਮੈਨੂੰ ਹੈਰਾਨੀ ਵਿਚ ਡੁਬਾ ਦੇਖ ਮੇਰੇ ਮਿਤਰ ਦਾ ਹਾਸਾ ਨਿਕਲ ਗਿਆ, ਜੋ ਬੰਦ ਹੀ ਨਾ ਹੋਵੇ। ਕਿੰਨੇ ਚਿਰ ਮਗਰੋਂ ਉਸ ਨੇ ਆਪਣੀਆਂ ਅੱਖਾਂ ਤੇ ਮੂੰਹ ਪੂੰਝਿਆ ਤੇ ਦੁਬਾਰਾ ਖਿੜ ਖਿੜਾ ਕੇ ਹਸਣ ਲਗ ਪਿਆ। ਮੈਂ ਕਿਹਾ, "ਪ੍ਰੀਤਮ ਸਿੰਘ ਜੀ, ਇਹ ਹੋਣੀ ਟਲ ਗਈ ਹੈ। ਰੱਬ ਦਾ ਸ਼ੁਕਰ ਕਰਨਾ ਚਾਹੀਦਾ ਹੈ। ਬੈਲਫ ਦੀਆਂ ਧਮਕੀਆਂ ਤੇ ਜ਼ੋਰ ਜ਼ੋਰ ਦੀ ਫਰਸ਼ ਤੇ ਬੂਟ ਮਾਰਨ ਦਾ ਦ੍ਰਿਸ਼ ਵੇਖ ਮੇਰਾ ਦਮ ਘੁਟ ਰਿਹਾ ਸੀ ਤੇ ਤੁਸੀਂ ਹੁਣ ਇਤਨੇ ਖੁਸ਼ ਤੇ ਹਸਾਊਣੇ ਰਉਂ ਵਿਚ ਹੋ, ਕਿ ਜਿਵੇਂ ਕੁਝ ਵੀ ਨਾ ਹੋਇਆ ਹੋਵੇ।"

ਮੇਰੀ ਗਲ ਸੁਣ ਕੇ ਮੇਰੇ ਮਿੱਤਰ ਨੇ ਬੜੇ ਮੁਸ਼ਕਲ ਨਾਲ ਆਪਣੇ ਹਾਸੇ ਨੂੰ ਰੋਕਿਆ। ਜਦੋਂ ਉਹ ਸਹਿਜ ਅਵਸਥਾ ਵਿਚ ਆਏ, ਤਾਂ ਕਹਿਣ ਲਗੇ, 'ਦਾਤਾ ਜੀ! ਅਸਲ ਗਲ ਇਹ ਹੈ, ਕਿ ਕਾਲੂ ਰਾਮ ਮੇਰੇ ਪਿੰਡ ਦਾ ਬਰਾਹਮਣ ਸੀ। ਉਸ ਨੇ ਸਰਕਾਰੀ ਕਰਜ਼ ਲਿਆ। ਸਰਕਾਰੀ ਫਾਰਮ ਤੇ ਹੀ ਮੇਰੇ ਤੋਂ ਜ਼ਾਮਨ ਵਜੋਂ ਦਸਖਤ ਕਰਾ ਲਏ। ਮਗਰੋਂ ਉਹ ਕਰਜ਼ੇ ਦੀ ਰਕਮ ਖਾ ਪੀ ਗਿਆ ਤੇ ਮੁੜ ਐਸਾ ਰਫੂ-ਚੱਕਰ ਹੋਇਆ, ਕਿ ਮੁੜ ਉਹ ਸਰਕਾਰ ਦੇ ਟੱਟੇ ਹੀ ਨਾ ਚੜਿਆ। ਇਸ ਤਰ੍ਹਾਂ ਇਹ ਕਰਜ਼ਾ ਮੈਨੂੰ ਭਰਨਾ ਪਿਆ।"

ਮੈਂ ਕਿਹਾ-"ਮਿਤਰ ਜੀ! ਇਸ ਵਿਚ ਹੱਸਣ ਦੀ ਕਿਹੜੀ ਗਲ ਹੈ, ਇਹ ਤਾਂ ਉਲਟੀ ਰੋਣ ਦੀ ਗਲ ਹੈ।"

"ਦਾਤਾ ਜੀ! ਨਿਰੀ ਰੋਣ ਦੀ ਗਲ ਨਹੀਂ। ਚਟਖਾਰੇ ਲੈ ਲੈ ਕੇ ਹੱਸਣ ਦੀ ਗਲ ਹੈ ਇਹ, ਕਿ ਅਜ ਤੋਂ ਹਫਤਾ ਕੁ ਪਹਿਲਾਂ ਇਹ ਬੈਲਫ ਮੇਰੇ ਕੋਲ ਆਇਆ। ਕਰਜ਼ਾ ਵਾਪਸ ਨਾ ਹੋਣ ਤੇ ਉਸ ਨੇ ਕੋਠੀ ਦਾ ਸਾਰਾ ਸਮਾਨ ਕੁਰਕ ਕਰਨ ਦਾ ਸਰਕਾਰੀ ਹੁਕਮ ਸੁਣਾਇਆ। ਮੈਂ ਉਸਨੂੰ ਕਿਹਾ, ਕਿ ਕੋਠੀ ਮੇਰੀ ਨਹੀਂ, ਸਗੋਂ ਮੇਰੀ ਸ੍ਰੀਮਤੀ ਦੇ ਨਾਂ ਦੀ ਹੈ, ਫਿਰ ਇਸ ਹਾਲਤ ਵਿਚ ਕੀ ਕਰਨਾ ਹੈ।"

ਉਹ ਬੋਲਿਆ-"ਸਰਦਾਰ ਜੀ! ਇਹ ਤਾਂ ਹੋਰ ਵੀ ਅਛੀ ਗਲ ਹੈ। ਸਰਕਾਰ ਤੁਹਾਡਾ ਹੁਣ ਕੁਝ ਨਹੀਂ ਵਿਗਾੜ ਸਕਦੀ। ਪਰ ਤੁਸੀਂ ਮੇਰੇ ਦਸੇ ਮੁਤਾਬਕ ਖੜਯੰਤਰ ਰਚਾਣਾ ਹੈ। ਮੈਂ ਅਗਲੇ ਸੋਮਵਾਰ ਆਪਣੇ ਅਫਸਰ ਦੇ ਨਾਲ ਕੁਰਕੀ ਦੇ ਵਰੰਟ ਲੈ ਕੇ ਪੁਜਣਾ ਹੈ। ਤੁਸੀਂ ਸਾਹਮਣੇ ਦੇ ਦੋ ਕਮਰੇ ਬਿਲਕੁਲ ਖਾਲੀ ਕਰਾ ਦੇਣੇ। ਉਥੇ ਟੁੱਟਾ ਭਜਾ ਸਮਾਨ, ਰਦੀ ਅਖਬਾਰਾਂ ਤੇ ਸਿਉਂਕ ਮਾਰੀਆਂ ਆਪਣੇ ਪ੍ਰੈਸ ਵਿਚ ਛਪੀਆਂ ਕਿਤਾਬਾਂ ਦੇ ਢੇਰ ਲਾ ਦਿਓ। ਮੈਂ ਤੁਹਾਡੇ ਤੇ ਸਰਕਾਰੀ ਰੋਹਬ ਪਾਵਾਂਗਾ। ਜ਼ੋਰ ਜ਼ੋਰ ਦੇ ਆਪਣੇ ਬੂਟ ਫਰਸ਼ ਤੇ ਪਟਕਾਵਾਂਗਾ। ਆਪਣੀ ਪੇਟੀ ਨਾਲ ਲੱਗੇ ਕਲਿੱਪਾਂ ਨੂੰ ਜ਼ੋਰ ਜ਼ੋਰ ਨਾਲ ਖੜਕਾਵਾਂਗਾ। ਤੁਹਾਡੇ ਚਿਹਰੇ ਤੇ ਡਰ ਦਾ ਪ੍ਰਭਾਵ ਪੈਣਾ ਚਾਹੀਦਾ ਹੈ। ਮੈਂ ਕੋਠੀ ਦਾ ਸਾਰਾ ਸਾਮਾਨ ਇਹਨਾਂ ਦੋਹਾਂ ਕਮਰਿਆਂ 'ਚੋਂ ਕੁਰਕ ਕਰਨ ਦਾ ਢੌਂਗ ਰਚਾਵਾਂਗਾ। ਤੁਸੀਂ ਮੇਰੇ ਅਫਸਰ ਨਾਲ ਬੈਠ ਕੇ ਗੱਲਬਾਤ ਕਰ ਲੈਣੀ। ਚਾਹ ਮੰਗਾ ਲੈਣੀ। ਮੈਂ ਅਫਸਰ ਦੇ ਕੰਨ ਵਿਚ ਰਸਤੇ ਵਿਚ ਹੀ ਫੂਕ ਮਾਰ ਦਿਆਂਗਾ ਕਿ "ਜਨਾਬ! ਪੂਰੇ ਕਰਜੇ ਦੀ ਵਸੂਲੀ ਤਾਂ ਹੋਣੀ ਹੀ ਨਹੀਂ, ਅੱਧ-ਪਚੱਧ ਜੋ ਵੀ ਮਿਲ ਜਾਏ ਉਸਦੀਆਂ ਕਿਸ਼ਤਾਂ ਕਰ ਲੈਣੀਆਂ ਚਾਹੀਦੀਆਂ ਹਨ।" ਉਸ ਪਿਛੋਂ ਮੈਂ ਬੈਲਫ ਨੂੰ ਚਾਹ ਪਿਆ ਕੇ ਵਿਦਾ ਕਰ ਦਿਤਾ ਤੇ ਵਿਦਾ ਹੋਣ ਵੇਲੇ ਉਸ ਦੀ ਮੁਠੀ ਵਿਚ ਪੰਜਾਹ ਰੁਪਏ ਦਾ ਨੋਟ ਥਮਾ ਦਿਤਾ। ਇਸ ਮਗਰੋਂ ਦੀ ਕਹਾਣੀ ਤੁਸੀਂ ਆਪਣੀ ਅੱਖੀਂ ਵੇਖ ਲਈ ਹੈ। ਇਹ ਸਾਰਾ ਡਰਾਮਾ ਸੁਣਨ ਮਗਰੋਂ ਅਸੀਂ ਦੋਵੇਂ ਮਿੱਤਰ ਖਿੜਖਿੜਾ ਕੇ ਹੱਸੇ ਤੇ ਸਰਕਾਰੀ ਅਫਸਰ ਤੇ ਬੈਲਫ ਵਾਂਗ ਚਾਹ ਦੀਆਂ ਚਸਕੀਆਂ ਭਰਦੇ ਵਿਦਾ ਹੋ ਗਏ।

੮੦/੧੪-ਬੀ, ਮਾਲਵੀਆ ਨਗਰ,
ਨਵੀਂ ਦਿੱਲੀ—੧੭



Sri Satguru Jagjit Singh Ji eLibrary NamdhariElibrary@gmail.com

ਖਿਲਰੇ ਪਤਰੇ–੧੪

——————

# ......ਕੋਈ ਮੁਸਲਮਾਨ ਮਾਰਿਐ ?

—ਜਗਦੀਸ਼ ਸਿੰਘ

ਮੇਰੇ ਮਾਮਾ ਜੀ ਸ. ਗੁਰਬਚਨ ਸਿੰਘ ਉਦੋਂ ਸਾਰਿਆਂ ਵਿਚੋਂ ਜੁਆਨ ਵੀ ਸਨ ਅਤੇ ਵਧੀਆ ਫੁਟਬਾਲ ਖੇਡਣ ਵਾਲੇ ਸੋਹਣੇ ਸਰੀਰ ਦੇ ਮਾਲਕ ਵੀ। ਇਕ ਦਿਨ ਮਾਮਾ ਸਰਦਾਰ ਸਿੰਘ ਜੀ ਕਹਿਣ ਲਗੇ : "ਬਚਨ ਤੂੰ ਵੀ ਕੋਈ ਮੁਸਲਮਾਨ ਮਾਰਿਐ ਕਿ ਨਹੀਂ ?" ਉਨ੍ਹਾਂ ਅਗੋਂ ਦੋ ਉਂਗਲਾਂ ਖੜ੍ਹੀਆਂ ਕਰ ਦਿਤੀਆਂ। "ਹੱਛਾ, ਦੋ ਮਾਰੇ ਨੀ" ! ਇੰਝ ਲੱਗਾ ਜਿਵੇਂ ਸਾਡੇ ਕੋੜਮੇ ਵਿਚੋਂ ਵੀ ਕੋਈ ਸੂਰਮਾ ਨਿਕਲਿਆ ਹੈ। "ਕਿਵੇ ਮਾਰੇ ਤੇ ਕਿਥੇ ?" ਮਾਮਾ ਗੁਰਬਚਨ ਸਿੰਘ ਦੱਬੀ ਹੋਈ ਆਵਾਜ਼ 'ਚ ਕਹਿਣ ਲੱਗੇ "ਇਥੇ ਸੜਕ ਤੇ ਆਉਂਦੇ ਪਏ ਸਨ, ਤਲਵਾਰ ਨਾਲ ਦੋਵੇਂ ਹੀ ਲਾਹ ਧਰੇ।"

ਇਹ ਉਹ ਸਮਾਂ ਸੀ ਜਦੋਂ ਸਿੱਖ ਮੁੰਡਿਆਂ ਦੀ ਬਹਾਦਰੀ ਇਸ ਗੱਲ ਤੇ ਨਿਰਭਰ ਸੀ ਕਿ ਉਹਨਾਂ ਕਿੰਨੇ ਮੁਸਲਮਾਨ ਮਾਰੇ ਹਨ ਅਤੇ ਮੁਸਲਮਾਨਾਂ ਦੀ ਸ਼ੁਜਾਅਤ ਦਾ ਪੈਮਾਨਾ ਵੀ ਇਹ ਸੀ ਕਿ ਉਹਨਾਂ ਕਿੰਨੇ ਵਧ ਤੋਂ ਵਧ ਹਿੰਦੂ ਸਿੱਖ ਮਾਰੇ ਹਨ। ਜਿਸ ਨੇ ਕੋਈ ਵੀ ਨਾ ਮਾਰਿਆ ਉਹ ਕਿਧਰ ਦਾ ਬਹਾਦਰ ਹੋਇਆ ?

ਮਾਮਾ ਸਰਦਾਰ ਸਿੰਘ ਲਾਇਲਪੁਰ ਤੋਂ ਆਏ ਸਨ, ਉਥੇ ਉਹਨਾਂ ਦੀ ਮੋਟਰ ਰਿਪੇਅਰ ਦੀ ਵਰਕਸ਼ਾਪ ਸੀ। ਥੋੜ੍ਹੇ ਥੋੜ੍ਹੇ ਦਿਨਾਂ ਦੇ ਫਰਕ ਨਾਲ ਰਿਸ਼ਤੇਦਾਰ ਜਲੰਧਰ ਆਉਣੇ ਸ਼ੁਰੂ ਹੋ ਗਏ ਸਨ। ਇਹ ਸਾਰੇ ਮੇਰੇ ਨਾਨਕਿਆਂ ਵਿਚੋਂ ਹੀ ਸਨ। ਮਾਮੇ ਮਾਮੀਆਂ ਮਾਸੀਆਂ। ਮਾਮਾ ਸੁਰੈਣ ਸਿੰਘ ਜੀ ਦਾ ਘਰ ਇਕ ਕਿਸਮ ਦਾ ਹੈਡ-ਕੁਆਟਰ ਸੀ ਅਤੇ ਇਥੇ ਸਾਰੀ ਸੂਚਨਾ ਆਉਂਦੀ। ਇਕ ਮਾਮਾ ਜੀ ਗੁਜਰਾਂਵਾਲੇ ਤੋਂ ਆਏ ਸ. ਕਰਤਾਰ ਸਿੰਘ। ਇਕ ਦਿਨ ਲੰਮਾ ਜੁਆਨ ਬੰਦਾ ਆਇਆ। ਬਾਪੂ (ਨਾਨਾ) ਜੀ ਨੇ ਆਵਾਜ਼ ਦਿਤੀ—ਸਰੈਣ ਸਿੰਘ, ਗਿਆਨ ਸਿੰਘ ਆਇਐ ਬਾਰੋਂ। ਮੈਨੂੰ ਉਦੋਂ ਬਾਰ ਦੇ ਅਰਥ ਪਤਾ ਨਹੀਂ ਸਨ। ਮੈਂ ਸਮਝਿਆ ਬਾਹਰੋਂ ਆਏ ਹਨ। ਉਦੋਂ ਤਕ ਮੈਨੂੰ ਨਹੀਂ ਸੀ ਪਤਾ ਕਿ ਸਾਡੀ ਰਿਸ਼ਤੇਦਾਰੀ ਲਾਇਲਪੁਰ ਵਲ ਵੀ ਹੈ। ਲਾਇਲਪੁਰ ਦੀ ਬਾਰ ਵਿਚੋਂ ਇਹ ਵੀ ਸਾਡੇ ਮਾਮਾ ਜੀ ਸਨ। ਬਾਕੀ ਪਰਿਵਾਰ ਨਾਨਾ ਜੀ ਨਾਨੀ ਜੀ ਅਜੇ ਪੁਜੇ ਨਹੀਂ ਸਨ। ਹੌਲੀ ਹੌਲੀ ਉਹ ਵੀ ਆ ਗਏ। ਇਕ ਦਿਨ ਇਹਨਾ ਸਾਰਿਆਂ ਦੇ ਜੱਦੀ ਪਿੰਡ ਤਲਵੰਡੀ ਕਾਹਲਵਾਂ ਤੋਂ ਮਾਮਾ ਗਿਆਨ ਸਿੰਘ ਜੀ ਟੱਬਰ ਸਮੇਤ ਆ ਗਏ। ਇਹਨਾਂ ਦਾ ਪਿੰਡ ਤਾਂ ਰਾਵੀ ਦੇ ਕੋਲ ਕਰਤਾਰਪੁਰ ਦੇ ਨਜ਼ਦੀਕ ਸੀ, ਪਰ ਇਹ ਫਿਰਦੇ-ਫਿਰਾਂਦੇ ਰਿਆਸਤ ਜੰਮੂ ਵਲ ਚਲੇ ਗਏ ਸਨ।

ਹੌਲੀ ਹੌਲੀ ਮੇਰੇ ਨਾਨਕਿਆਂ 'ਚੋਂ ਸਾਰੇ ਪਰਿਵਾਰ ਸਹੀ ਸਲਾਮਤ ਪੁਜ ਗਏ ਸਨ। ਮੇਰੇ ਤਾਇਆਂ ਦੇ ਟੱਬਰ 'ਚੋਂ ਦੋ ਤਿੰਨ ਦਿਨ ਰਹਿ ਕੇ ਤਾਇਆ ਮੇਹਰ ਸਿੰਘ ਤਾਂ ਜਗਾਧਰੀ ਚਲੇ ਗਏ, ਜੋ ਕਿ ਅਗੇ ਵੀ ਪੇਪਰ ਮਿੱਲ ਵਿਚ ਕੰਮ ਕਰ ਚੁਕੇ ਸਨ। ਆਪਣੀ ਠਾਹਰ ਬਣਾਉਣ ਤੇ ਕੰਮਕਾਜ ਭਾਲਣ ਲਈ ਉਹ ਮੁੜ ਕੇ ਉਥੇ ਗਏ। ਤਾਇਆ ਖੜਕ ਸਿੰਘ ਜੀ ਦਿੱਲੀ ਚਲੇ ਗਏ ਥਾਂ ਪਤਾ ਲੱਭਣ ਵਾਸਤੇ। ਇਹ ਪਰਿਵਾਰ ਬਾਦ ਵਿਚ ਇਹਨਾਂ ਹੀ ਥਾਵਾਂ ਤੇ ਪੱਕੇ ਤੌਰ ਤੇ ਵਸ ਗਏ। ਤਾਇਆ ਬਾਪੂ ਕਿਸ਼ਨ ਸਿੰਘ ਹੋਰਾਂ ਜਲੰਧਰ ਵਿਚ ਹੀ ਇਕ ਮਕਾਨ ਲੱਭ ਲਿਆ। ਉਸ ਵੇਲੇ ਮੁਸਲਮਾਨਾਂ ਦੇ ਬਹੁਤ ਸਾਰੇ ਮਕਾਨ ਖਾਲੀ ਪਏ ਸਨ। ਆਪਣੀ ਸੰਭਾਲ ਸ਼ਕਤੀ ਅਨੁਸਾਰ ਲੋਕ ਉਹਨਾਂ ਨੂੰ ਮੱਲ ਰਹੇ ਸਨ।

ਮਾਮਾ ਜੀ ਦੇ ਘਰ ਇਕ ਰੇਡੀਓ ਸੀ, ਸ਼ਾਇਦ ਸਾਰੇ ਮੁਹੱਲੇ ਵਿਚ ਇਕ ਹੀ ਰੇਡੀਓ। ਇਸੇ ਮੁਹੱਲੇ ਵਿਚ ਕਾਂਗਰਸ ਦਾ ਦਫਤਰ ਸੀ ਅਤੇ ਇਥੋਂ ਦੇ ਕਾਂਗਰਸੀ ਜਵਾਨ ਵੀ ਖਬਰਾਂ ਸੁਨਣ ਉਥੇ ਆਇਆ ਕਰਦੇ ਸਨ। ਇਹਨਾਂ ਵਿਚੋਂ ਬਾਦ ਵਿਚ ਇਕ ਪੰਜਾਬ ਦਾ ਮੁਖ ਮੰਤਰੀ ਵੀ ਬਣ ਗਿਆ ਸੀ—ਸ. ਦਰਬਾਰਾ ਸਿੰਘ। ਸਾਡੇ ਵਾਸਤੇ ਰੇਡੀਓ ਦੇ ਕੋਲ ਹੋਣਾ ਇਕ ਨਵਾਂ ਅਨੁਭਵ ਸੀ। ਬਹੁਤਿਆਂ ਨੇ ਤਾਂ ਬਿਜਲੀ ਵੀ ਪਹਿਲੀ ਵਾਰ ਵੇਖੀ ਸੀ। ਮੇਰੇ ਮਾਮਾ ਜੀ ਰੇਡੀਓ ਦੇ ਸ਼ੌਕੀਨ ਵਿਅਕਤੀ ਤਾਂ ਨਹੀਂ ਸਨ ਕਿ ਉਚੇਚੇ ਪੈਸੇ ਖਰਚ ਕਰਕੇ ਉਹ ਅਜਿਹਾ ਕੀਮਤੀ ਯੰਤਰ ਖਰੀਦਦੇ ਪਰ ਕੋਈ ਅੰਗਰੇਜ਼ ਉਹਨਾਂ ਕੋਲ ਇਹ ਰੇਡੀਓ ਬੜਾ ਸਸਤਾ ਦੇ ਗਿਆ ਸੀ ਸ਼ਾਇਦ ਆਪਣੀ ਮੋਟਰ ਦੇ ਕੰਮ ਦੇ ਇਵਜ਼ ਹੀ। ਇਕ ਦਿਨ ਮੇਰੇ ਤਾਏ ਦੇ ਪੁਤਰ ਭਰਾ



Sri Satguru Jagjit Singh Ji eLibrary NamdhariElibrary@gmail.com

ਤਰਲੋਕ ਸਿੰਘ ਨੇ ਭੇਦ-ਭਰੀ ਗੱਲ ਦੱਸੀ । ਉਸ ਕਿਹਾ ਮੈਨੂੰ ਪਤਾ ਲਗ ਗਿਆ ਹੈ ਕਿ ਰੇਡੀਓ ਕਿਵੇਂ ਲਾਈਦਾ ਹੈ । ਮੈਂ ਹੈਰਾਨ ਰਹਿ ਗਿਆ । ਏਡੀ ਵੱਡੀ ਗੱਲ ਦਾ ਇਸ ਨੂੰ ਕਿਵੇਂ ਪਤਾ ਚਲ ਗਿਆ। ਭਰਾ ਤਰਲੋਕ ਸਿੰਘ ਖਾਮੋਸ਼ ਰਹਿਣ ਵਾਲਾ ਵਿਅਕਤੀ ਹੈ । ਉਸ ਦੀ ਖਾਮੋਸ਼ੀ ਇਕ ਭੇਦ ਵਾਂਗ ਵੀ ਸੀ । ਉਸ ਨੇ ਰੇਡੀਓ ਦਾ ਸਵਿਚ ਮਰੋੜਿਆ ਤੇ ਰੇਡੀਓ ਬੋਲਣ ਲਗ ਪਿਆ । ਉਸ ਵੇਲੇ ਰੇਡੀਓ ਤੋਂ ਕੋਈ ਫ਼ਿਲਮੀ ਗਾਣਾ ਨਹੀਂ ਸੀ ਆ ਸਕਦਾ । ਫ਼ਿਲਮ ਦਾ ਗਾਣਾ ਤਵਿਆਂ ਵਾਲੇ ਵਾਜੇ ਗਰਾਮੋਫ਼ੋਨ ਤੇ ਆਉਂਦਾ ਸੀ। ਫ਼ਿਲਮ ਦੇਖਣਾ ਜਾਂ ਫ਼ਿਲਮ ਦਾ ਗਾਣਾ ਸੁਨਣਾ ਬਹੁਤ ਮਾੜੀ ਗੱਲ ਸਮਝੀ ਜਾਂਦੀ ਸੀ ਅਤੇ ਰੇਡੀਓ ਇਸ ਬੁਰਾਈ ਤੋਂ ਬਿਲਕੁਲ ਪਾਕ ਸੀ । ਭਰਾ ਤਰਲੋਕ ਸਿੰਘ ਵਲੋਂ ਰੇਡੀਓ ਲਾ ਲੈਣ ਨਾਲ ਉਸ ਦੀ ਅਕਲਮੰਦੀ ਦਾ ਸਾਡੇ ਤੇ ਬਹੁਤ ਪ੍ਰਭਾਵ ਪਿਆ ।

ਸਾਡੇ ਮਾਮਾ ਜੀ ਜਿਸ ਮਕਾਨ ਵਿਚ ਕਿਰਾਏ ਤੇ ਰਹਿੰਦੇ ਸਨ ਉਹਦਾ ਮਾਲਕ ਬਾਪੂ ਵਧਾਵਾ ਸਿੰਘ ਅਤੇ ਉਹਨਾਂ ਦੇ ਘਰੋਂ ਬਿਰਧ ਮਾਤਾ ਸਨ । ਇਹਨਾਂ ਦਾ ਪੁਤਰ ਸੀ, ਜਸਵੰਤ ਸਿੰਘ ਜੋ ਮੇਰੇ ਤੋਂ ਕੁਝ ਵੱਡੀ ਉਮਰ ਦਾ ਸੀ । ਇਸ ਨਾਲ ਮੇਰੀ ਚੰਗੀ ਜਾਣ-ਪਛਾਣ ਹੋ ਗਈ । ਬਹੁਤ ਦੇਰ ਬਾਦ ਇਹ ਰੇਡੀਓ ਵਿਚ ਭਰਤੀ ਹੋ ਗਿਆ ਅਤੇ ਫੇਰ ਮਾਸਕੋ (ਰੂਸ) ਵਿਚ ਚਲਿਆ ਗਿਆ ।

ਸਾਡੇ ਮਾਮਾ ਜੀ ਦਾ ਭਾਈਚਾਰਾ ਬਹੁਤ ਸੀ । ਉਹਨਾਂ ਸਾਰਿਆਂ ਨੂੰ ਅਸੀਂ ਮਾਮਾ ਜੀ ਹੀ ਆਖਦੇ ਸਾਂ । ਇਹਨਾਂ ਵਿਚੋਂ ਬਹੁਤੇ ਅਸੀਂ ਪਹਿਲੀ ਵਾਰ ਹੀ ਵੇਖੇ ਸਨ । ਇਕ ਮਾਮਾ ਮੋਨਾ ਵੀ ਸੀ । ਉਸ ਦਾ ਇਕ ਪੁਤਰ ਬਹੁਤ ਹੀ ਚੁਸਤ ਸੀ । ਉਹ ਮੁੰਡਾ ਅਕਸਰ ਮੈਨੂੰ ਨਵੀਆਂ ਨਵੀਆਂ ਕਹਾਣੀਆਂ ਦੱਸਿਆ ਕਰੇ । ਇਕ ਗਲ ਸੁਣਾ ਕੇ ਤਾਂ ਉਹ ਅਸਲੋਂ ਹੈਰਾਨ ਕਰ ਦਿਤਾ । ਕਹਿਣ ਲਗਾ ਮੇਰਾ ਬਾਪ ਅਸਲੀ ਬਾਪ ਨਹੀਂ । ਮੈਨੂੰ ਸਮਝ ਨਾ ਆਵੇ ਕਿ ਬਾਪ ਅਸਲੀ ਤੇ ਨਕਲੀ ਕਿਵੇਂ ਹੁੰਦੇ ਨੇ । (ਸਾਡੀ ਇਹ ਮਾਮੀ ਕੁਦੇਸਣ ਸੀ । ਹਿੰਦੀ ਵਰਗੀ ਪੰਜਾਬੀ ਬੋਲਦੀ ਸੀ ਅਤੇ ਇਹ ਮੁੰਡਾ ਉਸ ਦੇ ਪਹਿਲੇ ਵਿਆਹ ਦਾ ਸੀ) ਉਹ ਮੁੰਡਾ ਇਹ ਵੀ ਆਖੇ ਕਿ ਬੜਾ ਮਾਲ ਭਰਿਆ ਪਿਆ ਹੈ ਦੁਕਾਨਾਂ ਵਿਚ। ਉਹ ਜਾਂਦਾ ਹੁੰਦਾ ਸੀ ਲੁੱਟਣ ਵਾਸਤੇ । ਇਕ ਦਿਨ ਉਸ ਨੇ ਬੜਾ ਵਧੀਆ ਚਾਕੂ ਵਿਖਾਇਆ, ਜੋ ਉਹ ਇਕ ਦੁਕਾਨ 'ਚੋਂ ਲੁੱਟਕੇ ਲਿਆਇਆ ਸੀ । ਇਕ ਦਿਨ ਉਹ ਮੈਨੂੰ ਵੀ ਵਰਗਲਾ ਕੇ ਲੈ ਗਿਆ ਆਪਣੇ ਨਾਲ । ਚੌਗਿਟੀ ਵਲ ਅਸੀਂ ਕਿਤੇ ਗਏ । ਸ਼ਹਿਰ ਅੰਦਰਲਾ ਲੁੱਟ ਦਾ ਮਾਲ ਠਿਕਾਣੇ ਲੱਗ ਚੁੱਕਾ ਸੀ । ਜਿਧਰ ਵੇਖੋ ਮੁਸਲਮਾਨਾਂ ਦੀਆਂ ਦੁਕਾਨਾਂ ਤੇ ਮਕਾਨ ਅੱਗ ਨਾਲ ਧੁਆਂਖੀਆਂ ਖੋਲੇ ਬਣੀਆਂ ਸਨ ਅਤੇ ਸਤੀਰ ਗਾਇਬ ਸਨ। ਇਕ ਦੁਕਾਨ ਦੇ ਮਲਬੇ ਵਿਚੋਂ ਅਸੀਂ ਕੁਝ ਲੱਭਦੇ ਰਹੇ । ਉਹ ਟਪ ਟਪ ਕੇ ਇਵੇਂ ਡਬੇ ਲੱਭੇ ਅਤੇ ਫਰੋਲੇ ਜਿਵੇਂ ਕੁਕੜੀ ਮਿਟੀ ਚੋਂ ਚੋਗਾ ਚੁਗ ਲੈਂਦੀ ਹੈ । ਪਰ ਮੈਂ ਸਾਰਾ ਦਿਨ ਲਾ ਕੇ ਕੁਝ ਕੁ ਬਲੌਰੀ ਬਾਂਟੇ ਹੀ ਲਭ ਸਕਿਆ । ਸਾਡੀ ਕੋਸ਼ਿਸ਼ ਸਫਲ ਹੋ ਗਈ ਸੀ। ਜਿਵੇਂ ਸ਼ਿਕਾਰੀ ਨੂੰ ਸ਼ਿਕਾਰ ਮਿਲ ਗਿਆ ਹੋਵੇ । ਜੇ ਉਹ ਵੀ ਨਾ ਮਿਲਦੇ ਤਾਂ ਆਪਣੀ ਬੜੀ ਬੇਇਜ਼ਤੀ ਹੋਣੀ ਸੀ । ਆਪਣੀ ਪਰਾਲਭਧ ਹੈ ਜ਼ਿੰਦਗੀ ਵਿਚ ਸਦਾ ਬਾਂਟੇ ਹੀ ਹੱਥ ਲਗੇ ਹਨ ।

ਸਾਡੇ ਮਾਮਾ ਜੀ ਦੀ ਦੁਕਾਨ ਅਤੇ ਘਰ ਵਿਚਲਾ ਸਿਧਾ ਫਾਸਲਾ ਤਾਂ ਇਕ ਮਿੰਟ ਦਾ ਸੀ, ਪਰ ਵਿਚਕਾਰ ਇਕ ਟੀਨ ਦੀਆਂ ਚਦਰਾਂ ਦੀ ਕੰਧ ਸੀ ਅਤੇ ਗਲੀ ਵਿਚੋਂ ਸਹੀ ਰਸਤੇ ਰਾਹੀਂ ਪੰਜ ਕੁ ਮਿੰਟ ਚਾਹੀਦੇ ਹੀ ਸਨ । ਉਸ ਚਦਰਾਂ ਦੀ ਦੀਵਾਰ ਦੇ ਪਾਰ ਖੁਲਾ ਮੈਦਾਨ ਸੀ ਕੁਝ ਦਰਖਤ ਸਨ ਟਾਹਲੀਆਂ ਆਦਿ । ਇਸ ਵਾਸਤੇ ਉਸ ਪਾਸੇ ਦੀ ਸਾਰੀ ਗਲ ਸੁਣਦੀ ਹੁੰਦੀ ਹੀ ਸੀ । ਅਸੀਂ ਮੌਤ ਦੇ ਮੂੰਹ ਚੋਂ ਬੱਚ ਕੇ ਤਾਂ ਆ ਗਏ ਪਰ ਮੌਤ ਦਾ ਸਾਇਆ ਵਾਤਾਵਰਨ ਤੇ ਕਾਇਮ ਸੀ । ਦਿਲ ਹਿਲਾ ਦੇਣ ਵਾਲੀਆਂ ਕਹਾਣੀਆਂ ਬਹਾਦਰੀ ਦੀਆਂ ਕਥਾਵਾਂ ਕੁਝ ਸੱਚ ਤੇ ਕੁਝ ਝੂਠ ਲਗਾਤਾਰ ਸੁਣਦੇ ਰਹਿੰਦੇ ਸੀ । ਰੇਲ ਦਾ ਸਟੇਸ਼ਨ ਲਾਗੇ ਹੋਣ ਕਰਕੇ ਰਾਤ ਨੂੰ ਉਥੋਂ ਬੜੀਆਂ ਭਿਆਨਕ ਆਵਾਜ਼ਾਂ ਆਉਣੀਆਂ । ਇਕ ਰਾਤ ਅਜਿਹਾ ਹੀ ਰੌਲਾ ਅਸੀਂ ਸੁਣਿਆਂ ਜਿਹੋ ਜਿਹਾ ਰਾਵਲਪਿੰਡੀ ਸੁਣਦੇ ਸੀ ਜਿਵੇਂ ਹਮਲਾ ਹੋਇਆ ਹੋਵੇ, ਜਿਵੇਂ ਬੰਦੇ ਵੱਢੇ ਜਾ ਰਹੇ ਹੋਣ । ਸ਼ਾਇਦ ਉਹ ਰੌਲਾ ਉਹ ਦਹਿਸ਼ਤ ਸਾਡੀ ਮਾਨਸਿਕਤਾ ਦਾ ਹਿੱਸਾ ਬਣ ਚੁੱਕੀ ਸੀ । ਸੁਤਿਆਂ ਪਇਆਂ ਅਕਸਰ ਉਹ ਆਤੰਕ ਅਤੇ ਡਰ ਉਸ ਰੌਲੇ ਦੇ ਰੂਪ ਵਿਚ ਸੁਣਾਈ ਦਿੰਦਾ ਰਹਿੰਦਾ । ਇਕ ਰਾਤ ਤਾਂ ਇਸ ਰੌਲੇ ਨੇ ਬਹੁਤ ਹੀ ਤੰਗਕੀ ਤਾ। ਸੱਚੀ ਗੱਲ ਤਾਂ ਇਹ ਹੈ ਕਿ ਅਸੀਂ ਸੌਂ ਨਾ ਸਕੇ । ਸਤਿ ਸ੍ਰੀ ਅਕਾਲ ਦੇ ਜੈਕਾਰੇ ਸੁਣਾਈ ਦਿੰਦੇ । ਫਿਰ ਨੀਂਦ ਆਈ ਤਾਂ ਸੁਤਉਣੀਂਦੇ ਜਿਹੇ ਵਿਚ ਇਕ ਆਵਾਜ਼ ਆਉਂਦੀ ਰਹੀ । ਆਵਾਜ਼ ਘਟਦੀ ਗਈ ਜਿਵੇਂ ਕੋਈ ਸਹਿਕ ਸਹਿਕ ਕੇ ਬੋਲ ਰਿਹਾ ਹੋਵੇ, ਪਰ ਇਸ ਆਵਾਜ਼ ਨੇ ਪਿੱਛਾ ਨਹੀਂ ਛਡਿਆ । ਇਹ ਆਵਾਜ਼ ਸੀ—



Sri Satguru Jagjit Singh Ji eLibrary NamdhariElibrary@gmail.com

ਅਲਾਹ ਹੂ ਦੀ ।

ਸਵੇਰੇ ਜਾਗ ਆਈ ਤਾਂ ਆਲੇ ਦੁਆਲੇ ਸਹਿਮੇ ਸਹਿਮੇ ਚਿਹਰੇ ਸਨ । ਅਸੀਂ ਜਸਵੰਤ ਤੇ ਦੋ ਚਾਰ ਮੁੰਡੇ ਸਵੇਰੇ ਸਵੇਰੇ ਬਾਹਰ ਨਿਕਲੇ । ਹਵਾ 'ਚ ਭੇਦਭਰੀ ਖਾਮੋਸ਼ੀ ਸੀ । ਅਗੇ ਗਏ ਤਾਂ ਲੋਕ ਟੋਲੀਆਂ ਬਣਾ ਬਣਾ ਕੇ ਖੜੇ ਗਲਾਂ ਕਰ ਰਹੇ ਸਨ । ਇਹੋ ਜਿਹੀਆਂ ਟੋਲੀਆਂ ਕਈ ਥਾਵਾਂ ਤੇ ਸਨ ਗਲੀ ਦੇ ਨਾਲ ਪਏ ਖਾਲੀ ਖੋਲੇ ਵਿਚ ਬਾਹਰ ਸੜਕ ਦੇ ਉਤੇ ।

ਅਸਾਂ ਵੱਡਿਆਂ ਦੀਆਂ ਲੱਤਾਂ ਵਿਚੋਂ ਦੀ ਰਾਹ ਬਣਾ ਹੀ ਲਿਆ ਅਤੇ ਜੋ ਵੇਖਿਆ ਅੱਖਾਂ ਟੱਡੀਆਂ ਦੀਆਂ ਟੱਡੀਆਂ ਹੀ ਰਹਿ ਗਈਆਂ । ਕੁਝ ਲਾਸ਼ਾਂ ਤਾਂ ਮੁਸਲਮਾਨ ਮੁੰਡਿਆਂ ਦੀਆਂ ਸਨ । ਤਿੰਨ ਕੁ ਲਾਸ਼ਾਂ ਕੁੜੀਆਂ ਦੀਆਂ ਸਨ । ਰੰਗ-ਬਰੰਗੇ ਕੱਪੜੇ ਆਲੇ-ਦੁਆਲੇ ਖਿਲਰੇ ਪਏ ਸਨ । ਇਹ ਕਿਸੇ ਨੂੰ ਪੁਛਣ ਵਾਲੀ ਗੱਲ ਨਹੀਂ ਸੀ—ਉਹਨਾਂ ਦੀਆਂ ਛਾਤੀਆਂ ਅਤੇ ਗੁਪਤ ਅੰਗਾਂ ਨੂੰ ਕਿਰਪਾਨਾਂ ਮਾਰ ਮਾਰ ਕੇ ਕੱਟਿਆ ਹੋਇਆ ਸੀ । ਲਹੂ ਉਤੇ ਮੱਖੀਆਂ ਭਿਣਕ ਰਹੀਆਂ ਸਨ । ਮੌਤ ਦੀ ਨੀਂਦ ਰਾਹੀਂ ਅੰਤਿਮ ਰਾਹਤ ਤੋਂ ਪਹਿਲਾਂ ਉਹਨਾਂ ਨਾਲ ਕੀ ਵਾਪਰੀ ਹੋਵੇਗੀ ! ਇਸ ਦੀ ਕਲਪਣਾ ਮੌਤ ਤੋਂ ਵੀ ਭਿਆਨਕ ਸੀ । ਇਥੇ ਖਲੋਤਿਆਂ ਹੀ ਅਸੀਂ ਫੜੇ ਗਏ । ਨਾਨਾ ਜੀ ਨੇ ਆ ਦਬੋਚਿਆ । ਜ਼ਬਰਦਸਤ ਤਾੜਨਾ ਸੀ—"ਚਲੋ ਘਰ ਨੂੰ......ਤੁਹਾਨੂੰ ਆਉਣ ਕਿਸਨੇ ਦਿਤਾ ਸੀ ।" ਪਰ ਸਾਡੇ ਛੋਟੇ ਸਰੀਰ ਵਿਚ ਵਡੀ ਆਤਮਾ ਸਭ ਕੁਝ ਸਮਝਦੀ ਸੀ । ਅਸੀਂ ਘਰ ਆ ਗਏ ਤੇ ਸਾਨੂੰ ਬਾਹਰ ਨਾ ਕਿਸੇ ਜਾਣ ਦਿਤਾ । ਇਸ ਘਟਨਾ ਜਾਂ ਦੁਰਘਟਨਾ ਦੀਆਂ ਕਹਾਣੀਆਂ ਤਾਂ ਉਸੇ ਦਿਨ ਹੀ ਬਨਣ ਲਗ ਪਈਆਂ ਸਨ । ਰਾਤ ਮੁਸਲਮਾਨਾਂ ਦੀ ਭਰੀ ਹੋਈ ਗੱਡੀ ਆਈ ਸੀ ਪਾਕਿਸਤਾਨ ਜਾਣ ਵਾਸਤੇ । ਸਟੇਸ਼ਨ ਤੇ ਲੁੱਟ ਲਈ ਗਈ, ਨਹੀਂ ਵੱਢ ਦਿਤੀ ਗਈ । ਕਈ ਜਾਨ ਬਚਾਉਣ ਲਈ ਵਖ ਵਖ ਸੜਕਾਂ ਨੂੰ ਦੌੜ ਗਏ ਸਨ, ਜਾਣ ਵਾਲਿਆਂ ਕਿਥੇ ਜਾਣ ਦੇਣਾ ਸੀ ?

ਉਸ ਵੇਲੇ ਕੁਝ ਕੁ ਮੁੰਡੇ ਜਾਂ ਜਵਾਨ ਐਸੇ ਸਨ ਜਿਹੜੇ ਇਸ ਕਾਮਯਾਬੀ ਤੇ ਫੁੱਲੇ ਨਹੀਂ ਸੀ ਸਮਾਉਂਦੇ । ਇਹ ਗੱਲਾਂ ਵੀ ਸੁਣਾਉਂਦੇ । ਜੋ ਕੁਝ ਵੀ ਉਹ ਕਰਦੇ ਸਨ ਜੇ ਕਿਸੇ ਨੂੰ ਪਤਾ ਹੀ ਨਾ ਲਗੇ ਤਾਂ ਉਹਨਾਂ ਦੀ ਸਾਰੀ ਸੂਰਮਗਤੀ ਦਾ ਕੀ ਮੁੱਲ ਸੀ । ਉਹ ਗੱਲਾਂ ਕਰ ਰਹੇ ਸਨ ਕਿਥੇ ਕਿਥੇ ਕੀ ਕੀਤਾ । ਫੇਰ ਉਹਨਾਂ ਸੁਣਾਈਆਂ ਉਸ ਰਾਤ ਦੀਆਂ ਗੱਲਾਂ । ਨਾਲ ਗਾਲ੍ਹਾਂ ਕੱਢਣ ਨਾਲੇ ਫੜ੍ਹਾਂ ਮਾਰਨ । ਕਈ ਵਾਰ ਇਕ ਦੂਜੇ ਨੂੰ ਕੱਟਣ ਵੀ—'ਨਹੀਂ ਓਦੇ ਇੰਝ ਕੀਤਾ ।' ਕੁੜੀਆਂ ਨਾਲ ਕੀ ਕੀਤਾ ਇਹ ਵੀ ਉਹ ਦੱਸਣ । ਫੇਰ ਉਹਨਾਂ ਦਸਿਆ ਕਿ—ਅਸੀਂ ਮੁਸਲਮਾਨ ਮੁੰਡੇ ਨੂੰ ਜੀਂਦੇ ਨੂੰ ਅੱਗ ਵਿਚ ਸੁੱਟ ਦਿਤਾ, ਪਰ ਉਹ ਸਾਲਾ ਬੜਾ ਪੱਕਾ ਨਿਕਲਿਆ...ਬੜਾ ਸਖਤ . ਉਹ ਮਰਨ 'ਚ ਹੀ ਨਾ ਆਵੇ । ਸਾਲਾ ਸਾਰੀ ਰਾਤ ਅੱਲਾ-ਹੂ ਕਰਦਾ ਰਿਹਾ । ਇਹ ਉਹ ਹੀ ਅੱਲ੍ਹਾ-ਹੂ-ਅਕਬਰ ਸੀ ਜੋ ਲੋਹੇ ਦੀਆਂ ਚਾਦਰਾਂ ਦੀ ਵਿਥ ਨਾਲ ਪਰਲੇ ਹਾਤੇ ਵਿਚੋਂ ਸਾਰੀ ਰਾਤ ਸੁਣਾਈ ਦਿੰਦਾ ਰਿਹਾ । ਓਧਰ ਜਿਉਂਦਾ ਬੰਦਾ ਤਿਲ ਤਿਲ ਕਰਕੇ ਭੁੱਜ ਰਿਹਾ ਸੀ ਏਧਰ ਅਸੀਂ ਸੁਤੇ ਪਏ ਸਾਂ । ਉਸ ਵੇਲੇ ਦੇ ਉਹ 'ਸੂਰਮੇ' ਬਾਅਦ ਵਿਚ ਵੀ ਮੈਂ ਵੇਖਦਾ ਰਿਹਾ—ਵਡੇ ਆਦਮੀ ਬਣ ਗਏ, ਟਰਾਂਸਪੋਰਟਰ ਤੇ ਵਪਾਰੀ । ਇਕ ਗੁਰਦੁਆਰੇ ਦਾ ਪ੍ਰਧਾਨ ਵੀ ਬਣ ਗਿਆ । ਕੋਈ ਚਾਲੀ ਸਾਲ ਬਾਅਦ ਉਹਨਾਂ 'ਚੋਂ ਛੋਟਾ ਅਤੇ ਫੁਰਤੀਲਾ ਮੈਂ ਮੁੜ ਦੇਖਿਆ......ਕਲਫ਼ ਲੱਗੀ ਕੱਟੀ ਦਾਹੜੀ ਵੀ ਉਮਰ ਲੁਕਾ ਨਹੀਂ ਸੀ ਰਹੀ । ਮੈਨੂੰ ਉਹ ਸਮਾਂ ਮੁੜ ਯਾਦ ਆ ਗਿਆ । ਕਿਸੇ ਨੇ ਦਸਿਆ ਕਿ ਇਹ ਅਜ ਕਲ ਅਮਰੀਕਾ ਵਿਚ ਸੈਟਲ ਹੋ ਗਿਆ ਹੈ । ਸੰਨ ਸੰਤਾਲੀ ਦਾ ਸੰਤਾਪ ਮੁੜ ਕੁਝ ਚਰਚਾ ਦਾ ਵਿਸ਼ਾ ਬਣ ਗਿਆ । ਮਾਮਾ ਗੁਰਬਚਨ ਸਿੰਘ ਅਜ ਕਲ ਬਜ਼ੁਰਗ ਹੋ ਗਏ ਹਨ । ਮੈਂ ਮੁੜ ਉਹਨਾਂ ਨੂੰ ਪੁਛਿਆ ਮਾਮਾ ਜੀ ਤੁਸੀਂ ਦੋ ਹੀ ਮੁਸਲਮਾਨ ਮਾਰੇ ਸਨ ?

ਉਹ ਕਹਿਣ ਲਗੇ ਨਾ ਮੈਂ ਤਾਂ ਕੋਈ ਨਹੀਂ ਮਾਰਿਆ । ਮੈਂ ਕਿਹਾ ਤੁਸੀਂ ਇਕ ਵਾਰ ਦਸਿਆ ਸੀ ਕਿ ਦੋ ਮਾਰੇ ਹਨ । ਕਹਿਣ ਲਗੇ ਗਲਤ ਗਲ ਹੈ ਮੈਂ ਮੁਸਲਮਾਨ ਕੀਹ ਕੋਈ ਵੀ ਜੀਵ ਨਹੀਂ ਮਾਰਿਆ ਇਹ ਗੱਲ ਗਲਤ ਹੈ । ਤੂੰ ਕਹਿੰਦਾ ਹੈ ਤਾਂ ਮੈਂ ਮਨ ਲੈਂਦਾ ਹਾਂ ਕਿ ਇਹ ਗੱਲ ਮੇਰੇ ਮੂੰਹੋ ਕਦੇ ਨਿਕਲੀ ਹੋਵੇਗੀ ਪਰ ਅਸਲ ਵਿਚ ਮੈਂ ਕੋਈ ਵੀ ਮੁਸਲਮਾਨ ਨਹੀਂ ਮਾਰਿਆ । ਕਦੇ ਵੀ ਕੋਈ ਬੰਦਾ ਨਹੀਂ ਮਾਰਿਆ ।



Sri Satguru Jagjit Singh Ji eLibrary NamdhariElibrary@gmail.com

# ਬਹੁ-ਮੁਖੀ ਸੰਸਥਾ ਸੰਜੀਵਨ ਹਸਪਤਾਲ, ਮੰਡੀ

ਹਿਮਾਚਲ ਪ੍ਰਦੇਸ਼ ਦੇ ਪਰਮੁਖ ਸ਼ਹਿਰ ਮੰਡੀ ਦੇ ਘੁਗ ਵਸਦੇ ਮੁਖ ਬਾਜ਼ਾਰ ਵਿਚ ਇਕ ਬਹੁ ਮੁਖੀ ਹਸਪਤਾਲ ਹੈ ਸੰਜੀਵਨ ਹਸਪਤਾਲ' ਜਿਸ ਵਿਚ ਮੰਡੀ ਸ਼ਹਿਰ ਅਤੇ ਆਲੇ ਦੁਆਲੇ ਦੇ ਦਿਹਾਤੀ ਇਲਾਕੇ ਵਿਚੋਂ ਭਾਰੀ ਗਿਣਤੀ ਵਿਚ ਲੋਕ ਆਪਣੇ ਦੁਖਾਂ ਦਾ ਨਿਵਾਰਨ ਕਰਨ ਵਾਸਤੇ ਆਉਂਦੇ ਹਨ। ੮੦੦੦ ਵਰਗ ਫੁੱਟ ਖੇਤਰਫਲ 'ਚ ਫੈਲੇ ਇਸ ਤਿਮੰਜ਼ਲੇ ਹਸਪਤਾਲ ਵਿਚ ਭਾਵੇਂ ਬਹੁਤ ਸਾਰੇ ਕਮਰੇ ਹਨ ਪਰ ਇਹ ਸਾਰਾ ਦਿਨ ਲੋੜਵੰਦ ਮਰੀਜ਼ਾਂ ਨਾਲ ਭਰਿਆ ਰਹਿੰਦਾ ਹੈ। ਇਥੋਂ ਦੇ ਮੁਖ ਡਾਕਟਰ ਮੈਡੀਕਲ ਸੁਪਰਡੈਂਟ ਡਾ: ਜੈ ਇੰਦਰ ਪਾਲ ਸਿੰਘ ਨਾਮਧਾਰੀ ਬਹੁਤ ਨਿਘੇ ਸੁਭਾਅ ਦੇ ਉਚੇ ਲੰਮੇ ਹਲੀਮ ਨੌਜਵਾਨ ਹਨ। ਸੂਬਾ ਜੈਮਲ ਸਿੰਘ ਹੋਰਾਂ ਪੰਜਾਹ ਸਾਲ ਤੋਂ ਆਪਣਾ ਨਿਵਾਸ ਅਸਥਾਨ ਇਸ ਹਸਪਤਾਲ ਨੂੰ ਦਿਤਾ ਹੈ ਅਤੇ ਭਾਵੇਂ ਇਹ ਹਸਪਤਾਲ ੨੦ ਫਰਵਰੀ ੧੯੯੩ ਨੂੰ ਹੀ ਚਾਲੂ ਹੋਇਆ ਹੈ ਪਰ ਇਸ ਦੀ ਲੋਕ ਪ੍ਰੀਅਤਾ ਸਾਰੇ ਹਿਮਾਚਲ ਵਿਚ ਫੈਲ ਗਈ ਹੈ। ਇਸ ਹਸਪਤਾਲ ਵਿਚ ਬੀਮਾਰੀ ਦੀ ਤਸ਼ਖੀਸ਼ ਅਤੇ ਸਿਹਤ ਦੀ ਬਹਾਲੀ ਵਾਸਤੇ ਐਸੇ ਪਰਬੰਧ ਹਨ ਕਿ ਉਹ ਵਡੇ ਵਡੇ ਮਹਾਂਨਗਰਾਂ ਦੇ ਸੂਖਮ ਇਲਾਜ ਪਰਬੰਧਾਂ ਦਾ ਮੁਕਾਬਲਾ ਕਰਦੇ ਹਨ।

ਹਸਪਤਾਲ ਵਿਚ ਕੰਮ ਬਹੁਤ ਸੁਚਾਰੂ ਰੂਪ ਵਿਚ ਅਤੇ ਬਹੁਤ ਫੁਰਤੀ ਨਾਲ ਹੁੰਦਾ ਹੈ। ਐਮਰਜੈਂਸੀ ਸੰਭਾਲ ਹਰ ਸਮੇਂ ਹੁੰਦੀ ਹੈ। ਚੁੱਸਤ ਚਕਿਤਸਕ ਅਮਲਾ, ਸੇਵਾ ਭਾਵੀ ਨਰਸਾਂ, ਉਦਮੀ ਸੁਪਰਵਾਇਜ਼ਰੀ ਸਟਾਫ ਅਤੇ ਪ੍ਰਤਿਬੱਧ ਵਿਹਾਰਕ ਸੰਭਾਲ ਨਾਲ ਮਰੀਜ਼ਾਂ ਲਈ ਬਹੁਤ ਵਧੀਆ ਇੰਤਜ਼ਾਮ ਕੀਤਾ ਜਾਂਦਾ ਹੈ।

ਇਥੇ ਪੇਟ, ਆਂਤੜੀਆਂ, ਪਿੱਤੇ, ਨਾਰੀ ਰੋਗ, ਅੱਖ-ਕੰਨ-ਨੱਕ-ਗਲੇ ਸੰਬੰਧੀ ਸਰਜਰੀ ਨਿੱਤ ਕੀਤੀ ਜਾਂਦੀ ਹੈ।

ਦੋ ਏਅਰ-ਕੰਡੀਸ਼ਨਡ ਓਪਰੇਸ਼ਨ ਥੀਏਟਰਾਂ ਵਿਚ ਹਰ ਲੋੜੀਂਦੀ ਸਹੂਲਤ ਹੈ, ਜਿਸ ਵਿਚ ਵੱਡੇ ਓਪਰੇਸ਼ਨ ਕਰਨ ਲਈ ਕਾਰਡੀਅਕ ਮਾਨੀਟਰ (ਹਿਰਦੇ ਰੋਗਾਂ ਦਾ ਨਿਰੀਖਿਅਕ) ਵੀ ਹੈ।

ਔਜ਼ਾਰਾਂ ਨੂੰ ਆਟੋਕਲੇਵ ਤੇ ਉੱਚ ਦਾਬ ਨਾਲ ਸ਼ੁੱਧ ਕੀਤਾ ਜਾਂਦਾ ਹੈ।

ਬੱਚਿਆਂ ਨੂੰ ਸਵੈ-ਚਾਲਕ ਨਿੱਘ ਦੇਣ ਵਾਲਾ ਪ੍ਰਬੰਧ ਹੈ।

ਨਿਦਾਨਕਾਰੀ ਇਕਾਈ ਵਿਚ ਐਕਸ-ਰੇਅ ਮਸ਼ੀਨ, ਈ.ਸੀ.ਜੀ. ਇਕ ੩.੫ ਐਮ.ਐਚ.ਜ਼ੈਡ. ਸੈਕਟਰ, ਅਲਟਰਾ-ਸਾਊਂਡ ਸਕੈਨਰ, ਰਕਤ ਵਿਗਿਆਨ, ਜੀਵ ਰਸਾਇਣ ਇਕਾਈਆਂ ਵੀ ਹਨ। ਹਾਰਮੋਨ ਦੀ ਜਾਂਚ ਵਾਸਤੇ ਵੀ ਪ੍ਰਬੰਧ ਕੀਤੇ ਗਏ ਹਨ। ਐਂਡੋਸਕੋਪੀ ਵੀ ਕੀਤੀ ਜਾ ਰਹੀ ਹੈ।

ਹਸਪਤਾਲ ਦੇ ਭੌਤਿਕ ਚਿਕਿਤਸਾ ਵਿਭਾਗ ਵਿਚ ਇਲੈਕਟਰਾਨਿਕ ਸੰਕਰਸ਼ਣ ਯੂਨਿਟ ਵੀ ਹੈ। ਇਕ ਸ਼ਾਰਟ ਵੇਵ ਡਾਇਆਥਰਮੀ ਯੂਨਿਟ, ਅਲਟਰਾ-ਸਾਊਂਡ ਥਿਰੈਪੀ ਯੂਨਿਟ ਅਤੇ ਮੋਮ ਇਸ਼ਨਾਨ ਆਦਿ ਵੀ ਹਨ।

ਹਸਪਤਾਲ ਵਿਚ ਇਕ ਵਧੀਆ ਕੰਨਟੀਨ ਵੀ ਹੈ, ਜਿਥੋਂ ਮਰੀਜ਼ ਅਤੇ ਉਸਦੇ ਰਿਸ਼ਤੇਦਾਰ ਭੋਜਨ ਪ੍ਰਾਪਤ ਕਰਦੇ ਹਨ।

੨੪ ਘੰਟਿਆਂ ਵਾਸਤੇ ਐਂਬੂਲੈਂਸ ਗੱਡੀ ਦੀ ਸੇਵਾ ਹਾਜ਼ਰ ਹੈ।

ਡਾ. ਜੈ ਇੰਦਰਪਾਲ ਸਿੰਘ ਹੋਰਾਂ ਨੂੰ ਆਪਣੇ ਕੰਮ ਵਿਚੋਂ ਗੱਲ ਕਰਨ ਦੀ ਵਿਹਲ ਨਹੀਂ ਨਿਕਲਦੀ। ਉਹ ਦਿਨ-ਰਾਤ ਇਸ ਸੇਵਾ-ਕਾਰਜ ਵਿਚ ਜੁੱਟੇ ਹੀ ਰਹਿੰਦੇ ਹਨ। ਇਸ ਹਸਪਤਾਲ ਨੇ ਲੋਕ ਸੇਵਾ ਵਿਚ ਆਪਣਾ ਬਹੁਤ ਨਾਮ ਪੈਦਾ ਕੀਤਾ ਹੈ। ਇਸ ਦੇ ਹੋਰ ਵਿਕਾਸ ਦੀਆਂ ਯੋਜਨਾਵਾਂ ਚਲਦੀਆਂ ਹੀ ਰਹਿੰਦੀਆਂ ਹਨ।



Sri Satguru Jagjit Singh Ji eLibrary NamdhariElibrary@gmail.com

# ਪਰਦੇਸਾਂ ਵਿਚ ਸਿੱਖ ਵਿਰਸੇ ਦੀ ਸੰਭਾਲ

**—ਡਾ. ਜਸਵੰਤ ਸਿੰਘ ਜਸ**

ਪਰਦੇਸਾਂ ਵਿਚ ਪੰਜਾਬੀਆਂ ਦੇ ਵਸੇਬੇ ਨਾਲ, ਪੰਜਾਬ ਦੀ ਦਿਲਚਸਪੀ ਹੋਰਨਾਂ ਦੇਸ਼ਾਂ ਵਿਚ ਵਧ ਗਈ ਹੈ। ਸ਼ੁਰੂ ਸ਼ੁਰੂ ਵਿਚ ਲੋਕ ਕੇਵਲ ਖੱਟਣ ਕਮਾਉਣ ਵਾਸਤੇ ਬਾਹਰ ਜਾਂਦੇ ਸਨ। ਟੱਬਰ ਦਾ ਕਮਾਊ ਪੁਰਸ਼ ਬਾਹਰ ਚਲਾ ਜਾਂਦਾ ਸੀ ਤੇ ਹੱਡ-ਤੋੜਵੀਂ ਮਿਹਨਤ ਤੇ ਕਿਰਸ ਦੀ ਕਮਾਈ ਪਿਛੇ ਪਰਿਵਾਰ ਨੂੰ ਭੇਜਦਾ ਰਹਿੰਦਾ ਸੀ। ਬਾਹਰ ਰਹਿੰਦਿਆਂ ਹੋਇਆਂ, ਤਾਰਾਂ ਪੰਜਾਬ ਨਾਲ ਜੁੜੀਆਂ ਰਹਿੰਦੀਆਂ ਸਨ।

ਸੁਤੰਤਰਤਾ ਪਰਾਪਤੀ ਤੋਂ ਪਿਛੋਂ ਪੜ੍ਹੇ ਲਿਖੇ ਪੰਜਾਬੀਆਂ ਨੇ ਚੰਗੇਰੇ ਰੁਜ਼ਗਾਰ ਵਸੀਲਿਆਂ ਲਈ ਬਾਹਰ ਜਾਣਾ ਸ਼ੁਰੂ ਕੀਤਾ ਹੈ। ਪਰਿਵਾਰਾਂ ਦੇ ਪਰਿਵਾਰ, ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਹੋਰ ਮਹਾਂਦੀਪਾਂ ਵਿਚ ਬਾਹਰ ਜਾ ਵਸੇ ਹਨ। ਕਈ ਹਾਲਤਾਂ ਵਿਚ ਤਾਂ ਦੂਜੀ, ਤੀਜੀ ਪੀੜ੍ਹੀ ਚਲ ਰਹੀ ਹੈ।

ਪਰਦੇਸਾਂ ਵਿਚ ਵਸਣ ਨਾਲ ਜਿਥੇ ਪੰਜਾਬੀ ਸਭਿਆਚਾਰ ਨੂੰ, ਅੰਤਰਰਾਸ਼ਟਰੀ ਸਭਿਆਚਾਰ ਬਣਨ ਦੇ ਵਿਸ਼ਾਲ ਅਵਸਰ ਮਿਲੇ ਹਨ, ਉਥੇ ਕਈ ਸਮਾਜਕ ਤੇ ਸਭਿਆਚਾਰਕ ਅੜਚਣਾਂ ਭੀ ਉਠ ਖੜੀਆਂ ਹੋਈਆਂ ਹਨ ਪੱਛਮੀ ਜੀਵਨ ਦੀ ਚੁੰਬਕ-ਖਿੱਚ ਤੋਂ ਵਧੇਰੇ ਸਮੇਂ ਵਾਸਤੇ ਬਚ ਸਕਣਾ ਸੰਭਵ ਨਹੀਂ। ਪੂਰਬ ਅਤੇ ਪੱਛਮ ਦੇ ਸੁਮੇਲ ਚੋਂ ਨਵੇਂ ਸਭਿਆ- ਸਭਿਆਚਾਰਕ-ਢਾਂਚੇ ਦੀ ਸਿਰਜਣਾ ਅਵੱਸ਼ ਹੋਣੀ ਹੈ। ਸਾਡਾ ਸੁਝਾਅ ਹੈ ਕਿ ਇਹ ਸਿਰਜਣਾ ਕੁਦਰਤ ਉਤੇ ਛੱਡ ਦੇਣ ਨਾਲੋਂ, ਪੰਜਾਬੀ ਚਿੰਤਕਾਂ ਅਤੇ ਬੁੱਧੀਜੀਵੀਆਂ ਪਾਸੋਂ ਸੇਧ ਪਰਾਪਤ ਕਰੇ।

ਇਸ ਸਭਿਆਚਾਰਕ ਸੁਮੇਲ ਚੋਂ ਅਜਿਹੀ ਜੀਵਨ ਜਾਚ ਦੀ ਸਿਰਜਣਾ ਕੀਤੀ ਜਾਵੇ ਜੋ ਨਵੇਂ ਪੋਚ ਨੂੰ ਭੀ ਸੰਤੁਸ਼ਟ ਕਰੇ ਅਤੇ ਵਡੇਰਿਆਂ ਦਾ ਭੀ ਮਾਣ ਰਖੇ। ਉਨ੍ਹਾਂ ਬਚਿਆਂ ਦਾ ਪੰਜਾਬ ਦੇ ਗੌਰਵਮਈ ਵਿਰਸੇ ਨਾਲ ਜੁੜਿਆਂ ਰਹਿਣਾ ਬੜਾ ਜ਼ਰੂਰੀ ਹੈ। ਗੁਰਮਤ ਸਿਧਾਂਤਾਂ ਦੀ ਜੀਵਨ ਉਤੇ ਪਕੜ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਇਸ ਜਤਨ ਵਿਚ ਸਹਾਈ ਹੋਵੇਗੀ।

ਪੰਜਾਬੀ ਸਭਿਆਚਾਰ, ਅਸਲ ਵਿਚ ਸਿੱਖ ਵਿਰਸਾ ਹੈ ਜਿਸ ਦਾ ਭਰਪੂਰ ਇਤਿਹਾਸਕ ਪਿਛੋਕੜ ਹੈ, ਆਪਣੇ ਸਮੇਂ ਦੇ ਪਰਮੁੱਖ ਸਿੱਖ-ਬੁੱਧੀਜੀਵੀ ਪ੍ਰੋਫੈਸਰ ਪੂਰਨ ਸਿੰਘ ਨੇ ਠੀਕ ਹੀ ਕਿਹਾ ਹੈ—

ਪੰਜਾਬ ਨਾ ਹਿੰਦੂ ਨਾ ਮੁਸਲਮਾਨ
ਸਾਰਾ ਪੰਜਾਬ ਜੀਂਦਾ ਗੁਰੂ ਦੇ ਨਾਮ ਤੇ।

ਨਵੇਂ ਪੋਚ ਨੂੰ ਸਿੱਖ ਵਿਰਸੇ ਨਾਲ ਜੁੜੇ ਰਹਿਣ ਦੀ ਪਰੇਰਨਾ ਦੇਣ ਵਾਸਤੇ ਪਰਦੇਸਾਂ ਅੰਦਰ, ਸਿੱਖ ਵਸੋਂ ਵਾਲੇ ਸਥਾਨਾਂ ਉਤੇ ਸਭਿਆਚਾਰਕ ਕੇਂਦਰ ਸਥਾਪਤ ਕੀਤੇ ਜਾਣੇ ਚਾਹੀਦੇ ਹਨ ਜੋ ਆਪ ਕੰਮ ਕਰਨ ਅਤੇ ਹੋਰਨਾਂ ਨੂੰ ਲੋੜੀਂਦੀ ਅਗਵਾਈ ਵੀ ਦੇ ਸਕਣ। ਹੇਠ ਲਿਖੇ ਅਨੁਸਾਰ ਕੁਝ ਉਪਰਾਲੇ ਕੀਤੇ ਜਾ ਸਕਦੇ ਹਨ :—

**ਸਿੱਖ ਅਜਾਇਬ ਘਰ ਦੀ ਸਥਾਪਨਾ**

ਕਿਸੇ ਕੇਂਦਰੀ ਗੁਰਦੁਆਰੇ ਦੇ ਨਾਲ ਅਜਾਇਬ ਘਰ ਦੀ ਸਥਾਪਨਾ ਕੀਤੀ ਜਾਵੇ। ਇਨ੍ਹਾਂ ਅਜਾਇਬ ਘਰਾਂ ਵਿਚ ਅਸੀਂ ਆਪਣੇ ਭਰਪੂਰ, ਸਿੱਖ ਇਤਿਹਾਸ ਨੂੰ ਚਿੱਤਰਾਂ ਰਾਹੀਂ ਸਾਂਭੀਏ ਤੇ ਕੌਮ ਦੀ ਨਵੀਂ ਪਨੀਰੀ ਨੂੰ ਇਸ ਨਾਲ ਜੋੜੀਏ। ਵਿਸ਼ੇਸ਼ ਕਰਕੇ ਅਠ੍ਹਾਰਵੀਂ ਸਦੀ ਦੇ ਪੰਜਾਬ ਦਾ ਇਤਿਹਾਸ ਅਤੇ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਜੂਝਣ ਵਾਲੇ ਸਿੱਖ ਸੂਰਮਿਆਂ ਦੇ ਚਿੱਤਰ ਜ਼ਰੂਰ ਸਾਂਭੇ ਜਾਣ।

**ਪੰਜਾਬੀ ਭਾਸ਼ਾ ਨਾਲ ਜੁੜਨਾ**

ਨਵੇਂ ਪੋਚ ਦਾ ਪੰਜਾਬੀ ਭਾਸ਼ਾ ਨਾਲ ਜੁੜੇ ਰਹਿਣਾ ਬੜਾ ਜ਼ਰੂਰੀ ਹੈ। ਬਹੁਤ ਸਾਰੀ ਅੱਜ ਦੀ ਪੀੜ੍ਹੀ ਘਰਾਂ ਵਿਚ ਪੰਜਾਬੀ ਬੋਲਦੀ ਹੈ ਪਰੰਤੂ ਨਵਾਂ ਪੋਚ ਦਿਨੋ ਦਿਨ ਇਸ ਨਾਲੋਂ ਟੁਟਦਾ ਜਾਵੇਗਾ।

ਗੁਰਸਿਖਾਂ ਨੇ ਆਪਣੀਆਂ ਕਮਾਈਆਂ 'ਚੋਂ ਦਸਵੰਧ ਕੱਢਕੇ ਆਲੀਸ਼ਾਨ ਗੁਰਦੁਆਰੇ ਉਸਾਰੇ ਹਨ, ਲੰਗਰ ਚਾਲੂ ਕੀਤੇ ਹਨ। ਸਕੂਲ ਭੀ ਖੋਲ੍ਹੇ ਜਾ ਰਹੇ ਹਨ, ਸ਼ਾਇਦ ਇਸ ਵਾਸਤੇ ਕਿ ਬੱਚੇ ਅੰਗਰੇਜ਼ੀ ਦੇ ਨਾਲ ਨਾਲ ਪੰਜਾਬੀ ਭੀ ਪੜ੍ਹਨ। ਮਾਪਿਆਂ ਦੀ ਪਰਬਲ ਇੱਛਾ ਹੈ ਕਿ ਸਾਡੇ ਬੱਚੇ ਆਪਣੇ ਕੌਮੀ ਵਿਰਸੇ ਨਾਲ ਜੁੜੇ ਰਹਿਣ। ਇਸ ਸਥਿਤੀ ਵਿਚ, ਕੌਮ ਦੀਆਂ ਲੋੜਾਂ ਨੂੰ ਮੁਖ ਰਖਦਿਆਂ ਹੋਇਆਂ, ਮਾਪਿਆਂ ਅਤੇ ਸਕੂਲਾਂ ਦੇ ਪਰਬੰਧਕਾਂ ਨੂੰ ਅਕਾਦਮਿਕ ਅਗਵਾਈ ਦੀ ਲੋੜ ਹੈ। ਉਨ੍ਹਾਂ ਬਚਿਆਂ ਨੂੰ ਅਜੇਹੀਆਂ ਪਾਠ-ਪੁਸਤਕਾਂ ਦੀ ਲੋੜ ਹੈ ਜੋ ਲਿਖੀਆਂ ਤਾਂ ਉਨ੍ਹਾਂ ਦੇ ਸਥਾਨਕ ਆਲੇ ਦੁਆਲੇ ਵਿਚ ਜਾਣ ਪਰੰਤੂ ਨਵੇਂ ਪੋਚ ਨੂੰ ਆਪਣੇ ਧੁਰੇ ਨਾਲ ਜੁੜੇ ਰਹਿਣ ਦੀ ਅਮੁੱਕ ਪਰੇਰਨਾ



Sri Satguru Jagjit Singh Ji eLibrary NamdhariElibrary@gmail.com

ਦੇ ਸਕਣ।

ਸਿੱਖ ਇਤਿਹਾਸ ਨੂੰ ਪਾਠ-ਪੁਸਤਕਾਂ ਵਿਚ ਜ਼ਰੂਰ ਸਥਾਨ ਦਿਤਾ ਜਾਵੇ, ਜਿਉਂ ਦਾ ਤਿਉਂ ਸਾਖੀਆਂ ਦੇ ਰੂਪ ਵਿਚ ਨਹੀਂ, ਸਗੋਂ, ਲਿਖਣ ਕਲਾ ਦੀ ਛੁਹ ਦੇ ਕੇ ਪੇਸ਼ ਕੀਤਾ ਜਾਵੇ। ਘਟਨਾ ਦੀ ਚੋਣ ਬਚਿਆਂ ਦੇ ਮਾਨਸਕ ਪੱਧਰ ਅਨੁਸਾਰ ਹੋਵੇਗੀ। ਛਾਣ ਬੀਣ ਕਰਕੇ, ਘਟਨਾ ਵਿਚਲੇ ਲੋੜੀਂਦੇ ਤੱਥਾਂ ਨੂੰ, ਅਣਲੋੜੀਂਦੇ ਤੱਥਾਂ ਨਾਲੋਂ ਵੱਖ ਕੀਤਾ ਜਾਵੇ। ਉਦੇਸ਼ ਸਾਹਮਣੇ ਨਿਸ਼ਚਿਤ ਹੋਵੇ। ਵਸਤੂ ਅਨੁਸਾਰ ਰਚਨਾ ਦੇ ਰੂਪ ਬਾਰੇ ਨਿਰਣਾ ਹੋ ਜਾਵੇ, ਉਦਾਹਰਣ ਵਜੋਂ, ਘਟਨਾ ਹੈ—

'ਪੋਹ ਮਹੀਨੇ ਦੀ ਠੰਡੀ ਰਾਤ, ਮਾਤਾ ਗੁਜਰੀ ਆਪਣੇ ਦੋ ਛੋਟੇ ਪੋਤਰਿਆਂ ਨੂੰ ਆਪਣੀ ਗੋਦ ਦਾ ਪਿਆਰ ਨਿੱਘ ਦੇ ਰਹੀ ਹੈ। ਵਾਪਰਣ ਵਾਲੀ ਹੋਣੀ ਸਾਹਮਣੇ ਦਿਸ ਰਹੀ ਹੈ। "ਨਿਆਣੇ ਬਾਲ ਕਿਤੇ ਡੋਲ ਨਾ ਜਾਣ", ਦਾਦੀ ਨੂੰ ਸਭ ਤੋਂ ਵੱਡਾ ਤੌਖਲਾ ਇਸ ਗੱਲ ਦਾ ਹੈ।

ਇਸ ਮਾਹੌਲ ਵਿਚ ਦਾਦੀ, ਪੋਤਰਿਆਂ ਦੀ ਸੋਚ, ਵਾਰਤਾਲਾਪ, ਮਾਨਸਕ ਉਲਝਣਾਂ, ਮਨੋਭਾਵ ਨੂੰ ਧਿਆਨ ਵਿਚ ਰਖਕੇ, ਬਚਿਆਂ ਦੇ ਪੜ੍ਹਨ ਵਾਸਤੇ ਚੁਸਤ ਵਾਰਤਾਲਾਪ ਉਸਾਰੀ ਜਾਵੇ ਇਹ ਰਚਨਾ, ਪੂਰਵ-ਕਿਸ਼ੋਰ ਅਵਸਥਾ ਦੇ ਬਚਿਆਂ ਵਾਸਤੇ ਠੀਕ ਰਹੇਗੀ, ਲੇਖਕ ਦੇ ਸਾਹਮਣੇ ਆਸ਼ਾ ਹੋਵੇਗਾ :

☐ ਬਚਿਆਂ ਨੂੰ ਗੌਰਵਮਈ ਇਤਿਹਾਸ ਤੋਂ ਜਾਣੂ ਕਰਾਉਣਾ।

☐ ਬਚਿਆਂ ਦਾ ਮਨੋਬਲ ਉੱਚਾ ਕਰਨਾ।

☐ ਬਾਲ-ਹਿਰਦਿਆਂ ਉਤੇ ਛੋਟੇ ਸਾਹਿਬਜ਼ਾਦਿਆਂ ਦੀ ਧਰਮ ਦਰਿੜਤਾ ਦੀ ਛਾਪ ਲਾਉਣੀ।

☐ ਜੀਵਨ ਦੇ ਕੌੜੇ ਸੱਚ ਦਾ ਟਾਕਰਾ ਕਰਨ ਵਾਸਤੇ ਮਾਨਸਕ ਤਿਆਰੀ।

☐ ਪੰਜਾਬੀ ਵਿਰਸੇ ਅਨੁਸਾਰ ਦਾਦੀ ਪੋਤੇ ਦੀ ਸਾਂਝ ਦਾ ਨਿੱਘ ਮਾਨਣਾ, ਇਤਿਆਦਿ।

ਪੁਰਾਣੀਆਂ ਇਤਿਹਾਸਕ ਘਟਨਾਵਾਂ, ਨਾਟਕਕਾਰਾਂ ਨੂੰ ਬਚਿਆਂ ਦੇ ਮਨੋਰਥ ਹਿਤ ਕਾਫ਼ੀ ਸਮੱਗਰੀ ਦੇ ਸਕਦੀਆਂ ਹਨ। ਬਚਿਆਂ ਦੇ ਨਾਟਕ ਵਿਚ 'ਭਾਵ' ਉਜਾਗਰ ਕਰਨਾ ਹੈ। ਭਾਵ ਉਲਾਰ ਗਲਤ ਪਾਸੇ ਨਹੀਂ ਹੋਣ ਦੇਣਾ। ਢਾਹੂ ਪਾਸੇ ਨਾ ਜਾਵੇ, ਸਗੋਂ ਅੰਤ ਪ੍ਰਕਾਸ਼ ਵਾਲਾ, ਉਤਸ਼ਾਹ ਭਰਿਆ ਹੋਵੇ।

**ਪੁਸਤਕਾਲੇ ਦੀ ਸਥਾਪਨਾ**

ਹਰੇਕ ਗੁਰਦੁਆਰੇ ਦੇ ਨਾਲ ਚੰਗੀ ਲਾਇਬਰੇਰੀ ਹੋਵੇ। ਇਸ ਸਮੇਂ, ਜਿਥੇ ਲਾਇਬਰੇਰੀ ਹੈ, ਕੇਵਲ ਨਾਮ ਮਾਤਰ ਹੈ।

ਪੁਸਤਕਾਲੇ ਵਿਚ ਗੁਰਮਤ ਅਤੇ ਸਿੱਖ ਇਤਿਹਾਸ ਨਾਲ ਸੰਬੰਧਤ ਪੁਸਤਕਾਂ ਹੋਣ, ਪੰਜਾਬੀ ਅਤੇ ਅੰਗਰੇਜ਼ੀ ਵਿਚ। ਬਚਿਆਂ ਦਾ ਸੈਕਸ਼ਨ ਵਖਰਾ ਹੋਵੇ। ਉਥੇ ਬਚਿਆਂ ਦੇ ਪੜ੍ਹਨ ਵਾਲੀਆਂ ਪੁਸਤਕਾਂ ਹੋਣ, ਅੰਗਰੇਜ਼ੀ ਅਤੇ ਪੰਜਾਬੀ ਵਿਚ। ਸਿਖ ਇਤਿਹਾਸ ਉਤੇ ਅਧਾਰਤ ਪੁਸਤਕਾਂ ਵਿਚ ਪਰਮੁਖ ਘਟਨਾਵਾਂ ਨੂੰ ਚਿਤਰਣ ਵਾਲੇ ਚਿਤਰ ਹੋਣ ਜੋ ਪਰੇਰਨਾ-ਸ੍ਰੋਤ ਦਾ ਕੰਮ ਦੇਣ।

ਧਾਰਮਕ ਸਾਹਿਤ ਤੋਂ ਬਿਨਾਂ, ਸੁਚੱਜੀ ਜਾਚ ਸਿਖਾਉਣ ਵਾਲੀਆਂ ਪੁਸਤਕਾਂ ਹੋਣ। ਪੰਜਤੰਤਰ ਜਾਂ ਉਪ-ਨਿਸ਼ਦਾਂ ਵਿਚੋਂ ਲਏ ਗਏ, ਪੁਰਾਣੇ ਘਸੇ ਹੋਏ ਪਰਸੰਗ ਕੰਮ ਨਹੀਂ ਦੇਣਗੇ। ਨਵੇਂ ਵਾਤਾਵਰਣ ਦੀ ਛੁਹ ਪਰਾਪਤ ਕਰਨ ਵਾਲੇ, ਨਵੇਂ ਮਾਹੌਲ ਵਿਚ ਜੀਵਨ ਜੀਅ ਸਕਣ ਦੀ ਪਰੇਰਨਾ ਦੇਣ ਵਾਲੇ ਕਾਰਨਾਮੇ ਉਥੋਂ ਦੇ ਬੱਚਿਆਂ ਨੂੰ ਸੁਚੱਜੀ ਪਰੇਰਨਾ ਦੇ ਸਕਣਗੇ। ਇਸ ਕਿਸਮ ਦੀ ਪੜ੍ਹਨ-ਸਮੱਗਰੀ, ਵੱਖ ਵੱਖ ਥਾਂ, ਬੱਚਿਆਂ ਦੀਆਂ ਲੋੜਾਂ ਨੂੰ ਧਿਆਨ ਵਿਚ ਰਖ ਕੇ ਤਿਆਰ ਕਰਨੀ ਪਵੇਗੀ। ਲੇਖਕਾਂ ਨੂੰ ਗੁਰਮਤ ਸਿਧਾਂਤ ਤੇ ਸਿਖ ਇਤਿਹਾਸ ਬਾਰੇ ਠੋਸ ਜਾਣਕਾਰੀ ਤੋਂ ਛੁਟ ਬਾਲ ਮਨੋਵਿਗਿਆਨ, ਬਾਲ ਪੜ੍ਹਨ ਰੁਚੀਆਂ, ਬਚਿਆਂ ਦੇ ਵਿਚਰਣ ਸਥਾਨ, ਭੌਤਿਕ ਤੇ ਸਮਾਜਕ ਸਥਿਤੀਆਂ ਬਾਰੇ ਭਰਪੂਰ ਗਿਆਨ ਹੋਵੇਗਾ, ਤਦੇ ਉਹ ਨਿਸਚਤ ਉਦੇਸ਼ਾਂ ਦੀ ਪਰਾਪਤੀ ਕਰ ਸਕਣਗੇ।

ਪੰਜਾਬੀ ਸਾਹਿਤ ਦੀ ਹਰੇਕ ਚੋਣਵੀਂ ਰਚਨਾ ਉਸ ਲਾਇਬਰੇਰੀ ਵਿਚ ਹੋਵੇ। ਪਰਦੇਸਾਂ ਵਿਚ ਰਹਿਣ ਵਾਲੇ ਪੰਜਾਬੀ ਵੀਰਾਂ ਵਾਸਤੇ ਇਹ ਕੋਈ ਮੁਸ਼ਕਲ ਗੱਲ ਨਹੀਂ। ਭਾਰਤੀ ਸਿੱਕੇ ਦੇ ਮੁਕਾਬਲੇ ਵਿਚ ਡਾਲਰ ਦੀ ਸਮਰਥਾ ਬਹੁਤ ਹੈ। ਉਨ੍ਹਾਂ ਦੇ ਬਜਟ ਉਤੇ ਬਹੁਤਾ ਬੋਝ ਨਹੀਂ ਪੈਣ ਲੱਗਾ।

ਇਸ ਉੱਦਮ ਤੋਂ ਰੀਟਾਇਰਡ ਪੰਜਾਬੀ ਬਜ਼ੁਰਗ ਲਾਭ ਉਠਾਉਣਗੇ। ਨਵੇਂ ਪੋਚ ਦੀ, ਪੰਜਾਬੀ ਜੀਵਨ ਤੇ ਸਭਿਆਚਾਰ ਨਾਲ ਸਾਂਝ ਪਵੇਗੀ। ਪੰਜਾਬ ਤੋਂ ਹਜ਼ਾਰਾਂ ਮੀਲਾਂ ਦੀ ਦੂਰੀ ਉਤੇ ਬੈਠੇ ਹੋਏ ਉਹ, ਮਾਨਸਕ ਤੌਰ ਤੇ ਪੰਜਾਬੀ ਜੀਵਨ ਜੀਅ ਸਕਣਗੇ ਅਤੇ ਆਪਣੇ ਵਿਰਸੇ ਨਾਲ ਜੁੜੇ ਰਹਿਣਗੇ, ਹਾਂ, ਇਕ ਗੱਲ ਹੋਰ, ਇਸ ਉੱਦਮ ਨਾਲ ਨਿਰਉਤਸ਼ਾਹ ਹੋਈ, ਦਮ ਤੋੜ ਰਹੀ, ਪੰਜਾਬੀ ਪ੍ਰਕਾਸ਼ਨਾ ਨੂੰ ਭੀ ਉਤਸ਼ਾਹ ਮਿਲੇਗਾ।



Sri Satguru Jagjit Singh Ji eLibrary NamdhariElibrary@gmail.com

# ਪਿੰਡ ਦੀਆਂ ਯਾਦਾਂ (੬)

— ਗੁਰਦੇਵ ਸਿੰਘ ਹੰਜਰਾ

**ਬਟਵਾਰਾ :—**

ਭਾਰਤ ਵਿਚ ਦੋ ਸੌ ਸਾਲ ਤੇ ਪੰਜਾਬ ਵਿਚ ਇਕ ਸੌ ਸਾਲ ਰਾਜ ਕਰਨ ਤੋਂ ਪਿਛੋਂ ਜਦੋਂ ਅੰਗਰੇਜ਼ਾਂ ਨੂੰ ਭਾਰਤ ਛੱਡਣ ਵਾਸਤੇ ਮਜਬੂਰ ਹੋਣਾ ਪਿਆ ਤਾਂ ਉਹਨਾਂ ਮੁਲਕ ਦਾ ਬਟਵਾਰਾ ਕਰਨ ਦਾ ਫੈਸਲਾ ਕੀਤਾ। ਭਾਰਤ ਦੀ ਕਾਂਗਰਸ ਲੀਡਰਸ਼ਿਪ ਅੰਗਰੇਜ਼ਾਂ ਨਾਲ ਗਲਬਾਤ ਕਰਕੇ ਫੈਸਲੇ ਕਰਦੀ ਸੀ। ਭਾਰਤ ਵਾਸੀ ਅੰਗਰੇਜ਼ ਹਕੂਮਤ ਨੂੰ ਖਤਮ ਕਰਨ ਦਾ ਫੈਸਲਾ ਕਰ ਚੁਕੇ ਸਨ। ਅੰਗਰੇਜ਼ ਵੀ ਸਮਝ ਗਏ ਸੀ ਕਿ ਅਸੀਂ ਹੁਣ ਬਹੁਤ ਚਿਰ ਟਿਕ ਨਹੀਂ ਸਕਦੇ ਤਾਂ ਪੰਜਾਬ ਤੇ ਬੰਗਾਲ ਨੂੰ ਵੰਡ ਕੇ ਪਾਕਿਸਤਾਨ ਦੀ ਸਥਾਪਨਾ ਕਰ ਦਿਤੀ ਗਈ। ਪਰ ਅੰਗਰੇਜ਼ ਫੇਰ ਵੀ ਭਾਰਤ ਨੂੰ ਉਜਾੜ ਕੇ ਨਿਕਲਣਾ ਚਾਹੁੰਦੇ ਸੀ। ਹਿੰਦੂ ਮੁਸਲਮਾਨਾਂ ਵਿਚ ਦੰਗੇ ਕਰਵਾ ਦਿਤੇ ਗਏ, ਨਫਰਤ ਫੈਲ ਗਈ। ਸਭ ਤੋਂ ਪਹਿਲਾਂ ਕਲਕੱਤੇ ਵਿਚ ਅੱਗਾਂ ਲਗਣੀਆਂ ਸ਼ੁਰੂ ਹੋਈਆਂ ਫਿਰ ਦੂਸਰੇ ਪਾਸੇ ਰੌਲਪਿੰਡੀ ਵਿਚ ਇਹੋ ਕੁਝ ਹੋਣ ਲਗਾ। ਮੁਸਲਮਾਨ, ਹਿੰਦੂਆਂ, ਸਿਖਾਂ ਦੇ ਕਤਲ ਕਰਨ ਲੱਗੇ। ਹਿੰਦੂ, ਸਿੱਖ, ਮੁਸਲਮਾਨਾਂ ਨੂੰ ਮਾਰਨ ਲੱਗੇ। ਇਕ ਦੂਜੇ ਦੀਆਂ ਜਾਇਦਾਦਾਂ ਨੂੰ ਅੱਗਾਂ ਲਾਉਣ ਲਗ ਪਏ। ਮੁਲਕ ਦੀ ਤਬਾਹੀ ਹੋਣੀ ਸ਼ੁਰੂ ਹੋ ਗਈ। ਇਹ ਸਾਰਾ ਕਾਰਾ ੧੯੪੭ ਵਿਚ ਸ਼ੁਰੂ ਹੋ ਗਿਆ। ਉਹਨਾਂ ਦਿਨਾਂ ਵਿਚ ਨਾ ਕਿਸੇ ਕੋਲ ਰੇਡੀਓ ਨਾ ਟੈਲੀਫੋਨ ਇਥੋਂ ਤਕ ਕਿ ਅਖਬਾਰਾਂ ਵੀ ਪਿੰਡਾਂ ਵਿਚ ਪੜ੍ਹਨ ਦਾ ਕਿਸੇ ਨੂੰ ਸ਼ੌਕ ਨਹੀਂ ਸੀ। ਇਹ ਤਕਰੀਬਨ ਸਾਰੇ ਪਿੰਡਾਂ ਦਾ ਹਾਲ ਸੀ। ਇਹ ਸਾਰੀ ਹਲਚੱਲ ਪੰਜਾਬ ਤੇ ਬੰਗਾਲ ਵਿਚ ਜ਼ਿਆਦਾ ਸੀ।

ਮੈਂ ਆਪਣੇ ਪਿੰਡ ਵਾਲੇ ਪਾਸੇ ਹੀ ਆਉਂਦਾ ਹਾਂ ਬਾਕੀ ਭਾਰਤ ਦੀ ਗੱਲ ਛੱਡ ਦੇਂਦਾ ਹਾਂ। ਮੇਰਾ ਅਸਲੀ ਮੁੱਦਾ ਪਿੰਡ ਬਾਰੇ ਈ ਹੈ। ਸਾਨੂੰ ਪਿੰਡ ਵਾਲਿਆਂ ਨੂੰ ਕੁਝ ਪਤਾ ਨਹੀਂ ਸੀ ਲੱਗ ਰਿਹਾ ਕਿ ਅਸਲੀ ਕੀ ਹੋ ਰਿਹਾ ਏ। ਰੋਜ਼ ਅਫਵਾਹਾਂ ਸੁਣਦੇ ਸੀ। ਜੇ ਕੋਈ ਸ਼ਹਿਰ ਗਿਆ ਤਾਂ ਉਥੇ ਜੋ ਸੁਣਿਆਂ ਪਿੰਡ ਦੱਸ ਦਿਤਾ ਜਾਂ ਕੋਈ ਬਾਹਰੋਂ ਆਇਆ ਤੇ ਜੋ ਉਹਨੇ ਦਸ ਦਿੱਤਾ, ਉਹੋ ਸੱਚ ਮੰਨ ਲਿਆ।

ਫੇਰ ਵੀ ਜੋ ਅੱਖਾਂ ਸਾਹਮਣੇ ਹੋਇਆ ਸੀ ਦੇਖ ਰਹੇ ਸਾਂ। ਪਹਿਲਾਂ ਪਤਾ ਲਗਾ ਕਿ ਸਿਆਲਕੋਟ ਜ਼ਿਲਾ ਹਿੰਦੋਸਤਾਨ ਵਿਚ ਆ ਗਿਆ। ਫੇਰ ਪਤਾ ਲਗਾ ਨਹੀਂ ਰਾਵੀ ਦਰਿਆ ਦੀ ਹੱਦ, ਮੁਕਰਰ ਹੋਈ ਏ ਸਾਡਾ ਪਿੰਡ ਪਾਕਿਸਤਾਨ ਵਿਚ ਆ ਗਿਆ ਏ। ਇਸ ਤਰ੍ਹਾਂ ਦੀਆਂ ਕਈ ਖ਼ਬਰਾਂ ਜ਼ਬਾਨੀ ਕਲਾਮੀ ਰੋਜ਼ ਸੁਣਦੇ। ਦੁਆਲੇ ਦੇ ਪਿੰਡਾਂ ਵਿਚ ਮੁਸਲਮਾਨਾਂ ਨੇ ਹਮਲੇ ਕਰਨੇ ਸ਼ੁਰੂ ਕਰ ਦਿਤੇ। ਕਦੀ ਕਿਸੇ ਪਿੰਡ ਨੂੰ ਅੱਗ ਲਾ ਦੇਣੀ ਰਲਕੇ, ਕਦੀ ਕਿਸੇ ਤੇ ਹੱਲਾ ਬੋਲ ਦੇਣਾ, ਲੁਟਣਾ ਤੇ ਕੱਟ-ਵੱਡ ਕਰ ਦੇਣੀ। ਰਾਹ ਜਾਂਦਾ ਹਿੰਦੂ ਸਿੱਖ ਕੋਈ ਮਿਲ ਜਾਂਦਾ ਮਾਰ ਦਿਤਾ ਜਾਂਦਾ। ਲੋਕਾਂ ਨੇ ਅਮਨ ਕਮੇਟੀਆਂ ਬਣਾਈਆਂ। ਪਿੰਡ ਦੇ ਮੁਸਲਮਾਨ ਜਾਂ ਹਿੰਦੂ ਸਿੱਖ ਇਕ ਦੂਜੇ ਤੇ ਹਮਲਾ ਨਹੀਂ ਸਨ ਕਰਦੇ ਪਰ ਦੂਸਰੇ ਪਿੰਡਾਂ ਦੇ ਮੁਸਲਮਾਨ ਹਮਲਾਆਵਰ ਹੁੰਦੇ ਸੀ। ਸਾਡੇ ਪਿੰਡ ਵਿਚ ਵੀ ਗੁਰਦਵਾਰੇ ਬਹਿ ਕੇ ਮੁਸਲਮਾਨਾਂ ਤੇ ਸਿੱਖਾਂ ਨੇ ਅਮਨ ਕਮੇਟੀ ਬਣਾਈ ਤੇ ਫੈਸਲਾ ਕੀਤਾ ਕਿ ਜੇ ਮੁਸਲਮਾਨਾਂ ਤੇ ਹਮਲਾ ਹੋਵੇ ਤਾਂ ਸਿੱਖ ਨਾਲ ਹੋ ਕੇ ਮੁਕਾਬਲਾ ਕਰਨ ਤੇ ਜੇ ਮੁਸਲਮਾਨਾਂ ਦੀ ਧਾੜ ਬਾਹਰੋਂ ਆ ਕੇ ਪਿੰਡ ਵਿਚ ਕੋਈ ਕਾਰਵਾਈ ਕਰਨ ਤਾਂ ਮੁਸਲਮਾਨ ਸਿਖਾਂ ਦਾ ਸਾਥ ਦੇਣ।

ਮੈਂ ਸਮਝਦਾ ਸੀ ਕਿ ਇਹ ਇਕ ਵਿਖਾਵਾ ਈ ਸੀ ਜਦੋਂ ਕੋਈ ਗੱਲ ਹੋਈ ਕਿਸੇ ਨੇ ਸਾਥ ਨਹੀਂ ਦੇਣਾ ਤੇ ਅਖੀਰ ਹੋਇਆ ਵੀ ਇੰਞ ਈ। ਅਫਵਾਹਾਂ ਤੇ ਅਸਲੀ ਮਾਰ ਧਾੜ ਦਾ ਮੈਦਾਨ ਗਰਮ ਹੋ ਚੁਕਾ ਸੀ। ਸ਼ਹਿਰਾਂ ਦੀਆਂ ਅੱਗਾਂ, ਕਤਲ ਦੀਆਂ ਕਾਰਵਾਈਆਂ ਪਿੰਡਾਂ ਵਿਚ ਅਪੜ ਗਈਆਂ ਸਨ। ਦੂਰੋਂ ਦੂਰੋਂ ਆਉਣ ਵਾਲੀਆਂ ਖ਼ਬਰਾਂ ਨੇੜੇ ਨੇੜੇ ਆ ਰਹੀਆਂ ਸਨ। ਪਿੰਡਾਂ ਦੇ ਪਿੰਡ ਉਠਨੇ ਸ਼ੁਰੂ ਹੋ ਗਏ ਤੇ ਵੱਡੇ ਵੱਡੇ ਕਾਫਲਿਆਂ ਦੀ ਸ਼ਕਲ ਵਿਚ ਘਰ-ਬਾਹਰ ਛਡਕੇ ਆਪਣੀ ਜਨਮ ਭੂਮੀ ਨੂੰ ਛੱਡਕੇ ਹਿੰਦੋਸਤਾਨ ਵਲ ਦਰਿਆ ਰਾਵੀ ਨੂੰ ਪਾਰ ਕਰਨ ਵਿਚ ਈ ਚੰਗਾ ਸਮਝਿਆ ਜਾਣ ਲੱਗਾ।

ਪਹਿਲਾਂ ਅਫ਼ਵਾਹਾਂ ਸੁਣਦੇ ਸੀ, ਫਿਰ ਸਾਡੇ ਦੁਆਲੇ ਦੇ ਪਿੰਡਾਂ ਨੂੰ ਜਦੋਂ ਅੱਗਾਂ ਲੱਗਣੀਆਂ ਤੇ ਸੈਂਕੜਿਆਂ ਦੀ ਗਿਣਤੀ ਵਿਚ ਮੁਸਲਮਾਨਾਂ ਦੇ ਜਥੇ ਇਕੱਠੇ ਹੋਕੇ ਧਾਵਾ ਬੋਲਣ ਲੱਗੇ, ਲੁੱਟਾਂ-ਮਾਰਾਂ ਕਰਨ ਲੱਗੇ ਤਾਂ ਨਜ਼ਰ ਆਉਣ ਲਗਾ ਏਹ ਅੱਗ ਬੁਝਣੀ ਨਹੀਂ।

ਬੱਦੋਮੱਲੀ ਸਾਥੋਂ ਛੇ ਕੁ ਮੀਲ ਤੇ ਸੀ ਪਤਾ ਲਗਾ ਕਿ ਉਹ ਕਸਬਾ ਵੀ ਪਿੰਡ ਛੱਡ ਗਿਆ ਏ। ਫੇਰ ਅਗਲੇ ਦਿਨ ਦੋ ਤਿੰਨ ਮੀਲ ਦੀ ਵਿਥ ਵਾਲੇ ਪਿੰਡ ਵੀ ਨਿਕਲ ਤੁਰੇ। 'ਯਾ ਅਲੀ' ਦੇ ਨਾਅਰੇ, 'ਅੱਲਾ-ਹੂ-ਅਕਬਰ' ਦੀਆਂ ਗੂੰਜਾਂ



Sri Satguru Jagjit Singh Ji eLibrary NamdhariElibrary@gmail.com

ਤੇ ਹੋਰ ਪਤਾ ਨਹੀਂ ਕੀ ਕੀ ਨਾਹਰੇ ਲਾ ਕੇ ਪਿੰਡਾਂ ਤੇ ਧਾਵਾ ਬੋਲਿਆ ਜਾਂਦਾ। ਦੁਆਲੇ ਦੇ ਪਿੰਡ ਕਲਖਾਨੇ, ਬਹਾਦਰਪੁਰ ਆਦਿ ਖਾਲੀ ਹੋ ਗਏ ਸੀ। ਪੂੰਗਾਂ ਤੇ ਹਮਲਾ ਹੋ ਗਿਆ। ਉਥੋਂ ਦੇ ਇਕ ਫ਼ੌਜੀ ਹਜ਼ਾਰਾ ਸਿੰਘ ਪੱਗੜ ਨੂੰ ਕਤਲ ਕਰ ਦਿਤਾ ਗਿਆ। ਹੋਰ ਵੀ ਕਈ ਪਿੰਡ ਵਿਚ ਮਾਰ ਦਿਤੇ ਗਏ। ਪਿੰਡ ਨੂੰ ਅੱਗ ਲਾ ਦਿਤੀ, ਲੋਕ ਜਾਨਾਂ ਬਚਾ ਕੇ ਸਾਡੇ ਪਿੰਡ ਵੇ ਵਲ ਨੂੰ ਦੌੜੇ। ਸਾਡੇ ਪਿੰਡ ਚਾਰ ਰਾਈਫਲਾਂ ਸਨ, ਇਸ ਕਰਕੇ ਮੁਸਲਮਾਨਾਂ ਨੂੰ ਕੁਝ ਡਰ ਜ਼ਰੂਰ ਸੀ, ਪਰ ਫੇਰ ਵੀ ਹਜੂਮ ਅੱਗੇ ਕੀ ਹੋ ਸਕਦਾ ਏ। ਜਦੋਂ ਆਲੇ-ਦੁਆਲੇ ਦੇ ਪਿੰਡ ਖਾਲੀ ਹੋ ਗਏ ਤੇ ਸਾਡੇ ਸਾਹਮਣੇ ਛੱਡ-ਛਡਾਕੇ ਜਾ ਰਹੇ ਸਨ ਤਾਂ ਪਿੰਡ ਵਾਸੀਆਂ ਨੇ ਸੋਚਿਆ—ਸਾਨੂੰ ਵੀ ਨਿਕਲਣਾ ਪੈਣਾ ਏ।

ਅੱਧ ਸਾਉਣ ਲੌਡੇ ਵੇਲੇ ਦੂੰਡੇ ਛੀਂਬੇ ਨੇ ਜੋ ਕਿ ਮੁਸਲਮਾਨ ਸੀ, ਆਣਕੇ ਮੇਰੇ ਪਿਤਾ ਜੀ ਸੂਬੇਦਾਰ ਸੰਤਾ ਸਿੰਘ ਨੂੰ ਕਿਹਾ ਕਿ ਸੂਬੇਦਾਰ ਜੀ ਪਿੰਡੋਂ ਨਿਕਲ ਜਾਣ, ਅੱਜ ਰਾਤ ਨੂੰ ਤੁਹਾਡੇ ਤੇ ਹਮਲਾ ਹੋ ਜਾਣਾ ਏ। ਉਹਨਾਂ ਮੁਹੱਲੇ ਦੇ ਲੋਕਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਫੈਸਲਾ ਕੀਤਾ ਕਿ ਬੱਚੇ, ਬੁਢੇ ਤੇ ਜ਼ਨਾਨੀਆਂ ਨੂੰ ਦੂਸਰੇ ਪਿੰਡ ਸਰਾਜ ਭੇਜ ਦਿਤਾ ਜਾਵੇ, ਜਵਾਨ ਆਦਮੀ ਪਿੰਡ ਵਿਚ ਰਹਿਣ। ਇਹ ਫੈਸਲਾ ਕੋਈ ਠੋਸ ਸਾਬਤ ਨਾ ਹੋਇਆ। ਦੂਜੇ ਪਾਸੇ ਔਲਖਾਂ ਦੀ ਪੱਤੀ ਦਾ ਪਤਾ ਲਿਆ ਤਾਂ ਉਹਨਾਂ ਪਿੰਡ 'ਚੋਂ ਨਿਕਲਣਾ ਸ਼ੁਰੂ ਕਰ ਦਿਤਾ ਸੀ। ਸੋ ਵੇਖੋ-ਵੇਖੀ ਸਾਰਾ ਪਿੰਡ ਨਿਕਲਣਾ ਸ਼ੁਰੂ ਹੋ ਗਿਆ। ਪੈਸਾ ਧੇਲਾ, ਗਹਿਣਾ-ਗੱਟਾ, ਜੋ ਨਕਦੀ ਸੀ ਜਾਂ ਕੋਈ ਕੀਮਤੀ ਕੱਪੜਾ ਜਿੰਨਾ ਕੁ ਕੋਈ ਚੁਕ ਸਕਦਾ ਸੀ ਲੈ ਲਿਆ। ਪਰ ਆਦਮੀ ਕਿੰਨਾ ਕੁ ਤੇ ਕੀ ਚੁੱਕ ਸਕਦਾ ਏ।

ਸਾਡਾ ਪਰਿਵਾਰ ਤੇ ਬਾਬਾ ਨੌਕਰ ਹਵੇਲਾ ਸਿੰਘ ਹੋਰੀਂ ਦੋਵੇਂ ਜੀ ਭਾਗੋ ਝਿਉਰੀ ਪਿੰਡ ਨੂੰ ਚਲੇ ਗਏ, ਉਹ ਸਾਡੇ ਪਿੰਡ ਤੋਂ ਕੋਈ ਦੋ ਮੀਲ ਲਹਿੰਦੇ ਪਾਸੇ ਸੀ। ਦਿਲ ਵਿਚ ਇਹੋ ਖਿਆਲ ਕਿ ਦੋ ਚਾਰ ਦਿਨ ਰੌਲਾ ਪਏਗਾ ਫੇਰ ਆ ਜਾਵਾਂਗੇ।

ਬਾਕੀ ਸਾਰਾ ਪਿੰਡ ਪਹਾੜ ਪਾਸੇ ਨੂੰ ਸਰਾਜ ਵਾਲੇ ਪਾਸੇ ਨਿਕਲ ਤੁਰਿਆ। ਪਿੰਡ ਦਾ ਮੁਸਲਮਾਨ ਕੋਈ ਨਜ਼ਰ ਨਹੀਂ ਸੀ ਆ ਰਿਹਾ। ਕੋਈ ਪਿੰਡੋਂ ਬਾਹਰ ਨਿਕਲ ਗਏ ਜਾਂ ਕਿਤੇ ਲੁਕ-ਛਿਪ ਗਏ। ਅਸਲ ਵਿਚ ਉਹ ਵੀ ਡਰਦੇ ਸੀ ਕਿ ਕਿਤੇ ਸਿੱਖ ਸਾਡੇ ਤੇ ਹੱਲਾ ਨਾ ਬੋਲ ਦੇਣ। ਪਰਤੀਤੀ ਕਿਸੇ ਨੂੰ ਵੀ ਇਕ ਦੂਜੇ ਤੇ ਨਹੀਂ ਰਹਿ ਗਈ ਸੀ।

ਜ਼ਨਾਨੀਆਂ ਬੱਚੇ ਤਾਂ ਨਿਕਲ ਗਏ, ਪਰ ਕੁਝ ਸਿਆਣੇ ਆਦਮੀ ਇਕੱਠੇ ਹੋਕੇ ਘਰਾਂ ਦਾ ਧਿਆਨ ਰੱਖ ਰਹੇ ਸਨ ਤੇ ਸਾਰੇ ਇਕੱਠੇ ਹੀ ਪਿੰਡ ਵਿਚ ਚੱਕਰ ਲਾ ਰਹੇ ਸਨ। ਉਹਨਾਂ ਵਿਚ ਸੂਬੇਦਾਰ ਸੰਤਾ ਸਿੰਘ, ਮੰਗਲ ਸਿੰਘ, ਗੰਗਾ ਸਿੰਘ, ਪਰਤਾਪ ਸਿੰਘ, ਫਤਹਿ ਸਿੰਘ, ਸੋਹਣ ਸਿੰਘ, ਫ਼ਕੀਰ ਸਿੰਘ ਕਾਹਲੋਂ, ਹਜ਼ਾਰਾ ਸਿੰਘ, ਸਰੈਣ ਸਿੰਘ ਤੇ ਕੁਝ ਹੋਰ ਆਦਮੀ। ਬਾਕੀ ਆਦਮੀ ਵੀ ਜੀਆ ਜੰਤ ਨਾਲ ਨਿਕਲ ਗਏ ਸਨ। ਮਾਲ ਡੰਗਰ; ਘਰਾਂ ਦਾ ਸਾਮਾਨ ਸਭ ਛੱਡ ਛਡਾਕੇ ਨਿਕਲ ਤੁਰੇ। ਅਜੇ ਵੀ ਸਾਰਿਆਂ ਦੇ ਦਿਲ ਵਿਚ ਇਹ ਆਸ ਸੀ ਕਿ ਦੋ ਚਾਰ ਦਿਨ ਰੌਲਾ-ਰੱਪਾ ਪਏਗਾ ਵਾਪਸ ਆ ਈ ਜਾਣਾਂ ਏ, ਘਰ ਬਾਹਰ ਛੱਡ ਕੇ ਥੋੜ੍ਹਾ ਕਿਤੇ ਚਲੇ ਜਾਵਾਂਗੇ। ਬਹੁਤਾ ਘਾਟਾ ਉਹਨਾਂ ਦਿਨਾਂ ਵਿਚ ਇਹ ਸੀ ਕਿ ਕੁਝ ਪਤਾ ਨਹੀਂ ਲੱਗਦਾ ਪਿੰਡਾਂ ਵਿਚ ਕਿ ਮੁਲਕ ਵਿਚ ਕੀ ਹੋ ਰਿਹਾ ਏ। ਨਾ ਕੋਈ ਰੇਡੀਓ, ਨਾ ਟੈਲੀਫੂਨ, ਨਾ ਕਿਸੇ ਸ਼ਹਿਰ ਨਾਲ ਲਿੰਕ ਤੇ ਲੀਡਰ ਵੀ ਕੋਈ ਪਿੰਡਾਂ ਵਿਚ ਨਹੀਂ ਜਾਂਦਾ ਸੀ। ਲੀਡਰ ਹੈ ਵੀ ਕੋਈ ਨਹੀਂ ਸੀ। ਹੁਣ ਤਾਂ ਗਲੀ ਗਲੀ ਸਿਆਸੀ ਬੰਦੇ ਜਾਂ ਉਹਨਾਂ ਦੇ ਚਮਚੇ ਤੁਰੇ ਫਿਰਦੇ ਨੇ।

ਮੇਰੇ ਕੋਲ ਘੋੜੀ ਸੀ ਮੈਂ ਵੀ ਆਪਣੇ ਪਰਿਵਾਰ ਨੂੰ ਕੁਝ ਸਾਮਾਨ ਦੇਣ ਵਾਸਤੇ ਤੁਰਿਆ ਕਿ ਉਹਨਾਂ ਨੂੰ ਦੇ ਆਵਾਂ ਪਰ ਇਕ ਤਾਂ ਹਨੇਰਾ ਹੋ ਰਿਹਾ ਸੀ ਦੂਜਾ ਪਰਿਵਾਰ ਕਾਫੀ ਦੇਰ ਪਹਿਲਾਂ ਦਾ ਜਾ ਚੁਕਾ ਸੀ। ਭਾਗੋ ਝਿਉਰੀ। ਜਦੋਂ ਮੈਂ ਉਧਰ ਨੂੰ ਪਿੰਡੋਂ ਬਾਹਰ ਵਾਰ ਨਿਕਲ ਕੇ ਜਾਣ ਲਗਾ ਤਾਂ ਬਾਕੀ ਪਿੰਡ ਜਿਹੜਾ ਪਹਾੜ ਪਾਸੇ ਜਾ ਰਿਹਾ ਸੀ ਵਿਚੋਂ ਹੌਲਦਾਰ ਹਜ਼ਾਰਾ ਸਿੰਘ ਨੇ ਮੈਨੂੰ ਰੋਕ ਦਿਤਾ ਤੇ ਕਹਿਣ ਲਗਾ ਤੂੰ ਇਕੱਲਾ ਉਧਰ ਨਾ ਜਾ। ਖਤਰਾ ਏ ਹਨੇਰਾ ਹੋ ਗਿਆ ਏ। ਪਿੰਡ ਦੇ ਨਾਲ ਈ ਚੱਲ। ਪਰਵਾਰ ਚੋਂ ਅਜੀਤ ਮੇਰਾ ਛੋਟਾ ਭਰਾ ਵੀ ਵਾਪਸ ਪਿੰਡ ਆ ਗਿਆ ਇਹ ਸੋਚਕੇ ਕਿ ਪਿਤਾ ਜੀ ਤੇ ਵੱਡਾ ਭਰਾ ਪਿੰਡ ਵਿਚ ਈ ਨੇ ਮੈਂ ਵੀ ਉਹਨਾਂ ਕੋਲ ਚਲਾ ਜਾਵਾਂ। ਇਸ ਤਰ੍ਹਾਂ ਕਰਕੇ ਸਾਡਾ ਪਰਿਵਾਰ ਤਿੰਨਾਂ ਹਿਸਿਆਂ ਵਿਚ ਵੰਡਿਆ ਗਿਆ। ਮੈਂ ਪਿੰਡ ਨਾਲ ਕਾਫਲੇ ਵਿਚ, ਪਿਤਾ ਜੀ ਤੇ ਅਜੀਤ ਪਿੱਛੇ ਪਿੰਡ ਵਿਚ ਬਾਕੀ ਪਰਵਾਰ, ਮਾਤਾ ਜੀ ਗੁਰਚਰਨ ਕੌਰ ਤੇ ਬੱਚੇ (ਸਵਿੰਦਰ, ਕੁਲਵਿੰਦਰ, ਬੋਮਹਿੰਦਰ ਤੇ ਜਗਦੀਸ਼ ਕੌਰ) ਭਾਗੋ ਝਿਉਰੀ ਦੇ ਰਾਹ ਵਿਚ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

# ਸੁਖਾਵੇਂ ਪਲ ਉਡੀਕ ਰਹੇ ਹਨ !

—ਜਗਦੀਸ਼ ਸਿੰਘ

ਸ. ਸੇਵਾ ਸਿੰਘ ਜੀ ਨੂੰ ਮੈਂ ਕਦੇ ਵੀ ਸਾਧਾਰਨ ਮਨੁੱਖ ਵਾਂਗ ਨਾ ਵੇਖਿਆ ਅਤੇ ਨਾ ਸਮਝਿਆ ਹੈ। ਉਹਨਾਂ ਦੀ ਹਰ ਗਲ ਸਿੱਕੇ ਬੰਦ ਹੀ ਹੁੰਦੀ ਹੈ। ਉਹਨਾਂ ਦੇ ਮੂੰਹ ਤੇ ਕੀਤੀ ਸਿਫਤ ਨਾਲੋਂ ਉਹਨਾਂ ਦੀ ਪਿੱਠ ਪਿਛੇ ਜ਼ਿਆਦਾ ਸੋਭਾ ਹੁੰਦੀ ਸੁਣੀ ਹੈ। ਸੇਵਾ ਸਿੰਘ ਕੇਵਲ ਨਾਮ ਵਲੋਂ ਹੀ ਨਹੀਂ ਸੇਵਾ ਦਾ ਅਮਲੀ ਜਜ਼ਬਾ ਉਹਨਾਂ ਅੰਦਰ ਦਰਿਆਵਾਂਗ ਠਾਠਾਂ ਮਾਰਦਾ ਹੈ। ਦਰਿਆ ਦੇ ਵਗਦੇ ਪਾਣੀ ਵਾਂਗ ਹੀ ਉਹ ਮਾਇਆ ਵਰਤਦੇ ਹਨ। ਇਧਰੋਂ ਆਵੇ ਉਧਰੋਂ ਜਾਵੇ। ਆਪਣੇ ਸਤਿਗੁਰੂ ਜੀ ਵਲੋਂ, ਲੋਕਾਂ ਵਲੋਂ, ਪਰਿਵਾਰ ਵਲੋਂ, ਕਾਰੋਬਾਰੀਆਂ ਵਲੋਂ ਅਤੇ ਹੋਰ ਜਨਤਾ ਜਾਂ ਲੀਡਰਾਂ ਵਲੋਂ ਉਹਨਾਂ ਨੂੰ ਸਤਿਕਾਰ ਹੀ ਸਤਿਕਾਰ ਮਿਲਿਆ ਹੈ।

ਕਾਰੋਬਾਰ ਦੇ ਅਨੇਕਾਂ ਉਤਾਰਾਂ ਚੜ੍ਹਾਵਾਂ ਵਿਚ ਉਹਨਾਂ ਈਮਾਨਦਾਰੀ ਅਤੇ ਸਤ ਸੰਤੋਖ ਦਾ ਪੱਲਾ ਨਹੀਂ ਛੱਡਿਆ। ਹਰ ਕਿਸੇ ਨਾਲ ਕੀਤੀ ਗੱਲ ਤੋੜ ਨਿਭਾਈ ਹੈ। ਇਸੇ ਕਾਰਨ ਹੀ ਉਹ ਸਾਰੇ ਭਾਰਤ ਵਿਚ ਤੰਬੂ ਕਨਾਤਾਂ ਬਨਾਉਣ ਵਾਲੇ ਸਮਰਾਟ ਬਣੇ। ਜਦੋਂ ਉਹਨਾਂ ਦਾ ਸਾਰਾ ਕਾਰੋਬਾਰ ਸਾੜ ਕੇ ਸੁਆਹ ਕਰ ਦਿਤਾ ਗਿਆ ਉਦੋਂ ਵੀ ਤੇ ਜਦੋਂ ਇਹਨਾਂ ਤੰਬੂਆਂ ਦੀ ਸੁਆਹ ਤੋਂ ਮੁੜ ਉਹਨਾਂ ਆਲੀਸ਼ਾਨ ਸਲਤਨਤ ਉਸਾਰੀ ਦੋਹਾਂ ਹਾਲਤਾਂ ਵਿਚ ਉਹ ਪਰਬਤ ਵਾਂਗ ਅਡੋਲ ਰਹੇ। ਪਰ ਜਦੋਂ ਵੀ ਤੁਸੀਂ ਮਿਲੋ ਇਹ ਮਹਿਸੂਸ ਨਹੀਂ ਹੋਵੇਗਾ ਕਿ ਇਕ ਵਡੇ ਆਦਮੀ ਨਾਲ ਮਿਲ ਰਹੇ ਹੋ। ਮਾੜੇ ਤੋਂ ਮਾੜੇ ਬੰਦੇ ਨਾਲ ਵੀ ਉਹ ਆਮ ਦੋਸਤਾਂ ਵਾਂਗ ਮਿਲਣਗੇ। ਇਹ ਆਮ ਦੋਸਤਾਂ ਵਾਂਗ ਮਿਲਣਾ ਦਿਖਾਵੇ ਵਜੋਂ ਜਾਂ ਪਾਲਸੀ ਵਜੋਂ ਨਹੀਂ ਸਗੋਂ ਉਹ ਧੁਰ ਅੰਦਰੋਂ ਅਜਿਹਾ ਕਰਨਗੇ। ਇਹ ਉਹਨਾਂ ਦੀ ਆਦਤ ਹੀ ਹੈ। ਲੋਕਾਂ ਨੇ ਧਰਮ ਨੂੰ ਵਪਾਰ ਬਣਾ ਲਿਆ ਹੈ ਸ. ਸੇਵਾ ਸਿੰਘ ਵਪਾਰ ਨੂੰ ਧਰਮ ਵਾਂਗ ਚਲਾਇਆ ਹੈ। ਮੈਂ ਉਹਨਾਂ ਨੂੰ, ਉਹਨਾਂ ਦੇ ਪਰਵਾਰ ਦੇ ਜੀਆਂ ਨੂੰ ਅਤੇ ਹੋਰ ਸੰਬੰਧੀਆਂ ਨੂੰ ਮਿਲਿਆ ਹਾਂ। ਉਹ ਆਪਣੇ ਹੀ ਪਰਿਵਾਰ ਦੇ ਬੰਦੇ ਵਾਂਗ ਮੈਨੂੰ ਨਿਘ ਦਿੰਦੇ ਹਨ। ਉਹਨਾਂ ਦੇ ਘਰੋਂ ਬੀਬੀ ਪਵਨਜੀਤ ਕੌਰ ਨਿਰੀ ਮਮਤਾ ਅਤੇ ਮਾਸੂਮੀਅਤ ਦੀ ਮੂਰਤ ਹੈ। ਉਹਨਾਂ ਦਾ ਕਾਰੋਬਾਰੀ ਸਹਿਯੋਗੀ ਅਤੇ ਭਾਣਜਾ ਸ. ਮਨਮੋਹਨ ਸਿੰਘ ਆਪਣੇ, ਰਾਜਯੋਗੀ ਪਿਤਾ ਮਾਸਟਰ ਨਿਹਾਲ ਸਿੰਘ ਜੀ ਵਾਂਗ ਹੀ ਸੰਤ ਸੁਭਾਅ ਵਾਲਾ ਸਹਿਜ ਆਚਰਨ ਵਾਲਾ ਦੋਸਤ ਹੈ। ਉਹਨਾਂ ਦਾ ਲੜਕਾ ਭੁਪਿੰਦਰ ਸਾਹਿਤ ਅਤੇ ਸਾਹਿਤਕਾਰਾਂ ਕਲਾਕਾਰਾਂ ਨਾਲ ਮੋਹ ਰਖਣ ਵਾਲਾ ਹੈ। ਸੰਤੋਖ ਸਿੰਘ ਤੇ ਬਲਵੰਤ ਸਿੰਘ ਤਾਂ ਸਦਾ ਹੀ ਪਿਆਰੇ ਅਜੀਜ਼ਾਂ ਵਾਂਗ ਸਤਿਕਾਰ ਹੀ ਦਿੰਦੇ ਆਏ ਹਨ। ਜਿਥੇ ਇਹ ਸਾਰੇ ਭਰਾ ਕਾਰੋਬਾਰ ਵਿਚ ਸਫ਼ਲਤਾ ਦੀਆਂ ਨਵੀਆਂ ਟੀਸੀਆਂ ਛੂੰਹਦੇ ਹਨ ਉਥੇ ਹਲੀਮ ਅਤੇ ਆਜਜ਼ ਵੀ ਪਰਲੇ ਦਰਜੇ ਦੇ ਹਨ।

ਉਹਨਾਂ ਦੇ ਕਾਰੋਬਾਰ ਦਾ ਵਿਸਥਾਰ ਬਹੁਤ ਹੈ ਜਿਸ ਬਾਰੇ ਨਾ ਮੈਂ ਪੁਛਿਆ ਹੈ ਨਾ ਲੋੜ ਸਮਝੀ ਹੈ। ਉਹ ਆਪਸ ਵਿਚ ਕਿਵੇਂ ਵਿਵਹਾਰ ਕਰਦੇ ਹਨ ਇਹ ਵੀ ਮੇਰੀ ਦਿਲਚਸਪੀ ਦਾ ਮਜ਼ਮੂਨ ਨਹੀਂ ਮੈਨੂੰ ਤਾਂ ਸਾਰੇ ਕਾਸੇ ਵਿਚ ਸ. ਸੇਵਾ ਸਿੰਘ ਦੀ ਸੇਵਾ ਅਤੇ ਮਾਤਾ ਪਵਨਜੀਤ ਕੌਰ ਦੀ ਭਗਤੀ ਹੀ ਦਿਸਦੀ ਹੈ।

ਹੁਣ ਉਹਨਾਂ ਦੇ ਪਰਿਵਾਰ ਨੇ ਇਕ ਸੇਵਾ ਦਾ ਵੱਡਾ ਕਾਰਜ ਸ਼ੁਰੂ ਕੀਤਾ ਹੈ ਜੋ ਕਾਰੋਬਾਰ ਵਜੋਂ ਵੀ ਸਫਲ ਹੋ ਰਿਹਾ ਹੈ। ਕੁਝ ਲੋਕ ਵਪਾਰ ਅਤੇ ਸੇਵਾ ਦੇ ਮਿਸ਼ਰਨ ਵਾਲੀ ਗੱਲ ਨੂੰ ਅਤਿ-ਕਥਨੀ ਸਮਝਣਗੇ, ਪਰ ਇਹ ਗੱਲ ਸਹੀ ਹੈ ਕਿ ਕਾਰੋਬਾਰ ਵਜੋਂ ਸਫ਼ਲ ਇਹ ਪ੍ਰਯੋਜਨ ਮੂਲ ਤੌਰ ਤੇ ਸੇਵਾ ਦਾ ਕਾਰਜ ਹੀ ਹੈ।

ਇਹ ਨਵਾਂ ਕਾਰਜ ਹੈ—ਇਕ ਐਸੇ ਪਾਰਕ, ਇਕ ਐਸੇ 'ਪਿੰਡ' ਦੀ ਸਥਾਪਨਾ—ਜੋ ਮਾਰੂਥਲ ਵਿਚ ਪਾਣੀ ਦੇ ਚਸ਼ਮੇ ਦਾ ਕੰਮ ਦੇ ਰਿਹਾ ਹੈ। ਮਹਾਂਨਗਰ ਦਿੱਲੀ ਦੇ ਪਲੀਤ ਵਾਤਾਵਰਣ ਦੇ ਲਾਗੇ ਸਾਫ਼ ਵਾਤਾਵਰਣ ਵਿਚ ਕੁਝ ਸਮਾਂ ਬਿਤਾਉਣ ਦਾ ਅਵਸਰ ਦਿੰਦਾ ਹੈ। ਹੁਣ ਤੁਸੀਂ ਆਪ ਜਾਂ ਤੁਹਾਡਾ ਪਰਿਵਾਰ ਜਾਂ ਮਿੱਤਰ ਜੇ ਇਕ ਦਿਨ ਆਰਾਮ ਨਾਲ ਹੱਸ-ਖੇਡ ਕੇ, ਬੇਫ਼ਿਕਰ ਹੋ ਕੇ, ਪ੍ਰਸੰਨ ਚਿੱਤ ਹੋ ਕੇ ਲੰਘਾਉਣਾ ਚਾਹੋ ਤਾਂ ਹੋਰ ਕਿਤੇ ਜਾਣ ਦੀ ਲੋੜ ਨਹੀਂ। ਇਹਨਾਂ ਵਲੋਂ ਸਥਾਪਤ 'ਫਨ ਐਨ ਫੂਡ ਵਿਲੇਜ' ਵਿਚ ਚਲੇ ਜਾਓ। ਜੇ ਤੁਸੀਂ ਚਾਹੁੰਦੇ ਹੋ ਕਿ ਤੁਸੀਂ ਸਮੁੰਦਰ ਦੀ ਕਿਸੇ ਵਧੀਆ ਬੀਚ ਵਿਚ ਸਾਗਰ ਛੱਲਾਂ ਦਾ ਅਨੰਦ ਮਾਨਣਾ ਹੈ ਤਾਂ ਵੀ ਇਹ ਥਾਂ ਹੈ। ਜੇ ਜੀ ਚਾਹੁੰਦਾ ਹੈ ਕਿ ਆਕਾਸ਼ ਵਿਚ ਉਡਾਰੀਆਂ ਮਾਰਾਂ ਤਾਂ ਵੀ ਇਥੋਂ ਦੇ ਆਸਮਾਨ ਛੂੰਹਦੇ ਚੱਕਰ ਝੂਲੇ ਹਾਜ਼ਰ ਨੇ। ਜੇ ਤੁਹਾਡਾ ਮਨ ਕਰੇ ਕਿ ਮੈਂ ਅਸਮਾਨ ਵਿਚੋਂ ਤਿਲਕਦਾ ਤਿਲਕਦਾ ਘੁੰਮਦਾ-ਘੁੰਮਾਂਦਾ ਪਾਣੀ ਦੀ ਝੀਲ ਵਿਚ ਪਰਵੇਸ਼ ਕਰਾਂ ਤਾਂ ਇਹ ਵੀ ਨਜ਼ਾਰਾ ਹਾਜ਼ਰ ਹੈ।



Sri Satguru Jagjit Singh Ji eLibrary NamdhariElibrary@gmail.com

ਜੇ ਵਗਦੇ ਦਰਿਆ ਵਿਚ ਨਹਾਉਣ ਨੂੰ ਜੀਅ ਕਰਦਾ ਹੈ, ਜੇ ਝੀਲ ਵਿਚ ਬੇੜੀ ਚਲਾਉਣ ਨੂੰ ਜੀ ਕਰਦਾ ਹੈ, ਜੇ ਪਾਣੀ ਵਿਚ ਸਾਇਕਲ ਚਲਾਉਣ ਨੂੰ ਮਨ ਲਲਚਾਉਂਦਾ ਹੈ ਤਾਂ ਇਥੇ ਚਲੇ ਜਾਓ। ਇਹ ਸਭ ਸੁਆਦ ਸਮੁੰਦਰ-ਦਰਿਆ-ਝੀਲ ਵਾਲੇ ਹੋਣਗੇ, ਸਿਵਾਏ ਇਕ ਗੱਲ ਦੇ। ਉਹ ਗੱਲ ਇਹ ਕਿ ਇਥੇ ਡੁੱਬਣ ਦੀ ਕੋਈ ਸਹੂਲਤ ਨਹੀਂ। ਵਡੇ ਛੋਟੇ ਔਰਤ ਮਰਦ ਸਭ ਲਈ ਹੀ ਇਹ ਸੁਖਾਵਾਂ ਥਾਂ ਹੈ।

ਗੱਲ ਕੇਵਲ ਪਾਣੀਆਂ ਦੀ ਨਹੀਂ ਇਸ ਤੋਂ ਵੱਧ ਹੈ। ਜੇ ਤੁਸੀਂ ਹੂਟੇ ਲੈਂਦਿਆਂ ਅਸਮਾਨ ਦੇ ਇਕ ਸਿਰੇ ਤੋਂ ਦੂਜੇ ਵਲ ਝੂਲਣਾ ਹੈ ਤਾਂ ਵੀ ਇਥੇ ਡਰੈਗਨ ਝੂਲੇ ਹਾਜ਼ਰ ਹਨ। ਇਹ ਕਈ ਪ੍ਰਕਾਰ ਦੇ ਹਨ। ਜੇ ਬੱਚੇ ਦਾ ਜੀਅ ਚਾਹੁੰਦਾ ਹੈ ਤਾਂ ਸੈਰ ਲਈ ਛੁਕ-ਛੁਕ ਕਰਦੀ ਰੇਲ ਗੱਡੀ ਹਾਜ਼ਰ ਹੈ। ਜੇ ਛੋਟਾ ਬਾਲ ਚਾਹੁੰਦਾ ਹੈ ਕਿ ਉਹਨੇ 'ਬਾਲ' ਗੇਂਦ ਨਾਲ ਖੇਡਣਾ ਹੈ ਤਾਂ ਇਕ ਥਾਂ ਇਨ੍ਹਾਂ ਗੇਂਦਾਂ ਨਾਲ ਭਰਿਆ ਪਿਆ ਹੈ। ਸੈਂਕੜੇ ਗੇਂਦਾਂ ਨਾਲ...ਭਾਵੇਂ ਉਹਨਾਂ ਤੇ ਲੇਟੇ, ਭਾਵੇਂ ਠੁੱਡੇ ਮਾਰੇ ਤੇ ਭਾਵੇਂ ਵਿਚੇ ਹੀ ਲੁਕ ਛਿਪ ਜਾਵੇ।

ਹੋਰ ਬਹੁਤ ਸਾਰੀਆਂ ਖੇਡਾਂ ਬਹੁਤ ਸਾਰੇ ਯੰਤਰ ਹਨ ਜੋ ਮਨੁਖ ਨੂੰ ਫਿਕਰ ਵਾਲੀ ਅਤੇ ਭੀੜ ਭੜਕੇ ਵਾਲੀ ਦੁਨੀਆ ਚੋਂ ਕੱਢ ਕੇ ਅਨੋਖੀ ਅਤੇ ਸੁਖਾਵੀਂ ਦੁਨੀਆਂ ਵਿਚ ਲੈ ਜਾਂਦੇ ਹਨ।

ਜੇ ਕਿਸੇ ਬੱਚੇ ਜਾਂ ਵੱਡੇ ਦਾ ਗਾਉਣ ਨੂੰ ਜੀਅ ਕਰੇ ਤਾਂ ਇਕ ਵਖਰੀ ਸਟੇਜ ਤੇ ਮਾਈਕ ਹਾਜ਼ਰ ਹੈ। ਤੁਸੀਂ ਨੱਚ ਵੀ ਸਕਦੇ ਹੋ ਅਤੇ ਕਲਾਕਾਰਾਂ ਦੇ ਗੀਤ ਵੀ ਸੁਣ ਸਕਦੇ ਹੋ। ਤਕਰੀਰ ਵੀ ਕਰ ਸਕਦੇ ਹੋ ਕਵਿਤਾ ਵੀ ਸੁਣਾ ਸਕਦੇ ਹੋ। ਪੁਰਾਣੇ ਤਰ੍ਹਾਂ ਦੀਆਂ ਮੰਜੀਆਂ ਪੀੜ੍ਹੇ ਫੁਲਕਾਰੀਆਂ ਅਤੇ ਹੋਰ ਹਥ ਦੀਆਂ ਦਸਤਕਾਰੀਆਂ ਪਿੰਡ ਦੀ ਸਭਿਅਤਾ ਦਰਸਾਉਂਦੀਆਂ ਹਨ।

ਧੁੱਪ ਵਿਚ ਛਾਂ ਵਿਚ ਮੀਂਹ ਵਿਚ ਸੜਦੀ ਗਰਮੀ ਵਿਚ ਇਸ ਥਾਂ ਨੇ ਸਦਾ ਹੀ ਯਾਤਰੂ ਦਾ ਸੁਆਗਤ ਕੀਤਾ ਹੈ।

ਅਮਰੀਕਾ ਵਿਚ ਡਿਜ਼ਨੀਲੈਂਡ ਵਿਚ ਸਥਾਪਤ ਅਜਿਹਾ ਮਨੋਰੰਜਨ ਘਰ ਬਹੁਤ ਮਸ਼ਹੂਰ ਹੈ। ਆਪਣੇ ਦੇਸ਼ ਵਿਚ ਰਾਜਧਾਨੀ ਵਿਚ ਅੱਪੂ ਘਰ ਵੀ ਹੈ। ਪਰ ਇਸ 'ਫਨ ਐਨ ਫੂਡ' ਵਿਲੇਜ ਦਾ ਉਸ ਨਾਲੋਂ ਢੇਰ ਸਾਰਾ ਅੰਤਰ ਹੈ। ਹੋਰਨਾਂ ਅਜਿਹੇ ਪਾਰਕਾਂ ਵਿਚ ਪਹਿਲੋਂ ਬਾਹਰੋਂ ਟਿਕਟ ਖਰੀਦਣੀ ਪੈਂਦੀ ਹੈ ਅਤੇ ਅੰਦਰ ਜਾ ਕੇ ਵਖ ਵਖ ਖੇਡਾਂ ਵਾਸਤੇ ਵਖ ਵਖ ਹੂਟਾਰਿਆਂ ਲਈ ਥਾਂ ਥਾਂ ਤੇ ਹੋਰ ਟਿਕਟ ਲੈਣੀ ਪੈਂਦੀ ਹੈ ਪਰ ਇਥੇ ਇਕ ਵਾਰ ਟਿਕਟ ਲੈ ਕੇ ਅੰਦਰ ਕੋਈ ਹੋਰ ਖਰਚਾ ਨਹੀਂ ਹੁੰਦਾ ਭਾਵੇਂ ਪਾਣੀ ਵਾਲੀਆਂ ਖੇਡਾਂ ਹਨ ਜ਼ਮੀਨ ਵਾਲੀਆਂ ਜਾਂ ਹਵਾ ਵਾਲੀਆਂ ਜਿੰਨੀ ਵਾਰ ਜੀ ਕਰੇ ਜਿੰਨਾ ਸਮਾਂ ਲਗੇ ਤੁਸੀਂ ਰਹਿ ਸਕਦੇ ਹੋ। ਹਾਂ ਛਕਣ ਛਕਾਉਣ ਲਈ ਆਪਣੇ ਪੇਟ ਅਤੇ ਆਪਣੀ ਜੇਬ ਦਾ ਪਰਸਪਰ ਸਮਝੌਤਾ ਕਰਨਾ ਪਵੇਗਾ। ਜੇ ਖਾਣ ਪੀਣ ਵੀ ਟਿਕਟ ਦੇ ਵਿਚ ਹੀ ਕਰ ਦਿੰਦੇ ਤਾਂ ਪੇਟ ਦਾ ਸੰਤੁਲਨ ਵਿਗੜ ਜਾਣਾ ਸੀ।

ਤੁਸੀਂ ਇਥੇ ਮੰਜੀਆਂ ਜਾਂ ਲਕੜ ਦੇ ਬੈਂਚਾਂ ਉਤੇ ਬੈਠ ਕੇ ਘਰ ਦੇ ਪੱਕੇ ਖਾਣੇ ਵਾਂਗ ਹੀ ਦਾਲ ਰੋਟੀ ਨਾਨ ਚੌਲ ਪਲਾਓ, ਰੈਤਾ ਸਬਜ਼ੀ, ਰੋਟੀ ਆਪਣੀ ਮਨ ਮਰਜ਼ੀ ਅਨੁਸਾਰ ਖਾ ਸਕਦੇ ਹੋ। ਚਾਹ ਸਨੈਕਸ ਦਾ ਵਖਰਾ ਇੰਤਜ਼ਾਮ ਹੈ।

ਇਥੇ ਬਲਵੰਤ ਸਿੰਘ ਸੰਤੋਖ ਸਿੰਘ ਚਾਵਲਾ ਬੈਠਦੇ ਹਨ। ਮੈਂ ਸੰਤੋਖ ਨੂੰ ਪੁਛਿਆ ਕਿ ਅਜਿਹਾ ਵਡਾ ਕੰਮ ਜਿਸ ਵਿਚ ਮੁਲਾਜ਼ਮਾਂ ਦੀ ਤਗੜੀ ਗਿਣਤੀ ਵੀ ਹੈ ਮੈਨੂੰ ਕਦੇ ਆਰਥਕ ਤੌਰ ਤੇ ਮਜ਼ਬੂਤ ਨਹੀਂ ਲਗਾ। ਫਿਰ ਤੁਹਾਡੇ ਦਿਮਾਗ ਵਿਚ ਅਜਿਹਾ ਪ੍ਰਾਜੈਕਟ ਸ਼ੁਰੂ ਕਰਨ ਦੀ ਲਿਲ ਕਿਥੋਂ ਲਗ ਗਈ। ਉਸ ਦਾ ਉਤਰ ਸੀ ਕਿ ਅਸੀਂ ਦੁਨੀਆ ਦੀ ਬਹੁਤ ਸੈਰ ਕੀਤੀ ਹੈ ਅਤੇ ਅਸੀਂ ਇਸ ਪ੍ਰਾਜੈਕਟ ਨੂੰ ਨੀਝ ਨਾਲ ਸਟੱਡੀ ਕੀਤਾ ਹੈ। ਇਹ ਠੀਕ ਹੈ ਕਿ ਇਹ ਕਾਰਜ ਰਿਸਕ ਵਾਲਾ ਸੀ ਪਰ ਅਸੀਂ ਸਾਰਾ ਕੁਝ ਸੋਚ ਕੇ ਇਸ ਨੂੰ ਹੱਥ ਪਾਇਆ ਹੈ। ਅਸੀਂ ਦੁਨੀਆਂ ਭਰ ਚੋਂ ਟੈਂਡਰ ਮੰਗਵਾਏ ਸਨ। ਸਾਰਿਆਂ ਦਾ ਐਸਟੀਮੇਟ ਪੰਜਾਹ ਤੋਂ ਸਤਰ ਕਰੋੜ ਦਾ ਸੀ। ਪਰ ਅਸੀਂ ਆਪ ਸਾਮਾਨ ਤਿਆਰ ਕਰਕੇ ਬਹੁਤ ਸਸਤਾ ਕਰ ਸਕੇ ਹਾਂ। ਸਗੋਂ ਅਸੀਂ ਹੋਰ ਥਾਈਂ ਇਹ ਝੂਲੇ ਬਣਾ ਕੇ ਵੀ ਦਿਤੇ ਹਨ। ਪੂਰੇ ਅੰਤਰਰਾਸ਼ਟਰੀ ਡਿਜ਼ਾਈਨ ਦੇ ਯੰਤਰ ਹਨ।

ਸੰਤੋਖ ਸਿੰਘ, ਬਲਵੰਤ ਸਿੰਘ ਨੇ ਦਸਿਆ ਕਿ ਇਸ ਕੰਮ ਵਿਚ ਕੁਝ ਦੇਸ਼ ਭਗਤੀ ਦਾ ਤਕਾਜ਼ਾ ਵੀ ਹੈ। ਅਸੀਂ ਬਾਹਰ ਸੋਚਦੇ ਸੀ ਕਿ ਸਾਡੇ ਆਪਣੇ ਦੇਸ਼ ਵਿਚ ਅਜਿਹੀ ਗੱਲ ਕਿਉਂ ਨਹੀਂ ਹੋ ਸਕਦੀ। ਯੂ. ਐਸ. ਏ. (ਅਮਰੀਕਾ) ਵਿਚ ਸਤਾਰਾਂ ਸੌ ਜਲ-ਖੇਡਾਂ ਦੇ ਪਾਰਕ ਹਨ। ਬੈਂਕਾਕ ਵਿਚ ਵੀ ਦੋ ਤਿੰਨ ਹਨ, ਪਰ ਇਡੇ ਵੱਡੇ ਭਾਰਤ ਦੇਸ਼ ਵਿਚ ਇਕ ਵੀ ਨਹੀਂ। ਸਾਡੀ ਰੀਝ ਹੈ ਕਿ ਅਜਿਹੇ ਪਾਰਕ ਹਰ ਸ਼ਹਿਰ ਵਿਚ ਹੋਣੇ ਚਾਹੀਦੇ ਹਨ। ਇਹ ਪਾਰਕ ਸਾਂਝ ਅਮਨ ਅਤੇ ਦੋਸਤੀ ਦੇ ਪ੍ਰਤੀਕ ਹਨ।



Sri Satguru Jagjit Singh Ji eLibrary NamdhariElibrary@gmail.com

ਇਸ ਪਾਰਕ ਦਾ ਉਦਘਾਟਨ ੧੭ ਜਨਵਰੀ ੧੯੯੩ ਨੂੰ ਗਿਆਨੀ ਜ਼ੈਲ ਸਿੰਘ ਹੋਰਾਂ ਕੀਤਾ ਸੀ ਅਤੇ ਇਸ ਨੇ ਬੜੀ ਤੇਜ਼ੀ ਨਾਲ ਵਿਕਾਸ ਕੀਤਾ ਹੈ। ਥੋਹੜੇ ਹੀ ਸਮੇਂ ਨੂੰ ਇਹ ਬਿਲਕੁਲ ਮੁਕੰਮਲ ਹੋ ਜਾਵੇਗਾ (ਅਜੇ ਪਾਣੀ ਦੀਆਂ ਕੁਝ ਖੇਡਾਂ ਨਿਰਮਾਣ ਅਧੀਨ ਹਨ)। ਇਸ ਵੇਲੇ ਜੰਗੀ ਪੱਧਰ ਤੇ ਕੰਮ ਹੋ ਰਿਹਾ ਹੈ। ਹੈਲਥ ਕਲੱਬ ਵੀ ਕਾਇਮ ਕੀਤੀ ਗਈ ਹੈ। ਜੈਪੁਰ-ਦਿੱਲੀ ਵੱਡੀ ਸੜਕ ਤੇ ਸੈਂਟੂਰ ਹੋਟਲ ਤੋਂ ਕੇਵਲ ਤਿੰਨ ਕਿਲੋਮੀਟਰ ਦੂਰ ਦਿੱਲੀ-ਗੁੜਗਾਓਂ ਸਰਹੱਦ ਤੇ ਪਿੰਡ ਹੈ ਕਾਪਾਸਹੇੜਾ। ਇਸ ਪਿੰਡ ਦੇ ਦਸ ਏਕੜ ਥਾਂ ਵਿਚ ਇਹ ਪਾਰਕ ਸਥਾਪਤ ਹੈ। ਧੌਲਾ ਕੂੰਆਂ ਦਿੱਲੀ ਤੋਂ ਕੇਵਲ ੧੧ ਕਿਲੋਮੀਟਰ ਦੀ ਵਿੱਥ ਤੇ ਹੈ। ਇਕ ਲਿਮਟਿਡ ਕੰਪਨੀ 'ਪੋਲੋ ਅਮਿਊਜ਼ਮੈਂਟ ਪਾਰਕ ਲਿਮਟਿਡ' ਨਾਮ ਤੇ ਇਸ ਨੂੰ ਚਲਾਉਂਦੀ ਹੈ। ਪਬਲਿਕ ਦੇ ਸ਼ੇਅਰ ਵੀ ਹਨ ਅਤੇ ਥੋੜ੍ਹੇ ਸਮੇਂ ਨੂੰ ਹੋਰ ਸ਼ੇਅਰ ਫਲੋਟ ਕੀਤੇ ਜਾ ਰਹੇ ਹਨ। ਅਜ ਕਲ੍ਹ ਟਿਕਟ ਕੇਵਲ ੫੦ ਰੁਪੈ ਹੈ ਤੇ ਬੱਚਿਆਂ ਲਈ ੪੦ ਰੁਪੈ। ਇਸ ਪਾਰਕ ਦੀ ਸਿਫਤ ਭਾਰਤ ਪੱਧਰ ਅਤੇ ਸਥਾਨਕ ਪੱਧਰ ਦੀਆਂ ਕੁਲ ਅਖਬਾਰਾਂ ਨੇ ਕੀਤੀ ਹੈ। ਪ੍ਰਸਿਧ ਅਖਬਾਰ-ਨਵੀਸਾਂ ਨੇ ਜਾ ਜਾ ਕੇ ਅੱਖੀਂ ਦੇਖਕੇ ਪੜਚੋਲ ਕਰਕੇ ਇਸ ਬਾਰੇ ਭਰਵੇਂ ਮਜ਼ਮੂਨ ਲਿਖੇ ਹਨ। ਦੂਰਦਰਸ਼ਨ ਉਤੇ ਇਸ ਬਾਰੇ ਸੰਤੋਖ ਸਿੰਘ ਚਾਵਲਾ, ਬਲਵੰਤ ਸਿੰਘ ਚਾਵਲਾ ਦੇ ਵਿਸ਼ੇਸ਼ ਇੰਟਰਵਿਊ ਟੈਲੀਕਾਸਟ ਹੋਏ ਹਨ। ਬਲਵੰਤ ਸਿੰਘ ਦਿੱਲੀ ਸਟੇਟ ਦਾ ਬੈਡਮਿੰਟਨ ਚੈਂਪੀਅਨ ਰਿਹਾ ਹੈ ਅਤੇ ਹੁਣ ਉਸੇ ਜੋਸ਼ ਨਾਲ ਇਸ ਕਾਰੋਬਾਰ ਨੂੰ ਖੇਡ ਭਾਵਨਾ ਨਾਲ ਚਲਾ ਰਿਹਾ ਹੈ। ਸੁਖਾਵੇਂ ਪਲ ਲੋਕਾਂ ਨੂੰ ਇਥੇ ਉਡੀਕ ਰਹੇ ਹਨ।

ਚਾਵਲਾ ਭਰਾਵਾਂ ਦੇ ਇਸ ਕਥਨ ਵਿਚ ਬਹੁਤ ਸੱਚਾਈ ਹੈ ਕਿ ਉਹ ਬਾਣੀਆ ਪ੍ਰਵਿਰਤੀ ਰਾਹੀਂ ਕੇਵਲ ਧਨ ਕਮਾਉਣ ਲਈ ਹੀ ਨਹੀਂ ਇਹ ਸਭ ਕੁਝ ਕਰ ਰਹੇ। ਇਸ ਦਾ ਸਬੂਤ ਹੈ ਕਿ ਇਥੇ ਕੇਵਲ ਸ਼ਾਕਾਹਾਰੀ ਭੋਜਨ ਹੀ ਵਰਤਿਆ ਜਾਂਦਾ ਹੈ—ਉੱਤਰੀ ਭਾਰਤੀ ਵੀ ਤੇ ਦੱਖਣੀ ਭਾਰਤੀ ਵੀ। ਤੰਬਾਕੂ-ਨੋਸ਼ੀ ਅਤੇ ਸ਼ਰਾਬ ਦਾ ਸੇਵਨ ਵੀ ਬੰਦ ਹੈ। ਇਹ ਥਾਂ ਅੱਯਾਸ਼ੀ ਲਈ ਨਹੀਂ, ਖੇਡਣ ਅਤੇ ਮਨੋਰੰਜਨ ਲਈ ਹੀ ਹੈ। ਇਸ ਵਿਚ ਭਾਵੇਂ ਮਾਇਕ ਤੌਰ ਤੇ ਕਸਰ ਲਗਦੀ ਹੋਵੇ, ਪਰ ਜ਼ਿੰਦਗੀ ਵਿਚ ਆਪਣੇ ਅਸੂਲ ਵੀ ਹੁੰਦੇ ਹਨ।

ਸੰਤੋਖ ਸਿੰਘ ਤਾਂ ਬਾਰ ਬਾਰ ਇਹ ਹੀ ਕਹਿ ਰਿਹਾ ਸੀ ਕਿ ਇਹ ਸਭ ਸੱਚੇ ਪਾਤਸ਼ਾਹ ਜੀ (ਸਤਿਗੁਰੂ ਜਗਜੀਤ ਸਿੰਘ) ਦੀ ਹੀ ਕਿਰਪਾ ਹੈ। ਸਾਰੇ ਹੀ ਪਰਿਵਾਰ ਵਾਲਿਆਂ ਇਹ ਗੱਲ ਬੜੇ ਚਾਅ ਨਾਲ ਦੱਸੀ ਕਿ ਸਤਿਗੁਰਾਂ ਦਾ ਇਹ ਬਚਨ ਹੈ ਕਿ "ਮੈਨੂੰ ਲਗਦਾ ਹੈ ਇਹ ਬਹੁਤ ਚੱਲੇਗਾ।"

ਸਤਿਗੁਰੂ ਜੀ ਸੰਗਤਾਂ ਸਹਿਤ ਇਸ ਥਾਂ ਵਿਚ ਚਰਨ ਪਾ ਆਏ ਹਨ ਅਤੇ ਕੀਰਤਨ ਸਮਾਗਮ ਵੀ ਹੋਏ ਹਨ।

ਬਹੁਤ ਸਾਰੀਆਂ ਵੱਡੀਆਂ ਸ਼ਕਤੀਆਂ, ਅੰਬੈਸੀਆਂ ਆਦਿ ਵਲੋਂ ਵੱਡੀਆਂ ਵੱਡੀਆਂ ਪੇਸ਼ਕਸ਼ਾਂ ਹਾਜ਼ਰ ਹਨ, ਜਿਸ ਨਾਲ ਧਨ ਦੌਲਤ ਦੇ ਅੰਬਾਰ ਲਗ ਸਕਦੇ ਹਨ ਜੇਕਰ ਇਹ ਥੋੜ੍ਹੇ ਜਿਹੇ ਆਪਣੇ ਨਿਯਮ ਢਿੱਲੇ ਕਰ ਲੈਣ। ਪਰ ਸ. ਸੇਵਾ ਸਿੰਘ ਦਾ ਪਰਿਵਾਰ ਸਤ-ਸੰਤੋਖ ਅਤੇ ਗੁਰੂ ਦੇ ਆਸਰੇ ਨੂੰ ਸਾਰੇ ਪ੍ਰਲੋਭਨਾਂ ਤੋਂ ਉਤੇ ਮੰਨਦਾ ਹੈ।

ਇਸ ਵਿਚ ਸ਼ੱਕ ਨਹੀਂ ਕਿ ਲੋਕਾਂ ਵਿਚ ਇਸ ਥਾਂ ਪ੍ਰਤੀ ਬਹੁਤ ਆਕਰਸ਼ਨ ਹੈ ਇਹ ਪ੍ਰਬੰਧ ਵੀ ਜਲਦੀ ਹੋ ਰਿਹਾ ਹੈ ਕਿ ਦਿੱਲੀ ਦੇ ਵਖ ਵਖ ਥਾਵਾਂ ਤੋਂ ਇਥੇ ਨੂੰ ਬੱਸਾਂ ਚੱਲਿਆ ਕਰਨ ਅਤੇ ਪਾਰਕ ਦੀ ਸੈਰ ਕਰਵਾ ਕੇ ਵਾਪਸ ਲੈ ਜਾਇਆ ਕਰਨ। ਪਰ ਹੁਣ ਵੀ ਮੁਖ ਦਵਾਰ ਅਗੇ ਖੜ੍ਹੀਆਂ ਸੈਂਕੜੇ ਕਾਰਾਂ ਇਸ ਥਾਂ ਦੀ ਹਰਮਨ ਪਿਆਰਤਾ ਦੀ ਬਾਤ ਪਾਉਂਦੀਆਂ ਹਨ।


JANTA
HYDRAULIC PRESSES



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
● RUBBER MOULDING
● CONVEYOR & TRANSMISSION BELTING
● PLYWOOD HOT PRESSES
● DEEP DRAWING
● CLUTCH FACING & BRAKE LINING




Sri Satguru Jagjit Singh Ji eLibrary NamdhariElibrary@gmail.com

ਆਪਣੇ ਪਰਿਵਾਰ ਅਤੇ ਮਿੱਤਰਾਂ ਸੰਗ
ਚਿੰਤਾ ਮੁਕਤ, ਪ੍ਰਸੰਨ-ਚਿੱਤ ਦਿਨ ਮਾਨਣ ਵਾਸਤੇ

## ਸੁਖਾਵੇਂ ਪਲ ਤੁਹਾਨੂੰ ਉਡੀਕ ਰਹੇ ਹਨ !

★ ਸਾਗਰ ਛੱਲਾਂ ਸੰਗ ਖੇਡਣ
★ ਨਦੀ ਵਿਚ ਤੈਰਨ
★ ਆਕਾਸ਼ ਵਿਚ ਹੁਲਾਰੇ ਲੈਣ
★ ਗੀਤ ਸੰਗੀਤ ਮਾਨਣ
★ ਆਸਮਾਨ ਤੋਂ ਝੀਲ ਵਿਚ ਤਿਲਕਣ
★ ਸਰੋਵਰ ਵਿਚ ਸਾਈਕਲ ਬੋਟ ਚਲਾਉਣ
★ ਬੱਚਾ ਰੇਲ ਗੱਡੀ ਦਾ ਹੂਟਾ ਲੈਣ
★ ਅਤੇ ਹੋਰ ਅਣਗਿਣਤ ਖੇਡਾਂ ਦਾ ਅਨੰਦ ਲੈਣ ਵਾਸਤੇ ਪਧਾਰੋ

### ਟਿਕਟ ਏਕ-ਖੇਲ ਅਨੇਕ
### ਦੇਸ਼ ਭਰ ਵਿਚ ਆਪਣੇ ਵਰਗਾ ਆਪ




# ਫਨ 'ਐਂਨ' ਫੂਡ ਵਿਲੇਜ
(ਪੋਲੋ ਅਮਿਊਜ਼ਮੈਂਟ ਪਾਰਕ ਲਿਮਟਿਡ)

ਪਿੰਡ ਕਾਪਾ ਸੇਹੜਾ, ਪੁਰਾਣੀ ਦਿੱਲੀ ਗੁੜਗਾਓਂ ਰੋਡ, ਨਵੀਂ ਦਿੱਲੀ-110037
ਧੌਲਾ ਕੂਆਂ ਤੋਂ 11 ਕਿਲੋਮੀਟਰ—ਸੈਂਟੂਰ ਹੋਟਲ ਤੋਂ 3 ਕਿਲੋਮੀਟਰ)
ਫੋਨ :5563587,5564500—501-502-503
ਫੈਕਸ : 5563867



Sri Satguru Jagjit Singh Ji eLibrary NamdhariElibrary@gmail.com



ਸਵ: ਬੀਬੀ ਮਹਿੰਦਰ ਕੌਰ ਸਿਠਾਣੀ, ਆਪਣੇ ਪਤੀ ਦੇਵ ਸੇਠ ਤਰਲੋਕ ਸਿੰਘ ਜੀ ਚਾਵਲਾ ਨਾਲ
ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਦਾ ਸੁਖ ਮਾਣਦਿਆਂ ।
ਬੀਬੀ ਜੀ ਦੀ ਦਸਵੀਂ ਬਰਸੀ ੧ ਸਤੰਬਰ ੧੯੯੫ ਨੂੰ ਹੈ ।



Sri Satguru Jagjit Singh Ji eLibrary NamdhariElibrary@gmail.com

### ਸਿਮ੍ਰਤੀ : ਇਕ ਸਤੰਬਰ ਨੂੰ ੧੦ਵੀਂ ਬਰਸੀ 'ਤੇ

# ਉਹ ਇਕ ਇਸਤਰੀ ਸੀ

**—ਪ੍ਰੀਤਮ ਸਿੰਘ ਕਵੀ**

੧੦ ਸਾਲ ਹੋ ਗਏ ਨੇ ਬੀਬੀ ਮਹਿੰਦਰ ਕੌਰ ਸਿਠਾਣੀ ਨੂੰ ਸਾਡੇ ਪਾਸੋਂ ਗਿਆਂ, ਪਰ ਸੱਚੀ ਗਲ ਇਹ ਐ ਕਿ ਅਜੇ ਉਸਨੂੰ ਜਿਵੇਂ ਕੁਝ ਦਿਨ ਹੀ ਹੋਣ। ਉਹਦੇ ਬੋਲਾਂ ਦੀ ਮਿੱਠਤ, ਅੰਦਰ ਦੀ ਰੰਗਤ, ਸਤਿਗੁਰੂ ਜੀ ਦੀ ਸੰਗਤ ਨੂੰ ਉਸਨੂੰ ਐਸਾ ਬਣਾ ਦਿਤਾ ਕਿ ਜੋ ਵੀ ਉਹਦੀ ਸੰਗਤ ਵਿਚ ਆਇਆ, ਉਹਦਾ ਹੋ ਕੇ ਰਹਿ ਗਿਆ।

ਉਹ ਇਕ ਇਸਤਰੀ ਸੀ ਜਿਦ੍ਹਾ ਪਿਆਰ ਗਹਿਣਾ ਸੀ ਪਰ ਜਿਸ ਨੇ ਇਸ ਪਿਆਰ ਮਰਿਧੀ ਦੀ ਠੀਕ ਤਰ੍ਹਾਂ ਵਰਤੋਂ ਕੀਤੀ। ਸਤਿਗੁਰੂ ਜੀ ਨੂੰ ਪਿਆਰਨ ਦਾ ਉਹਦਾ ਹੋਰ ਤਰੀਕਾ ਸੀ, ਸੰਗਤ ਨੂੰ ਹੋਰ ਤਰ੍ਹਾਂ ਪਿਆਰ ਕਰਦੀ ਸੀ, ਬਚਿਆਂ ਲਈ ਉਹਦਾ ਪਿਆਰ ਨਵੇਕਲਾ ਸੀ ਅਤੇ ਆਪਣੀ ਪਤੀ ਦੇਵ ਲਈ ਹੋਰ। ਉਸਨੇ ਇਹ ਸਾਰੇ ਪਿਆਰ ਇਕੋ ਵਾਰ ਕੀਤੇ ਅਤੇ ਭਰਪੂਰ ਕੀਤੇ। ਇਸ 'ਇਕੋ ਵਾਰ' ਤੋਂ ਮਤਲਬ ਕੇਵਲ ਇਕ ਨਹੀਂ ਸਗੋਂ ਇਹ ਪਿਆਰ ਨਾਲ ਨਾਲ ਚਲਦੇ ਰਹੇ ਅਤੇ ਲੈਵਲ ਪਿਆਰ ਦਾ ਉਹੋ ਰਿਹਾ। ਇਹ ਪਿਆਰ ਉਹਦੇ ਪਾਸ ਹੋਰਨਾਂ ਵਾਸਤੇ ਵੀ ਸੀ! ਹੋਰ ਜੁ ਸਚਮੁਚ ਦੇ ਹੋਰ ਸਨ। ਪਿਆਰ ਇਹਨਾਂ ਪ੍ਰਾਹੁਣਿਆਂ ਨੂੰ ਵੀ ਭਰਪੂਰ ਕੀਤਾ।

ਮਹਿੰਦਰ ਕੌਰ ਜੀ ਨੂੰ ਜੀਵਨ ਚੋਂ ਵਿਦਾ ਹੋਇਆਂ ੧੦ ਸਾਲ ਹੋ ਗਏ ਨੇ ਪਰ ਮਹਿਸੂਸ ਇੰਜ ਹੁੰਦਾ ਹੈ ਜਿਵੇਂ ਜਦੋਂ ਸੋਚਾਂਗੇ ਪਰਗਟ ਹੋ ਜਾਣਗੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਪ੍ਰੇਮ ਦੀ ਵਾਰਤਾ ਪਹਿਲੀ ਸੀ ਤੇ ਇਹਦੇ ਪਿਛੇ ਇਕ ਕਾਰਨ ਵੀ ਸੀ। ਵਿਆਹ ਹੋਇਆਂ ਨੂੰ ਅਨੇਕਾਂ ਸਾਲ ਬੀਤ ਗਏ ਪਰ ਘਰ ਪੁਤਰਾਂ ਵਿਹੀਨ ਸੀ। ਇਹ ਗਲ ਬਹੁਤ ਖਟਕਦੀ ਸੀ। ਗਲ ਇਹ ਵੀ ਠੀਕ। ਜਿਸ ਘਰ ਪੁੱਤਰ ਨਹੀਂ ਖੇਡਦੇ, ਉਸਦੇ ਮਾਲਕਾਂ ਦੀ ਕੀ ਦਸ਼ਾ ਹੁੰਦੀ, ਕੀ ਹੋ ਸਕਦੀ, ਇਸਦਾ ਬੀਬੀ ਮਹਿੰਦਰ ਕੌਰ ਨੂੰ ਅਮਲੀ ਤੌਰ ਤੇ ਪਤਾ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਰਪਾ ਕੀਤੀ ਤਾਂ ਘਰ ਇਕ ਨਹੀਂ ਸੱਤ ਪੁੱਤਰ ਹੋ ਗਏ, ੮ਵੀਂ ਲੜਕੀ ਆਈ। ਬੀਬੀ ਦੀ ਮਾਨਤਾ ਸੀ ਲੜਕਿਆਂ ਬਿਨਾਂ ਵੀ ਘਰ ਘਰ ਨਹੀਂ ਹੁੰਦੇ!

ਇਸਦੇ ਦੋ ਕੁ ਕਾਰਨ ਤਾਂ ਬਹੁਤ ਜ਼ਰੂਰੀ ਹਨ। ਇਕ ਤਾਂ ਉਹ ਤਸੱਲੀ ਹੁੰਦੀ ਹੈ ਜਿਸ ਬਿਨਾ ਜਾਤੀ ਨੂੰ ਪਤਾ ਹੀ ਨਹੀਂ ਲਗਦਾ ਕਿ ਉਹਨਾਂ ਦਾ ਮੁੱਲ ਕੀ ਹੈ? ਦੂਜੇ, ਕੁੜੀਆਂ ਸੁਭਾਅ ਵਲੋਂ ਸਾਦੀਆਂ, ਸੁਹਜ-ਸੁਆਦ ਨਾਲ ਭਰਪੂਰ ਅਤੇ ਬੀਬੀਆਂ ਹੁੰਦੀਆਂ ਹਨ।

ਇਸ ਲਈ ਬੀਬੀ ਮਹਿੰਦਰ ਕੌਰ ਨੂੰ ਇਹ ਦਾਤ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਮਿਲ ਗਈ, ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ ਦੇ ਵਾਰਸ ਬਣੇ। ਆਪ ਨੇ ਸੇਠ-ਪਰਵਾਰ ਵਲ ਉਸ ਦ੍ਰਿਸ਼ਟੀ ਨਾਲ ਵੇਖਿਆ, ਜਿਸਨੂੰ ਕਹਿੰਦੇ ਹਨ : ਅੰਮ੍ਰਿਤ ਦ੍ਰਿਸਟਿ ਸਿਚਿ ਜੀਵਾਇ।

ਇਹ ਦ੍ਰਿਸ਼ਟੀ ਜੀਵਨ ਪਰਯੰਤ ਰਹੀ। ਇਸ ਦ੍ਰਿਸ਼ਟੀ ਨਾਲ ਸੇਠ ਜੀ ਅਤੇ ਸਿਠਾਣੀ ਜੀ ਦੇ ਬੱਚੇ ਪਰਵਾਨ ਚੜ੍ਹੇ। ਘਰ-ਬਾਰਾਂ ਵਾਲੇ ਬਣੇ, ਦੂਜੇ ਦੇਸ਼ਾਂ ਵਿਚ ਡੇਰੇ ਲਗੇ, ਤਿੰਨ ਬੱਚੇ ਅਮਰੀਕਾ ਵਿਚ, ਤਿੰਨ ਬੈਂਕੌਕ ਵਿਚ ਤੇ ਸੱਤਵਾਂ ਬੱਚਾ ਦਿੱਲੀ ਦਿਚ ਦਨਦਨਾਉਂਦਾ ਫਿਰਦਾ ਹੈ। ਇਹਦੇ ਪਿੱਛੇ ਬੀਬੀ ਜੀ ਨੂੰ ਸਤਿਗੁਰਾਂ ਦੀ ਕ੍ਰਿਪਾ-ਦ੍ਰਿਸ਼ਟੀ ਦਾ ਕਰਮ ਹੀ ਜਾਪਦਾ ਸੀ।

ਬੀਬੀ ਜੀ ਲਈ ਸਾਰਾ ਜਹਾਨ ਹੀ ਆਪਣਾ ਸੀ। ਜਦੋਂ ਵੀ ਕੋਈ ਉਨ੍ਹਾਂ ਦੇ ਘਰ ਆ ਜਾਂਦਾ, ਚਾਅ ਚੜ੍ਹ ਜਾਂਦੇ ਅਤੇ ਛਾਲਾਂ ਮਾਰ ਮਾਰ ਕੇ ਸੇਵਾ ਸਤਿਕਾਰ ਕਰਦੇ। ਆਏ ਨੂੰ ਪ੍ਰਤੀਤ ਹੁੰਦਾ ਕਿ ਸਾਰੀਆਂ ਰਹੁ-ਰੀਤਾਂ ਉਸੇ ਦੁਆਲੇ ਕੀਤੀਆਂ ਗਈਆਂ ਹਨ। ਪਰ ਨਹੀਂ, ਇਹ ਤਾਂ ਮੰਗਲ ਰੀਤਾਂ ਹਰ ਘਰ ਆਏ ਪ੍ਰਾਹੁਣੇ ਲਈ ਸਨ।

ਬੀਬੀ ਮਹਿੰਦਰ ਕੌਰ ਨੇ ਆਪਣਾ ਜੀਵਨ ਬੜਾ ਮਜ਼ੇ ਨਾਲ ਬਤੀਤ ਕੀਤਾ। ਘਰ ਵਿਚ ਉਹ ਸਭ ਕੁਝ ਸੀ ਜੋ ਕਿਸੇ ਵੱਡੇ ਤੋਂ ਵੱਡੇ ਨੂੰ ਲੋੜੀਂਦਾ ਹੈ, ਪਰ ਇਕ ਸੱਧਰ ਉਨ੍ਹਾਂ ਦੀ ਅਪੂਰਣ ਰਹਿ ਗਈ – ਅਗੇ ਸਾਰੇ ਪੁੱਤਰਾਂ ਦੇ ਘਰ ਸੰਤਾਨ ਨਹੀਂ ਸੀ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਹੁਣ ਬਿਨਾਂ ਸਭ ਤੋਂ ਛੋਟੇ ਦੇ ਘਰ ਦੇ, ਹੋਰ ਸਾਰੀਂ ਘਰੀਂ ਦੀਵੇ ਜਗਣ ਲਗ ਪਏ ਹਨ। ਸਾਰਿਆਂ ਦੇ ਘਰੀਂ ਇਕ ਇਕ ਬੱਚਾ ਹੋ ਗਿਆ ਹੈ। ਚਹੁੰ ਕੁ ਜਣਿਆਂ ਦੇ ਘਰ ਤਾਂ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ, ਦੋ ਕੁ ਜਣਿਆਂ ਦੇ ਘਰ ਇਕ ਇਕ ਬਾਲ ਹੈ।

ਸਤਿਗੁਰ ਕਿਰਪਾ ਕਰਨ, ਹੁਣ ਬਾਲ ਸੰਤੋਖ ਸਿੰਘ ਦੇ ਘਰ ਵੀ ਬਾਲ ਹੋ ਜਾਏ, ਤਾਂ ਹੱਦ ਮੁੱਕ ਜਾਵੇ।

ਇਹ ਬੀਬੀ ਦਾ ਘਰ ਹੀ ਰਿਹਾ ਹੈ ਜਿਥੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਉਹਦੀ ਇਹ ਵੀ ਇੱਛਾ ਪੂਰੀ ਹੋ ਗਈ ਕਿ ਉਹ ਜਹਾਨ ਵਿਚੋਂ ਆਪਣੇ ਪਤੀ ਦੇਵ ਤੋਂ ਪਹਿਲੋਂ ਵਿਦਾ ਹੋਵੇ। ਉਹ ਮੁਨਾਸਬ ਆਯੂ ਭੋਗ ਕੇ ਅਮਰੀਕਾ ਵਿਚ ਬੱਚਿਆਂ ਨੂੰ ਮਿਲਣ ਗਏ, ਪਤੀ ਨਾਲ ਸੈਰ ਕਰਕੇ ਇਸ ਦੁਨੀਆਂ ਤੋਂ ਅੱਖਾਂ ਮੀਟ ਗਏ ੧ ਸਤੰਬਰ ੧੯੮੫ ਨੂੰ।

ਉਹਨਾਂ ਦੀ ਯਾਦ ਹਰ ਦਿਲ ਵਿਚ ਸਮਾਈ ਰਹੇਗੀ ਜੋ ਕਦੇ ਵੀ ਉਹਦੇ ਨਾਲ ਵਾਸਤਾ ਰੱਖਦੇ ਰਹੇ।


Sri Satguru Jagjit Singh Ji eLibrary NamdhariElibrary@gmail.com

# ਇਕ ਚਿੱਠੀ ਮਹਿੰਦਰ ਕੌਰ ਦੇ ਨਾਂ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੀਂ ਦਿੱਲੀ
੨੩-੮-੯੫

ਮੇਰੀ ਪਿਆਰੀ ਸ੍ਰੀਮਤੀ ਮਹਿੰਦਰ ਕੌਰ ਜੀ,

ਆਪਣੇ ਪਤੀ ਦੀ ਨਮਸਕਾਰ ਪਰਵਾਨ ਕਰਨੀ ਜੀ। ਚਿਰ ਹੋ ਗਿਆ ਏ ਆਪਨੂੰ ਪੱਤਰ ਲਿਖਿਆਂ। ਪੱਤਰ ਲਿਖਿਆ ਏ ਉਤਰ ਦੀ ਨਾ ਉਮੀਦ ਕਰਦਿਆਂ। ਮੈਨੂੰ ਪਤਾ ਏ ਤੁਸੀਂ ਜਿਥੇ ਰਹਿੰਦੇ ਹੋ, ਏਥੇ ਇਸ ਸੰਸਾਰ ਦੀ ਕਿਸੇ ਚੀਜ਼ ਦੀ ਲੋੜ ਨਹੀਂ, ਪਰ, ਮੈਂ ਕੀ ਕਰਾਂ ਜਿਸ ਦਾ ਤੁਹਾਡੇ ਨਾਲ ਗੱਲਾਂ ਕਰਦੇ ਰਹਿਣ ਦਾ ਹੀ ਜੀ ਬਣਾ ਲਿਆ ਹੈ। ਹੁਣ ਮੈਂ ਹੋ ਵੀ ੭੩ ਵਰ੍ਹਿਆਂ ਦਾ ਗਿਆ ਹਾਂ। ਇਉਂ ਜਾਪਦਾ ਹੈ ਜਿਵੇਂ ਹੁਣ ਤੁਹਾਨੂੰ ਮੇਰੀ ਲੋੜ ਨਹੀਂ, ਪਰ ਸੱਚੀ ਗੱਲ ਇਹ ਹੈ ਕਿ ਮੈਨੂੰ ਤੁਹਾਡੀ ਲੋੜ ਸਦਾ ਹੀ, ਏਥੇ ਵੀ ਤੇ ਉਥੇ ਵੀ ਰਹਿਣੀ ਹੈ। ਕਾਰਣ ਇਹ ਹੈ ਕਿ ਤੁਸਾਂ ਮੈਨੂੰ ਸਦਾ ਹੀ ਸੁਖ ਦਿਤਾ, ਮੇਰੇ ਕੋਲੋਂ ਮੁਕਾਬਲੇ ਵਾਸਤੇ ਕੁਛ ਵੀ ਨਹੀਂ ਮੰਗਿਆ, ਮੈਨੂੰ ਜਾਪਦਾ ਹੈ ਇਹੋ ਵਜਹ ਹੈ ਕਿ ਮੈਂ ਤੁਹਾਨੂੰ ਸਦਾ ਯਾਦ ਰਖਣਾ ਹੈ।

ਮੇਰੀਏ ਸੁਹਣੀਏ, ਇਹ ਤਾਂ ਹੋਣੀ ਤੇਰੀ ਮੇਰੀ ਗੱਲ। ਹੁਣ ਸੁਣ ਤੂੰ ਆਪਣੇ ਬੱਚਿਆਂ ਦੀ। ਬੱਚੇ ਤੈਨੂੰ ਬਹੁਤ ਯਾਦ ਕਰਦੇ ਹਨ, ਸਾਰੇ ਆਪੋ ਆਪਣੀ ਥਾਂ ਹਨ, ਰਾਜ਼ੀ ਖੁਸ਼ੀ ਹਨ ਅਤੇ ਵਖ ਵਖ ਹਨ। ਸਾਰਿਆਂ ਨੇ ਆਪਣੇ ਘਰਰਿਆਂ ਦੀ ਪੰਡੂਕੜੀ ਆਪਣੇ ਆਪਣੇ ਸਿਰ ਤੇ ਚਾਈ ਹੋਈ ਹੈ, ਮੇਰਾ ਖਿਆਲ ਹੈ, ਤੂੰ ਠੀਕ ਹੀ ਸਮਝਦੀ ਹੋਵੇਗੀ। ਕਿਉਂਕਿ ਇਸ ਵੇਲੇ ਦੀ ਇਹੋ ਵਡੀ ਮਰਯਾਦਾ ਹੈ।

ਜਿਵੇਂ ਕਿ ਤੂੰ ਆਪ ਹੀ ਇਹਨਾਂ ਨੂੰ ਕਰ ਲਈ। ਬਲਦੇਵ, ਸਮਸ਼ੇਰ ਤੇ ਭੂਪਿੰਦਰ ਅਮਰੀਕਾ ਵਿਚ ਹਨ। ਉਥੋਂ ਕੇਵਲ ਨਿਕਲਕੇ ਆਪਣੇ ਦੂਜੇ ਦੋ ਭਰਾਵਾਂ ਕੋਲ ਆ ਗਿਆ ਏ। ਉਸਨੇ ਆਪਣਾ ਕੰਮ ਕਾਰ ਬੈਂਕਕੋ ਵਿਚ ਲਿਆ ਏ, ਤੇਰਾ ਛੋਟਾ ਪੁੱਤਰ ਪੂਰੇ ਤੌਰ ਤੇ ਭਾਰਤੀ ਹੈ ਲਾਲ ਜੀ ਸੰਤੋਖ ਸਿਘ, ਆਪਣੀ ਲੜਕੀ, ਜਿਸਨੂੰ ਤੂੰ ਪਨਾਲਾ (ਪਰਨਾਲਾ) ਕਹਿੰਦੀ ਹੁੰਦੀ ਸੈਂ, ਅਰਥਾਤ ਸੱਤਾਂ ਥਾਵਾਂ ਤੇ ਲੈਣਾ ਤੇ ਅਠਵੀਂ ਥਾਂ ਦੇਣ ਲਈ ਬਣਾਈ ਹੋਈ ਸੀ, ਬਾਵੇ ਅਤੇ ਗੁਰਚਰਨ ਸਿੰਘ, ਇਹ ਵੀ ਥਾਈਲੈਂਡ ਵਿਚ ਮੌਜਾਂ ਮਾਣਦੇ ਹਨ। ਸਭਨਾਂ ਉਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਏ। ਮੈਂ ਬੜਾ ਭਰੋਸੇ ਭਰੇ ਹਿਰਦੇ ਨਾਲ ਤੇਰੇ ਕੋਲ ਆਵਾਂਗਾ, ਜਦੋਂ ਵੀ ਆਇਆ।

ਥੋੜ੍ਹੀ ਜਿਹੀ ਗੱਲ ਕਰ ਲਵਾਂ। ਤੂੰ ਤੁਰ ਗਈ ਤੇ ਨਾਲ ਲੈ ਗਈ, ਖੇੜੇ ਖੁਸ਼ੀਆਂ ਹਾਸੇ। ਕਿਉਂਕਿ ਸੰਸਾਰ ਤੇਰੇ ਬਿਨਾਂ ਚੰਗਾ ਨਹੀਂ ਸੀ ਲਗਦਾ। ਪਰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਸ਼ਾਇਦ ਤੇਰੇ ਬੱਚਿਆਂ ਲਈ ਬਚਾਇਆ। ਹੁਣ ਮੈਂ ਤਿਆਰ-ਬਰ-ਤਿਆਰ ਹਾਂ। ੭੩ਵਾਂ ਸਾਲ ਭਾਵੇਂ ਤੇਰੇ ਬਿਨ ਮੈਨੂੰ ਕੁਛ ਨਹੀਂ ਲਗਦਾ ਪਰ ਸਤਿਗੁਰੂ ਨੇ ਮੰਤਰ ਮੇਰੇ ਕੰਨ ਵਿਚ ਫੂਕ ਦਿਤਾ ਹੈ। ਉਨ੍ਹਾਂ ਕਿਹਾ ਹੈ, ਰੋਂਦੇ ਖੁਸ਼ਦਿਲ ਹੁੰਦੇ ਹਨ, ਮੇਰੇ ਪਿਆਰੇ ਬੰਦੇ ਉਹ ਨੇ ਜੁ ਸਥਿਤੀ ਦਾ ਮੁਕਾਬਲਾ ਹੱਸ ਕੇ ਕਰਦੇ ਹਨ। ਇਸ ਲਈ ਮੈਂ ਉਹਨਾਂ ਦਾ ਇਹ ਮੰਤਰ ਘੁਟ ਕੇ ਪੱਲੇ ਬੰਨ੍ਹ ਲਿਆ ਹੈ। ਅੱਜ ਤੂੰ ਵੀ ਆ ਜਾਏਂ ਤੇ ਮੈਨੂੰ ਪਹਿਲਾਂ ਵਾਂਗ ਆਪਣੇ ਕੰਮਾਂ-ਕਾਰਾਂ ਵਿਚ ਲਗਿਆ ਵੇਖ ਕੇ ਖੁਸ਼ ਹੋਵੇਂ। ੭੩ਵਾਂ ਸਾਲ ਜਾ ਰਿਹਾ ਹੈ, ਪਰ ਮੇਰੇ ਤੇ ਸਤਿਗੁਰਾਂ ਦੀ ਕਿਰਪਾ ਨਾਲ ਨੂਰ ਬਰਸ ਰਿਹਾ ਹੈ।

ਪ੍ਰਾਣ ਪਿਆਰੀ ਮਹਿੰਦਰ, ਇਹ ਸਿਖਿਆ ਵੀ ਤੇਰੇ ਤੋਂ ਹੀ ਲਈ ਹੈ ਕਿ ਜਿੰਨਾ ਚਿਰ ਜੀਓ, ਮਜ਼ੇ ਨਾਲ ਜੀਓ। ਆਪਣੇ ਪ੍ਰੀਤਮ ਸਤਿਗੁਰੂ ਨੂੰ ਕਦੇ ਮਨੋਂ ਨ ਵਿਸਾਰੋ, ਉਸਦੇ ਨਾਲ ਏਕਾਕਾਰ ਕਰਦਿਆਂ ਜ਼ਿੰਦਗੀ ਨੂੰ ਹੰਢਾਓ। ਮੈਂ ਤੇਰੇ ਛੱਡੇ ਹੋਏ ਕੰਮ ਹੀ ਕਰ ਰਿਹਾ ਹਾਂ।

ਇਹ ਤਾਂ ਤੈਨੂੰ ਪਤਾ ਹੋਵੇਗਾ ਹੀ ਕਿ ਮੈਂ ਹਰਟ ਸਰਜਰੀ (ਦਿਲ ਦਾ ਓਪਰੇਸ਼ਨ) ਕਰਵਾ ਲਈ ਹੈ ਅਤੇ ਹੁਣ ਮੈਂ ਘੋੜੇ ਵਾਂਗ ਤਿਆਰ ਹਾਂ, ਜਿਧਰ ਜਾਣਾ ਹੋਵੇ ਤੇ ਜੋ ਕੁਛ ਕਰਨਾ ਹੋਵੇ ਕਰਨ ਨੂੰ ਸਮਰਥ ਹਾਂ।

ਮੇਰਾ ਖਿਆਲ ਹੈ, ਇਹ ਸਭ ਕੁਛ ਸੁਣ ਤੂੰ ਸੰਤੁਸ਼ਟ ਹੋਵੇਂਗੀ ਤੇ ਮੇਰੇ ਲਈ, ਤੇਰੇ ਵਲੋਂ, ਸਦਾ ਹੀ ਸ਼ੁਭ-ਕਾਮਨਾਵਾਂ ਆਉਂਦੀਆਂ ਰਹਿਣਗੀਆਂ।

ਤੇਰੇ ਲਈ ਹਾਰਦਿਕ ਸਨੇਹ ਨਾਲ
ਤੇਰਾ—
ਤਰਲੋਕ ਸਿੰਘ ਚਾਵਲਾ
ਅੱਜ ਕਲ੍ਹ ਦਿੱਲੀ।



Sri Satguru Jagjit Singh Ji eLibrary NamdhariElibrary@gmail.com

ਸ਼ੁਭ ਕਾਮਨਾਵਾਂ

ਵਿ
ਵਿ ਮ ਲ
ਲ

ਕੱਪੜਿਆਂ ਦੀ ਅਧਿਕਾਰ ਪ੍ਰਾਪਤ ਦੁਕਾਨ

ਨਵੀਨ ਕਲਾਥ ਸਟੋਰ

ਬਾਜ਼ਾਰ ਭੂਤ ਨਾਥ, ਮੰਡੀ–੧੭੫੦੦੧ [ਹਿਮਾਚਲ ਪ੍ਰਦੇਸ਼]

VIMAL

Authorised Retail Shop

Naveen Cloth Store

Bhut Nath Bazar, MANDI–175001
(Himachal Pardesh)



Sri Satguru Jagjit Singh Ji eLibrary NamdhariElibrary@gmail.com

ਸ਼ਰਧਾਂਜਲੀਆਂ

# ਬੀਬੀ ਹਰਬੰਸ ਕੌਰ ਢੋਡੇ ਵਾਲੇ

ਦਿੱਲੀ ਦੇ ਰਮੇਸ਼ ਨਗਰ ਵਿਚ ਇਕ ਨਾਮਧਾਰੀ ਕਾਲੋਨੀ ਹੈ ਜੋ ਦੇਸ਼ ਆਜ਼ਾਦੀ ਬਾਦ ਵਸਾਈ ਗਈ ਸੀ। ਇਥੋਂ ਦਾ ਢੋਡਾ ਪਰਿਵਾਰ (ਢੋਡਾ ਸਿਆਲਕੋਟ ਜ਼ਿਲ੍ਹੇ ਦਾ ਇਕ ਪਿੰਡ ਸੀ) ਨਾਮਧਾਰੀ ਸਮਾਜ ਦੇ ਅੰਦਰ ਅਤੇ ਬਾਹਰ ਬਹੁਤ ਪਰਸਿਧੀ ਰਖਦਾ ਹੈ। ਇਸ ਪਰਵਾਰ ਦੀ ਪਰਸਿਧੀ ਦਾ ਕਾਰਨ ਕੇਵਲ ਇਕ ਹੈ ਉਹ ਹੈ ਸੇਵਾ ਦੀ ਭਾਵਨਾ। ਵਡੇ ਤੋਂ ਲੈ ਕੇ ਛੋਟੇ ਤਕ ਇਹ ਰੀਝ ਰਹੀ ਹੈ। ਇਹਨਾਂ ਦੇ ਘਰ ਸਦਾ ਗੁਰੂ ਕਾ ਲੰਗਰ ਚਲਦਾ ਹੀ ਰਿਹਾ ਹੈ। ਵਾਕਿਫ ਨਾ ਵਾਕਿਫ ਕੋਈ ਵੀ ਆ ਜਾਵੇ ਪਰਸ਼ਾਦਾ ਸਤਿਕਾਰ ਅਤੇ ਰੀਝ ਨਾਲ ਮਿਲਦਾ ਹੀ ਰਿਹਾ ਹੈ। ਇਥੇ ਇਕ ਦੋ ਦੀ ਗਲ ਨਹੀਂ ਛੋਟੇ ਵਡੇ ਦੀ ਵੀ ਨਹੀਂ ਜਥਿਆਂ ਦੇ ਜਥੇ ਵੀ ਆ ਕੇ ਲੰਗਰ ਛਕਦੇ ਅਤੇ ਰਾਤ ਕਟਦੇ ਰਹੇ ਹਨ। ਘਰ ਵਿਚ ਖੂਹੀ ਲਗੀ ਹੋਣ ਕਰਕੇ ਨਾਮਧਾਰੀ ਸੋਧੀ ਸਿੰਘਾਂ ਨੂੰ ਵੀ ਖਾਸ ਸਹੂਲਤ ਸੀ। ਪਹਿਲੇ ਜ਼ਮਾਨਿਆਂ ਵਿਚ ਅਜਿਹੀ ਰਹੁ ਰੀਤ ਨਾਮਧਾਰੀਆਂ ਦੇ ਸਭਿਆਚਾਰ ਦਾ ਹਿਸਾ ਹੁੰਦੀ ਸੀ। ਲੋਹ ਲੰਗਰ ਘਰ ਘਰ ਤੱਪਦੇ ਰਹਿੰਦੇ ਸਨ। ਜੱਥਿਆਂ ਦੇ ਜੱਥੇ ਵਾਰੀ ਵਾਰੀ ਆਉਂਦੇ ਸਨ। ਕਈ ਕਈ ਦਿਨ ਟਿਕਣਾ ਕੀਰਤਨ ਭਜਨ ਬੰਦਗੀ ਕਰਨਾ ਅਤੇ ਫੇਰ ਅਗਲੇ ਪੜਾਅ ਨੂੰ ਚਲੇ ਜਾਣਾ। ਘਰਾਂ ਵਾਲਿਆਂ ਸੇਵਾ ਕਰਦਿਆਂ ਅਕਨਾ ਥੱਕਨਾ ਨਾ। ਅਜ ਕਲ ਦੀ ਨਵੀਨ ਸ਼ਹਿਰੀ ਰਹਿਣੀ ਬਹਿਣੀ ਵਿਚ ਤਾਂ ਇਕ ਆਦਮੀ ਦਾ ਆ ਜਾਣਾ ਘਬਰਾਹਟ ਪੈਦਾ ਕਰਦਾ ਹੈ ਪਰ ਹੁਣ ਵੀ ਪੁਰਾਣੀਆਂ ਗਲਾਂ ਕਈ ਘਰਾਂ ਵਿਚ ਹਨ।

ਅਜਿਹਾ ਸੇਵਾ ਦਾ ਮਾਹੌਲ ਤਦ ਹੀ ਸੰਭਵ ਹੈ ਜੇ ਘਰ ਦਾ ਮਾਲਕ ਮਾਲਕਿਨ ਅਤੇ ਪਰਿਵਾਰ ਦੇ ਸਾਰੇ ਜੀਅ ਹੀ ਇਕੋ ਭਾਵਨਾ ਵਾਲੇ ਹੋਣ। ਇਹ ਹੈਰਾਨੀ ਵਾਲੀ ਗਲ ਵੀ ਹੈ ਕਿ ਦੱਬ ਕੇ ਮਿਹਨਤ ਕਰਕੇ ਕਮਾਈ ਕਰਨੀ ਅਤੇ ਫੇਰ ਗੁਰੂ ਕੇ ਲੇਖੇ ਲਾ ਦੇਣੀ। ਅਜਿਹੇ ਲੋਕਾਂ ਦੇ ਸਿਰ ਤੇ ਸਮਾਜ ਜ਼ਿੰਦਾ ਰਹਿੰਦੇ ਹਨ।

ਇਹ ਗਲਾਂ ਉਦੋਂ ਮੁੜ ਯਾਦ ਆਈਆਂ ਜਦੋਂ ਢੋਡਾ ਪਰਿਵਾਰ ਦੇ ਇਕ ਮੁਖੀ ਸ. ਅਮਰ ਸਿੰਘ ਜੀ ਦੇ ਘਰੋਂ ਮਾਤਾ ਹਰਬੰਸ ਕੌਰ ਚੜ੍ਹਾਈ ਕਰ ਗਏ। ਤਾਂ ਉਹਨਾਂ ਦੀ ਯਾਦ ਵਿਚ ੧੪ ਸਤੰਬਰ ਨੂੰ ਦਿੱਲੀ ਵਿਚ ਮੇਲਾ ਕੀਤਾ ਗਿਆ। ਉਂਝ ਤਾਂ ਇਕ ਵਿਛੜੀ ਜੀਵ ਆਤਮਾ ਨਮਿਤ ਪਾਠਾਂ ਦੇ ਭੋਗ ਸਨ ਲੰਗਰ ਸੀ ਪਰ ਇਸ ਦੀ ਵਿਸ਼ੇਸ਼ਤਾ ਇਹ ਸੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਜਿਵੇਂ ਕਿਵੇਂ ਇਸ ਸਮਾਗਮ ਵਾਸਤੇ ਉਚੇਚਾ ਵਕਤ ਕੱਢ ਕੇ ਆਏ। ਇਕ ਪਾਸੇ ਸ੍ਰੀ ਜੀਵਨ ਨਗਰ ਦੇ ਇਲਾਕੇ ਵਲ ਹੜ੍ਹਾਂ ਦਾ ਪ੍ਰਕੋਪ ਸੀ। ਸਿੱਧੇ ਰਸਤੇ ਸਾਰੇ ਬੰਦ ਸਨ। ੧੫ ਸਤੰਬਰ ਨੂੰ ਸ੍ਰੀ ਅੰਮ੍ਰਿਤਸਰ ਦੇ ਸ਼ਹੀਦਾਂ ਦਾ ਮੇਲਾ ਸੀ ਅਤੇ ਅਗੋਂ ਸ੍ਰੀ ਭੈਣੀ ਸਾਹਿਬ ਵਿਚ ਸਾਲਾਨਾ ਜੱਪ ਪ੍ਰਯੋਗ ਆਰੰਭ ਹੋ ਜਾਣਾ ਸੀ। ਸਤਿਗੁਰੂ ਜੀ ਦੀ ਆਮਦ ਬਹੁਤ ਥੋੜੇ ਸਮੇਂ ਵਾਸਤੇ ਸੀ। ਮਸਾਂ ਨਿਤਨੇਮ ਵਿਚ ਦਰਸ਼ਨ ਦੇ ਕੇ ਪਾਠਾਂ ਦੇ ਭੋਗ ਪੁਆ ਕੇ ਚਲੇ ਗਏ ਪਰ ਇਕ ਗਲ ਤਾਂ ਸਪਸ਼ਟ ਕਰ ਗਏ ਕਿ ਮਾਤਾ ਹਰਬੰਸ ਕੌਰ ਦੀ ਘਾਲਨਾ ਪ੍ਰਤਿ ਆਪ ਨੇ ਕਿੰਨਾ ਆਦਰ ਦਿਤਾ। ਉਸ ਦਿਨ ਵਿਦਵਾਨ ਮਹਾਂਪੁਰਖਾਂ ਸੰਤ ਹਰਭਜਨ ਸਿੰਘ ਖੰਡੂਵਾਲੀਏ, ਪੰਡਿਤ ਗੋਪਾਲ ਸਿੰਘ ਜੀ, ਜਥੇਦਾਰ ਸੇਵਾ ਸਿੰਘ ਜੀ ਨੇ ਮਾਤਾ ਹਰਬੰਸ ਕੌਰ ਦੀ ਸੇਵਾ ਬਿਰਤੀ ਬਾਰੇ ਜੋ ਗਲਾਂ ਕੀਤੀਆਂ ਉਸ ਨਾਲ ਮੁੜ ਇਕ ਵਾਰ ਲੰਮਾ ਇਤਿਹਾਸ ਸਾਹਮਣੇ ਆ ਗਿਆ। ਨਾਮਧਾਰੀਆਂ ਦਾ ਪੁਰਾਣਾ ਸਭਿਆਚਾਰ ਸਜੀਵ ਹੋ ਉਠਿਆ।

ਮਾਤਾ ਹਰਬੰਸ ਕੌਰ ਦਾ ਜਾਣਾ ਵੀ ਚਰਚਾ ਦਾ ਵਿਸ਼ਾ ਸੀ। ਅਜਿਹੇ ਜੀਵ ਲੋਕਾਂ ਵਿਚ ਸੁਖ ਵੰਡਦੇ ਹਨ ਅਤੇ ਦੁੱਖ ਅੰਦਰੋ-ਅੰਦਰੀ ਪੀ ਜਾਂਦੇ ਹਨ। ਸਾਧਾਰਨ ਕਹੀਆਂ ਗੱਲਾਂ ਵਿਸ਼ੇਸ਼ ਹੋ ਜਾਂਦੀਆਂ ਹਨ। ੩ ਦਸੰਬਰ ੧੯੯੫ ਐਤਵਾਰ ਉਹ ਲੰਗਰ ਪਕਾ ਕੇ ਆਏ ...ਥੱਕੇ ਹੋਏ। ਉਹਨਾਂ ਕਿਹਾ ਕਿ ਮੈਂ ਹੁਣ ਸੌਂ ਜਾਣਾ ਹੈ ਕੋਈ ਮੈਨੂੰ ਉਠਾਏ ਨਾ। ਅਤੇ ਸੱਚ-ਮੁੱਚ ਕੋਈ ਉਹਨਾਂ ਨੂੰ ਉਠਾ ਨਾ ਸਕਿਆ। ਡਾਕਟਰੀ ਭਾਸ਼ਾ ਵਿਚ ਤਾਂ ਉਹਨਾਂ ਨੂੰ ਬਰੇਨ ਹੈਂਮਬਰਿਜ ਹੋਇਆ, ਦਿਮਾਗ਼ ਦੀ ਨਾਲੀ ਫਟ ਗਈ (ਹਰ ਮੌਤ ਵਾਸਤੇ ਡਾਕਟਰਾਂ ਕੋਲ ਸ਼ਬਦਾਵਲੀ ਹੈ)। ਉਹਨਾਂ ਨੇ ਸਵਾਸ ਤਾਂ ਹਸਪਤਾਲ ਵਿਚ ੫ ਸਤੰਬਰ ਮੰਗਲਵਾਰ ਸਵੇਰੇ ਪੌਣੇ ੬ ਵਜੇ ਪੂਰੇ ਕੀਤੇ, ਪਰ ਉਹ ਇਕ ਵਾਰ ਦੇ ਸੁਤੇ ਜਾਗੇ ਨਹੀਂ। ਇਹ ਸਮਾਂ ਤਾਂ ਉਹਨਾਂ ਦੇ ਵਿਸ਼ਾਲ ਪਰਿਵਾਰ ਦੇ ਇਕੱਠੇ ਹੋਣ ਤੇ ਹੀ ਲਗ ਗਿਆ।

ਬੀਬੀ ਜੀ ਦੇ ਭਰਾ ਸ. ਰਛਪਾਲ ਸਿੰਘ ਭੰਮਰਾ ਨੇ ਦਸਿਆ ਕਿ ਅਜਿਹੀਆਂ ਯਕਦਮ ਮੌਤਾਂ ਤਾਂ ਉਨ੍ਹਾਂ ਦੇ ਪਰਿਵਾਰ ਦੀ ਪਰੰਪਰਾ ਰਹੀ ਹੈ—ਪਿਤਾ ਜੀ ਨੇ ਰਾਤ ਇਕ ਵਜੇ ਇਸ਼ਨਾਨ ਕੀਤਾ ਤੇ ਬਹਿਣ ਲਗੇ ਤਾਂ ਸਵਾਸ ਪੂਰੇ ਹੋ



Sri Satguru Jagjit Singh Ji eLibrary NamdhariElibrary@gmail.com

ਗਏ। ਚਾਚਾ ਹਰੀ ਸਿੰਘ ਕੀਰਤੀ ਨਗਰ ਵਾਲਿਆਂ ਨਿਤਨੇਮ ਕੀਤਾ, ਅਰਦਾਸ ਕੀਤੀ, ਨਾਨਕ ਨਾਮ ਚੜ੍ਹਦੀ ਕਲਾ ਆਖਦਿਆਂ ਚੜ੍ਹਾਈ ਕਰ ਗਏ। ਸੱਚਮੁੱਚ ਚੜ੍ਹਦੀ ਕਲਾ ਹੋ ਗਈ। ਤਾਏ ਦਾ ਪੁੱਤਰ ਕਬੀਰ, ਉਸ ਦਾ ਭਰਾ ਸੋਹਨ ਸਿੰਘ, ਚਾਚੇ ਦਾ ਪੁੱਤਰ ਕਰਤਾਰ ਸਿੰਘ ਸਭ ਨੇ ਚਲਦਿਆਂ-ਫਿਰਦਿਆਂ ਆਪਣੀ ਕਾਇਆਂ ਅ ਪ ਸਾਧਦਿਆਂ ਹੀ ਸਵਾਸ ਪੂਰੇ ਕਰ ਲਏ।

ਬੀਬੀ ਹਰਬੰਸ ਕੌਰ ਨੂੰ ਪੇਕੇ ਅਤੇ ਸਹੁਰੇ ਦੋਹਾਂ ਪਰਿਵਾਰਾਂ ਵਿਚ ਸੇਵਾ ਦਾ ਹੀ ਉਤਸ਼ਾਹ ਮਿਲਿਆ। ਉਹਨਾਂ ਨੂੰ ਜਦੋਂ ਮਿਲਣਾ ਤਾਂ ਸਦਾ ਸੇਵਾ ਦੀਆਂ ਹੀ ਗੱਲਾਂ, ਕਦੇ ਲੰਗਰ ਕਦੇ ਵਰਨੀਆਂ......ਅਤੇ ਦਿੱਲੀ ਵਿਚ ਜਦੋਂ ਵੀ ਸਤਿਗੁਰੂ ਜੀ ਦਾ ਕੋਈ ਸਮਾਗਮ ਹੁੰਦਾ ਜਾਂ ਕੋਈ ਭੋਗ ਪੈਂਦਾ ਹੈ ਤਾਂ ਬਹੁਤ ਸਾਰੀ ਸੰਗਤ ਆਉਂਦੀ ਹੈ। ਹਜ਼ਾਰਾਂ ਦੀ ਗਿਣਤੀ ਵਿਚ। ਇਹ ਸਮਾਗਮ ਹੁੰਦੇ ਹੀ ਰਹਿੰਦੇ ਹਨ ਅਤੇ ਲੰਗਰ ਵੀ ਚਲਦਾ ਹੈ। ਕਈ ਕਈ ਬੋਰੀਆਂ ਆਟਾ ਪੱਕ ਜਾਣਾ ਮਾਮੂਲੀ ਗੱਲ ਹੈ। ਪਰਸ਼ਾਦੇ ਪਕਾਉਣ ਦਾ ਕੰਮ ਦਿੱਲੀ ਦੀਆਂ ਬੀਬੀਆਂ ਦਾ ਜਥਾ ਕਰਦਾ ਹੈ। ਇਸ ਤੋਂ ਇਲਾਵਾ ਵਡਿਆਂ ਮੇਲਿਆਂ ਤੇ ਸ੍ਰੀ ਭੈਣੀ ਸਾਹਿਬ ਜਾ ਕੇ ਵੀ ਇਹ ਜਥਾ ਸੇਵਾ ਕਰਦਾ ਰਿਹਾ ਹੈ। ਇਹ ਬਹੁਤ ਮਿਹਨਤ ਦਾ ਕੰਮ ਹੈ। ਅਜ ਕਲ੍ਹ ਸ਼ਹਿਰਾਂ ਵਿਚ ਬੀਬੀਆਂ ਹੱਥੀਂ ਲੰਗਰ ਪਕਾਉਣ ਦਾ ਕੰਮ ਤਿਆਗ ਚੁਕੀਆਂ ਹਨ। ਸਮਾਗਮਾਂ ਵਿਚ ਵੀ ਅਕਸਰ ਹਲਵਾਈ ਹੀ ਇਹ ਕਾਰਜ ਕਰਨ ਲਗ ਪਏ ਹਨ। ਪਰ ਦਿੱਲੀ ਵਿਚ ਜਥੇਬੰਦਕ ਰੂਪ ਵਿਚ ਮਾਈਆਂ ਇਹ ਕਾਰਜ ਕਰਦੀਆਂ ਹਨ। ਬੀਬੀ ਹਰਬੰਸ ਕੌਰ ਤੇ ਉਹਨਾਂ ਦੀ ਵੱਡੀ ਭੈਣ ਬੀਬੀ ਇੰਦਰ ਕੌਰ ਇਸ ਕਾਰਜ ਵਿਚ ਸਦਾ ਹੀ ਮੁਖ ਭੂਮਿਕਾ ਨਿਭਾਉਂਦੀਆਂ ਰਹੀਆਂ ਹਨ।

ਦਿੱਲੀ ਭਾਰਤ ਦਾ ਕੇਂਦਰ ਹੈ। ਪੰਜਾਬ 'ਚੋਂ ਦੂਰ-ਦੁਰਾਡੇ ਥਾਵਾਂ ਤੇ ਜਾਣ ਵਾਸਤੇ ਇਥੋਂ ਹੋ ਕੇ ਜਾਣਾ ਪੈਂਦਾ ਹੈ। ਖਾਸ ਕਰਕੇ ਬੰਗਲੌਰ ਫਾਰਮ ਵਲ ਅਕਸਰ ਸੰਗਤਾਂ ਦੇ ਜਥੇ ਜਾਂਦੇ ਰਹਿੰਦੇ ਸਨ। ਬੀਬੀ ਹਰਬੰਸ ਕੌਰ ਹੋਰਾਂ ਦਾ ਵਡਾ ਸਪੁਤਰ ਸਵਰਗੀ ਸ. ਹਰਮੀਤ ਸਿੰਘ, ਸਤਿਗੁਰੂ ਜੀ ਵਲੋਂ ਰੇਲ ਟਿਕਟਾਂ ਦਾ ਇੰਚਾਰਜ ਸੀ ਅਤੇ ਸਵਾਰੀਆਂ ਨੂੰ ਗੱਡੀ ਚੜ੍ਹਾਉਣ ਦਾ ਜ਼ਿੰਮਾ ਉਹਦੇ ਕੋਲ ਸੀ। ਘਰ ਆਏ ਗਏ ਸਿੱਖ ਸਾਧਾਂ ਦਾ ਪਰਸ਼ਾਦਾ ਪੱਕਦਾ ਸੀ। ਪ੍ਰਸਿਧ ਰਾਗੀ ਜਥੇ, ਕੀਰਤਨ ਕਰਨ ਵਾਲੇ, ਪ੍ਰਚਾਰਕ ਜਥੇਦਾਰ ਦੇਸ਼ਾਂ-ਵਿਦੇਸ਼ਾਂ ਵਿਚ ਜਾਂਦੇ ਦਿੱਲੀ ਵਿਖੇ ਪੜਾਅ ਸਮੇਂ ਇਸੇ ਘਰ ਹੀ ਰਿਹਾਇਸ਼ ਰੱਖਦੇ ਅਤੇ ਬੀਬੀ ਹਰਬੰਸ ਕੌਰ ਦਾ ਸਾਰਾ ਪਰਿਵਾਰ ਲੰਗਰ ਤਿਆਰ ਕਰਕੇ ਛਕਾਉਣ ਵਿਚ ਬਹੁਤ ਖੁਸ਼ ਹੁੰਦਾ।

ਬੀਬੀ ਜੀ ਦਾ ਜਨਮ ਸੰਨ ੧੯੨੯ ਜਨਵਰੀ ਵਿਚ ਸਿਆਲਕੋਟ ਜ਼ਿਲੇ ਦੀ ਇਕ ਤਹਿਸੀਲ ਡਸਕਾ ਦੇ ਲਾਗੇ ਪਿੰਡ ਰਾਮਪੁਰ ਵਿਚ ਹੋਇਆ। ਪਿਤਾ ਸ. ਬੂੜ ਸਿੰਘ ਅਤੇ ਮਾਤਾ ਹਰ ਕੌਰ ਵੀ ਗੁਰੂ ਘਰ ਦੀ ਸ਼ਰਧਾਲੂ ਜੋੜੀ ਸੀ। ਮਾਤਾ ਹਰ ਕੌਰ ਹਰ ਵੇਲੇ ਸੇਵਾ ਵਿਚ ਲੀਨ ਰਹਿੰਦੀ। ਦੋ ਚੌਂਕੇ ਸਨ। ਇਕ ਸੋਧੀਆਂ ਲਈ ਦਿਕ ਖੁਲੇ ਸਿੰਘਾਂ ਲਈ। ਹਰ ਸਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੌਰੇ ਹੁੰਦੇ ਅਤੇ ਮਾਤਾ ਹਰ ਕੌਰ ਸੇਵਾ ਕਰ ਕਰਕੇ ਸੁਭਾਗ ਪ੍ਰਾਪਤ ਕਰਦੇ। ਵੱਡੀ ਭੈਣ ਸੰਤ ਕੌਰ ਵੀ ਬਹੁਤ ਸੇਵਾ ਕਰਦੀ।

ਸਭ ਤੋਂ ਵਡੀ ਭੈਣ ਬੀਬੀ ਇੰਦਰ ਕੌਰ ਹਨ ਜੋ ੨੬ ਸਾਲ ਬੀਬੀਆਂ ਦੀ ਪਰਧਾਨ ਰਹੇ ਹਨ। ਬੀਬੀ ਹਰਬੰਸ ਕੌਰ ਨੇ ਸਦਾ ਹੀ ਆਪਣੀ ਵੱਡੀ ਭੈਣ ਦੀ ਮਦਦ ਸੇਵਾ ਕਾਰਜਾਂ 'ਚ ਕੀਤੀ। ਕਹਿਣ ਤੋਂ ਭਾਵ ਹੈ ਕਿ ਇਹ ਸਦਾ ਹੀ ਸੇਵਾ ਭਾਵਨਾ ਨਾਲ ਲਬਾ ਲਬ ਰਹੇ।

ਸੰਤ ਖੰਡੂਵਾਲੀਆਂ ਦਾ ਇਸ ਪਰਿਵਾਰ ਨਾਲ ਮੋਹ ਪਛਮੀ ਪੰਜਾਬ ਵੇਲੇ ਤੋਂ ਹੀ ਰਿਹਾ ਹੈ। ਸੰਤ ਹਰਭਜਨ ਸਿੰਘ ਜੀ ਤਾਂ ਬੀਬੀ ਜੀ ਨੂੰ ਮਾਤਾ ਵਾਂਗ ਸਮਝਦੇ ਸਨ। ਸੰਤਾਂ ਦੀ ਪੱਗ ਵੀ ਬੀਬੀ ਜੀ ਨੇ ਸਿਧੀ ਕਰਵਾਈ ਸੀ।

ਬੀਬੀ ਜੀ ਦੇ ਵਡੇ ਸਪੁਤਰ ਸਵ: ਹਰਮੀਤ ਸਿੰਘ ਦਾ ਅਨੰਦ ਕਾਰਜ ਸੀ। ਸਤਿਗੁਰੂ ਜੀ ਵਲੋਂ ਹੁਕਮ ਤਾਂ ਸੀ ਕਿ ਵਿਆਹਾਂ ਸਮੇਂ ਕਾਰਡ ਆਦਿਕ ਨਹੀਂ ਵੰਡਣੇ ਪਾਰਟੀਆਂ ਨਹੀਂ ਕਰਨੀਆਂ, ਪਰ ਇਹਨਾਂ ਹੁਕਮਾਂ ਨੂੰ ਵਰਤੋਂ ਵਿਚ ਲਿਆਉਣ ਲਈ ਲੋਕ ਖੁਲ੍ਹ ਲੈ ਲੈਂਦੇ ਸਨ। ਸਤਿਗੁਰੂ ਜੀ ਵੀ ਜੁਰਮਾਨਾ ਕਰਨ ਲਗਿਆਂ ਬਖਸ਼ਿਸ਼ ਦਾ ਪੱਖ ਭਾਰੀ ਰਖਦੇ ਸਨ। ਅਕਸਰ ਤਾੜਨਾ ਨਾਲ ਛੱਡ ਦਿਤਾ ਜਾਂਦਾ ਸੀ। ਹਰਮੀਤ ਸਿੰਘ ਦੇ ਅਨੰਦ ਕਾਰਜ ਸੰਬੰਧੀ ਸੂਚਨਾ ਕਾਰਡ ਛਾਪ ਕੇ ਦਿਤੀ ਗਈ। ਢੋਡਾ ਪਰਿਵਾਰ ਸਤਿਗੁਰੂ ਜੀ ਦੇ ਬਹੁਤ ਕਰੀਬ ਸੀ ਇਸ ਵਾਸਤੇ ਇਸਦੀ ਸਜ਼ਾ ਵੀ ਮਿਸਾਲੀ ਸੀ। ਸਤਿਗੁਰੂ ਜੀ ਨੇ ਉਸ ਵੇਲੇ ਦਸ ਹਜ਼ਾਰ ਰੁਪਏ ਜੁਰਮਾਨਾ ਕੀਤਾ। ਸ਼ਾਇਦ ਉਸ ਜ਼ਮਾਨੇ ਵਿਚ ਇਹ ਸਭ ਤੋਂ ਵਡਾ



Sri Satguru Jagjit Singh Ji eLibrary NamdhariElibrary@gmail.com

ਡੰਨ ਸੀ ਕਿਉਂਕਿ ਉਦੋਂ ਦਸ ਹਜ਼ਾਰ ਦੀ ਕੀਮਤ ਬਹੁਤ ਸੀ। ਅਗੋਂ ਬੀਬੀ ਹਰਬੰਸ ਕੌਰ ਨੇ ਵੀ ਕੋਈ ਗਿਲੇ ਗੁਜ਼ਾਰੀ ਨਹੀਂ ਕੀਤੀ ਅਤੇ ਸਾਰਾ ਡੰਨ ਭਰ ਕੇ ਹੁਕਮ ਦੀ ਤਾਮੀਲ ਦੀ ਮਿਸਾਲ ਕਾਇਮ ਕੀਤੀ। ਬੀਬੀ ਜੀ ਦਾ ਸੁਭਾਅ ਹੱਸਮੁੱਖ ਸੀ ਪਰ ਦਬਕਾ ਵੀ ਕੋਈ ਟਾਲ ਨਹੀਂ ਸੀ ਸਕਦਾ। ਪਰਿਵਾਰ ਦਾ ਕਥਨ ਹੈ ਕਿ ਉਹਨਾਂ ਦੇ ਜਾਣ ਨਾਲ ਸਾਡੀ ਰਿਸ਼ਤੇਦਾਰੀ ਵਿਚ ਬੋਹੜ ਡਿੱਗ ਪਿਆ ਹੈ। ਢੋਡਾ ਪਰਿਵਾਰ ਦਾ ਮਾਣ ਨਾਮਧਾਰੀ ਪੰਥ ਵਿਚ ਬਹੁਤ ਹੈ। ਗੁਰਦੀਪ ਸਿੰਘ ਢੋਡਾ ਜੋ ਸ: ਅਮਰ ਸਿੰਘ ਹੋਰਾਂ ਦੇ ਭਤੀਜੇ ਹਨ, ਕਈ ਸਾਲ ਨਾਮਧਾਰੀ ਧਰਮਸਾਲਾ ਦਿੱਲੀ ਦੇ ਇੰਚਾਰਜ ਰਹੇ ਹਨ। ਉਹਨਾਂ ਦਾ ਕਥਨ ਹੈ ਕਿ ਢੋਡਾ ਪਰਿਵਾਰ ਦੀ ਇਜ਼ਤ ਮਾਣ ਦਾ ਸਾਰਾ ਸਿਹਰਾ ਭਾਬੋ (ਬੀਬੀ ਹਰਬੰਸ ਕੌਰ) ਦੇ ਸਿਰ ਹੈ।

ਬੀਬੀ ਜੀ ਦੇ ਛੋਟੇ ਬਹਿਨੋਈ ਜਥੇਦਾਰ ਇਕਬਾਲ ਸਿੰਘ ਅਕਾਲੀ ਸਿਆਸਤ ਵਿਚ ਬਹੁਤ ਮੋਹਰੀ ਰਹੇ ਹਨ। ਇਕ ਵਾਰ ੨੦-੨੫ ਚੋਟੀ ਦੇ ਅਕਾਲੀ ਲੀਡਰਾਂ ਦਾ ਜਥਾ ਉਹਨਾਂ ਕੋਲ ਆਇਆ। ਉਹਨਾਂ ਨੇ ਰਾਤ ਕੱਟਣ ਲਈ ਬੀਬੀ ਹਰਬੰਸ ਕੌਰ ਦੇ ਘਰ ਡੇਰਾ ਲਵਾ ਦਿਤਾ। ਜਥੇਦਾਰ ਇਕਬਾਲ ਸਿੰਘ ਦੱਸਦੇ ਹਨ ਕਿ ਰਾਤ ਨੂੰ ਲੰਗਰ ਨਾਲ ਸੇਵਾ ਕੀਤੀ। ਸਵੇਰੇ ਸਵੇਰੇ ਕੜਾਹ ਪ੍ਰਸ਼ਾਦ ਦੀ ਕੜਾਹੀ ਭਰਕੇ ਉਹਨਾਂ ਕੋਲ ਰੱਖ ਦਿਤੀ, ਨਾਲ ਚਾਹ—ਜਿੰਨਾ ਮਰਜ਼ੀ ਹੈ ਛਕੋ, ਆਪੇ ਪਾਓ ਤੇ ਆਪੇ ਖਾਓ। ਇਸ ਗੱਲ ਦੀ ਬਹੁਤ ਚਰਚਾ ਹੋਈ। ਸੰਤ ਲੌਂਗੋਵਾਲ ਨੇ ਸਟੇਜ ਤੇ ਖਲੋ ਕੇ ਇਸ ਚਰਿੱਤਰ ਦੀ ਪ੍ਰਸੰਸਾ ਕੀਤੀ। ਬੀਬੀ ਹਰਬੰਸ ਕੌਰ ਦਾ ਪਰਿਵਾਰ ਵੱਡਾ ਹੈ। ਇਕ ਸਪੁਤਰ ਨੈਰੋਬੀ ਹੈ। ਇਕ ਯੂ.ਕੇ. ਵਿਚ ਹੈ। ਦੋ ਇਥੇ ਹਨ। ਇਕ ਸਪੁਤਰੀ ਅਮਰੀਕਾ ਵਿਚ ਹੈ। ਉਹਨਾਂ ਦੇ ਜਾਣ ਨਾਲ ਪਰਿਵਾਰ ਨੂੰ ਅਤੇ ਨਾਮਧਾਰੀ ਜਗਤ ਨੂੰ ਵਡਾ ਘਾਟਾ ਪਿਆ ਹੈ, ਪਰ ਪਰਿਵਾਰ ਏਨਾ ਹੀ ਤਗੜਾ ਹੈ ਕਿ ਇਸ ਸਦਮੇ ਨੂੰ ਭਾਣੇ ਵਾਂਗ ਮੰਨ ਗਿਆ ਹੈ। ਖਾਸ ਤੌਰ ਤੇ ਸ: ਅਮਰ ਸਿੰਘ ਢੋਡਾ ਸਰੀਰ ਸਵਸਥ ਨਾ ਹੋਣ ਦੇ ਬਾਵਜੂਦ ਵੀ ਤਗੜੇ ਹੋ ਕੇ ਪਰਿਵਾਰ ਨੂੰ ਸਾਂਭ ਰਹੇ ਹਨ ਧੀਰਜ ਬੰਨ੍ਹਵਾ ਰਹੇ ਹਨ। ਇਹ ਹੀ ਗੁਰਸਿੱਖੀ ਦਾ ਚਰਿੱਤਰ ਹੈ।

—ਜਗਦੀਸ਼ ਸਿੰਘ

# ਸ. ਸੂਰਤ ਸਿੰਘ

ਸ. ਸੂਰਤ ਸਿੰਘ (ਬਾਪੂ ਜੀ) ਅਫਰੀਕਾ ਵਾਲੇ, ਅੰਮ੍ਰਿਤਸਰ ਵਾਲੇ ਸੰਪੂਰਨ ਥੀਏ ਹਨ। ਸਤਾਸੀ ਸਾਲ ਵਿਚ ਵੀ ਉਹ ਉਚੇ ਲੰਮੇ, ਸ਼ਰਧਾ ਭਰਪੂਰ ਨਰਮ ਨਰਮ ਮਿਠੀਆਂ ਗਲਾਂ ਕਰਦੇ ਜਵਾਨ ਲਗਦੇ। ਅੱਖਾਂ ਚੋਂ ਲੰਮੇ ਇਤਿਹਾਸ ਨੂੰ ਵੇਖਣ ਵਾਲੀ ਲਿਸ਼ਕੋਰ ਪੈਂਦੀ ਅਤੇ ਚਿਹਰੇ ਤੋਂ ਪ੍ਰਤੀਤ ਹੁੰਦਾ ਕਿ ਇਸ ਮਹਾਨ ਮਨੁਖ ਨੇ ਜ਼ਿੰਦਗੀ ਦੇ ਬਹੁਤ ਉਤਾਰ ਚੜਾਅ ਵੇਖੇ ਹਨ। ਜ਼ਿੰਦਗੀ ਦੇ ਅੰਤਲੇ ਸਾਲਾਂ ਵਿਚ ਬਹੁਤ ਗਹਿਰੇ ਸੰਕਟ ਵੀ ਆਏ, ਅੰਤਰ ਰਾਸ਼ਟਰੀ ਕਲਾਕਾਰ ਪੁਤਰ ਸ. ਅਵਤਾਰ ਸਿੰਘ ਦੀ ਭਰ ਜਵਾਨੀ ਵਿਚ ਮੌਤ ਵੀ ਵੇਖੀ। ਜੀਵਨ ਸਾਥਣ ਦਾ ਵਿਛੋੜਾ ਵੀ ਵੇਖਿਆ ਪਰ ਸ. ਸੂਰਤ ਸਿੰਘ ਆਪਣੇ ਅੰਦਰਲੇ ਤੂਫਾਨਾਂ ਨੂੰ ਅੰਦਰ ਹੀ ਦਬ ਛੱਡਿਆ। ਪਰਬਤ ਵਾਂਗ ਹਰ ਤੂਫਾਨ ਦੇ ਸਾਹਮਣੇ ਅਡੋਲ ਖਲੋਤੇ ਰਹੇ।

ਕੋਈ ਅਠਾਈ ਸਾਲ ਪਹਿਲਾਂ ਮੇਰੀ ਆੜੀ ਸਰਦਾਰ ਜੀ ਦੇ ਛੋਟੇ ਸਪੁਤਰ ਅਵਤਾਰ ਸਿੰਘ ਜੀ ਨਾਲ ਪਈ। ਅਲੂਈਂ ਦਾਹੜੀ ਵਾਲਾ ਅਵਤਾਰ ਸਿਘ ਨੈਰੋਬੀ ਤੋਂ ਆਇਆ। ਅਫਰੀਕਾ ਸਟਾਈਲ ਦੀ ਪੱਗ ਬੰਨਦਾ। ਅੰਮ੍ਰਿਤਸਰ ਨਾਮਧਾਰੀ ਧਰਮਸਾਲਾ ਦੇ ਸਮਾਗਮ ਤੇ ਉਹਦੇ ਮਿਠੇ ਤਬਲੇ ਦੇ ਬੋਲਾਂ ਨੇ ਮੇਰੇ ਮੂੰਹੋਂ ਦੋ ਬੋਲ ਪਰਸੰਸਾ ਦੇ ਕਢਵਾ ਦਿਤੇ। ਅਤੇ ਫੇਰ ਅਸੀਂ ਇਕ ਦੂਜੇ ਨੂੰ ਮਿਲਣ ਵਾਸਤੇ ਤਾਂਘਦੇ। ਜੰਮੂ-ਅੰਮ੍ਰਿਤਸਰ, ਜਲੰਧਰ ਅੰਮ੍ਰਿਤਸਰ ਕੁਨੈਕਸ਼ਨ ਐਸੇ ਬਣੇ ਕਿ ਕਿਤੇ ਨਾ ਕਿਤੇ ਅਸੀਂ ਇਕਠੇ ਹੀ ਹੁੰਦੇ। ਮੇਰੀ ਵਾਇਲਿਨ ਤਾਂ ਸਮੇਂ ਦੀ ਧੂੜ ਵਿਚ ਹੀ ਦੱਬ ਗਈ ਪਰ ਅਵਤਾਰ ਸਿੰਘ ਦਾ ਤਬਲਾ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਰੀ ਦੁਨੀਆ ਵਿਚ ਪਰਵਾਨ ਕਰਵਾ ਦਿਤਾ। ਅਵਤਾਰ ਸਿੰਘ ਆਪ ਵੀ ਸਤਿਗੁਰੂ ਜੀ ਦਾ ਚਹੇਤਾ ਸੇਵਕ ਕਲਾਕਾਰ ਮਿਤਰ ਸਖਾ ਬਣ ਗਿਆ। ਸ਼ਾਇਦ ਅਵਤਾਰ ਸਿੰਘ ਨੇ ਬਹੁਤਾ ਸਫਰ ਥੋਹੜੇ ਸਮੇਂ ਵਿਚ ਕਰ ਲਿਆ। ਰਾਕਟ ਪੁਲਾੜ ਦੀਆਂ ਬੁਲੰਦੀਆਂ ਨੂੰ ਤਾਂ ਛੋਹ ਲੈਂਦਾ ਹੈ ਪਰ ਆਪਣਾ ਆਪ ਸਾੜ ਲੈਂਦਾ ਹੈ। ਐਨ ਸਿਖਰ ਤੇ ਅਵਤਾਰ ਸਿੰਘ ਦੀ ਜੀਵਨ ਲੀਲ੍ਹਾ ਸਮਾਪਤ ਹੋ ਗਈ। ਸਤਿਗੁਰੂ ਜੀ ਨੇ ਮੇਰੀ ਵਿਸ਼ੇਸ਼ ਡਿਊਟੀ ਲਾਈ ਸ਼ਰਧਾਂਜਲੀ ਸਮਾਗਮ ਵਾਸਤੇ। ਤੇ ਜਦੋਂ ਮੈਂ ਰਾਤ ਨੂੰ ਅਮਰੀਕਾ ਵਿਚ ਟੇਲੀਫੋਨ ਕਰ ਕਰਕੇ



Sri Satguru Jagjit Singh Ji eLibrary NamdhariElibrary@gmail.com

ਉਸਤਾਦ ਵਲਾਇਤ ਖਾਂ ਸਾਹਿਬ ਨੂੰ ਲਭਦਾ ਤਾਂ ਦੇਖਣ ਵਾਲੇ ਹੈਰਾਨ ਹੁੰਦੇ ਕਿ ਇਹ ਕੌਣ ਵਿਅਕਤੀ ਹੈ ਜਿਸ ਵਾਸਤੇ ਏਡਾ ਤਰੱਦਦ ਹੋ ਰਿਹਾ ਹੈ। ਭਾਰਤੀ ਸੰਗੀਤ ਦੀਆਂ ਸਿਖਰ ਦੀਆਂ ਹਸਤੀਆਂ, ਉਸਤਾਦ ਅਮਜਦ ਅਲੀ ਖਾਂ, ਉਸਤਾਦ ਅੱਲਾ ਰੱਖਾ, ਪੰਡਿਤ ਸਾਮਤਾ ਪ੍ਰਸਾਦਿ, ਪੰਡਿਤ ਕਿਸ਼ਨ ਮਹਾਰਾਜ ਆਦਿ ਅਵਤਾਰ ਸਿੰਘ ਦੇ ਭੋਗ ਦੇ ਅਵਸਰ ਤੇ ਸ੍ਰੀ ਭੈਣੀ ਸਾਹਿਬ ਇਕੱਤਰ ਹੋਏ। ਵਰਿਆਮ ਦਾ ਇਕ ਵਿਸ਼ੇਸ਼ ਅੰਕ ਅਵਤਾਰ ਸਿੰਘ ਨਮਿਤ ਪ੍ਰਕਾਸ਼ਤ ਹੋਇਆ। ਬਾਪੂ ਸੂਰਤ ਸਿੰਘ ਨੇ ਵੇਖਿਆ ਕਿ ਉਹਨਾਂ ਦੇ ਪੁੱਤਰ ਦੀ ਉਹ ਸ਼ਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਾਇਮ ਕੀਤੀ ਜਿਸਨੂੰ ਵੱਡੇ ਵੱਡੇ ਲੋਕ ਤਰਸਦੇ ਹਨ।

ਭਾਣੇ ਨੂੰ ਸ਼ਬਦਾਂ ਦੁਆਰਾ ਮੰਨਣ ਅਤੇ ਅਮਲ ਰਾਹੀਂ ਮੰਨਣ ਵਿਚ ਬਹੁਤ ਫਰਕ ਹੁੰਦਾ ਹੈ। ਜਿਵੇਂ ਸ਼ਤੀਰ ਅਧ ਵਿਚਾਲਿਉਂ ਟੁੱਟ ਜਾਵੇ ਅਜੇਹਾ ਸਦਮਾ ਤੇ ਬੰਦਾ ਟੁੱਟੇ ਨਾ ਇਹ ਹੋ ਨਹੀਂ ਸਕਦਾ ਪਰ ਇਸ ਦੁਖ ਵਿਚ ਹੀ ਬੰਦੇ ਦੀ ਪਰਖ ਹੁੰਦੀ ਹੈ। ਬਾਪੂ ਸੂਰਤ ਸਿੰਘ ਇਸ ਵੇਲੇ ਸਾਰੇ ਪਰਿਵਾਰ ਵਾਸਤੇ ਪ੍ਰੇਰਨਾ ਦਾ ਸ੍ਰੋਤ ਬਣ ਗਏ ਮਜਬੂਤੀ ਦਾ ਕਿਲ੍ਹਾ। ਉਹਨਾਂ ਦਾ ਸਤਿਗੁਰੂ ਜਗਜੀਤ ਸਿੰਘ ਜੀ ਤੇ ਨਿਸ਼ਚਾ ਮਿਸਾਲੀ ਸੀ। ਇਕ ਵਾਰ ਵੀ ਉਹਨਾਂ ਦੇ ਮੂੰਹੋਂ ਹਨੋਰਾ ਨਹੀਂ ਸੁਣਿਆ। ਉਹਨਾਂ ਦੀ ਏਨੀ ਆਜਜ਼ੀ ਏਨੀ ਹਲੀਮੀ ਸੀ, ਸ਼ੀਰੀਂ ਜ਼ਬਾਨ ਸੀ ਕਿ ਸੁਨਣ ਵਾਲਾ ਸ਼ਾਂਤ ਹੋ ਜਾਂਦਾ ਸੀ। ਉਹ ਆਪ ਕੀਰਤਨਕਾਰ ਸਨ। ਸੰਗੀਤ ਦੀ ਦਾਤ ਉਹਨਾਂ ਦੇ ਸਾਰੇ ਪਰਿਵਾਰ ਵਿਚ ਸੀ। ਵੱਡਾ ਸਪੁਤਰ ਸੁਰਜੀਤ ਸਿੰਘ, ਪੁੱਤਰੀ ਬੀਬੀ ਨਰਿੰਦਰ, ਪੁੱਤਰ ਅਵਤਾਰ ਸਿੰਘ ਅੱਗੇ ਪੋਤਰੇ ਧਰਮਵੀਰ ਸਿੰਘ, ਅਸ਼ਵਿੰਦਰ ਸਿੰਘ ਦੋਹਤਰੇ ਅੰਮ੍ਰਿਤਪਾਲ ਸਿੰਘ, ਹਰਪਾਲ ਸਿੰਘ ਸਾਰੇ ਹੀ ਸੰਗੀਤ-ਕਾਰ। ਏਡੀ ਵੱਡੀ ਵਿਰਾਸਤ ਸਮਾਜ ਵਾਸਤੇ ਦੇਣੀ ਕੋਈ ਛੋਟੀ ਗੱਲ ਨਹੀਂ।

ਬਾਪੂ ਸੂਰਤ ਸਿੰਘ ਗੱਲਾਂ ਕਰਦੇ ਤਾਂ ਇਉਂ ਲਗਦਾ ਕਿ ਇਤਿਹਾਸ ਬੋਲ ਰਿਹਾ ਹੈ। ਉਹਨਾਂ ਦੇ ਕਥਨ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਏਨੀ ਪਰਪੱਕਤਾ ਹੁੰਦੀ ਕਿ ਹਰ ਇਕ ਨੂੰ ਉਹ ਆਪਣੇ ਇਸ਼ਟ ਦੇਵ ਦੀ ਮਹਾਨਤਾ ਬਾਰੇ ਕਾਇਲ ਕਰ ਦਿੰਦੇ।

ਜਿਹੜਾ ਵੀ ਉਹਨਾਂ ਦੇ ਸੰਪਰਕ ਵਿਚ ਆਇਆ ਉਸ ਨੂੰ ਹੀ ਉਹ ਗੁਰੂ ਦੇ ਰੰਗ ਵਿਚ ਰੰਗ ਦਿੰਦੇ। ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਸ. ਸੂਰਤ ਸਿੰਘ ਜੀ ਨੂੰ ਕਮਾਲ ਦਾ ਪਿਆਰ ਅਤੇ ਆਸਰਾ ਦਿਤਾ। ਲੁਧਿਆਣੇ ਦੇ ਲਾਗੇ ਜਮਾਲਪੁਰ ਵਿਚ ਹੀ ਉਹਨਾਂ ਨੂੰ ਲਿਆ ਵਸਾਇਆ ਅਤੇ ਹਰ ਮੌਕੇ ਤੇ ਸਦਾ ਸੰਪਰਕ ਬਣਾਈ ਰਖਿਆ। ਇਹੋ ਜਿਹੀ ਪ੍ਰੀਤ ਪਾਲਣੀ ਬਹੁਤ ਕਠਨ ਕਾਰਜ ਹੈ। ਪਰ ਇਹ ਪ੍ਰੀਤ ਤੋੜ ਤਕ ਨਿਭੀ ਹੈ।

ਮੇਰੇ ਉਤੇ ਉਹਨਾਂ ਦਾ ਇਕ ਮਿਠਾ ਜਿਹਾ ਗਿਲਾ ਸੀ ਕਿ ਤੁਸੀਂ ਕੋਲੋਂ ਲੰਘ ਜਾਂਦੇ ਹੋ। ਮਿਲ ਕੇ ਜਾਇਆ ਕਰੋ। ਪਰ ਜ਼ਮਾਨਾ ਬਦਲ ਗਿਆ ਸੀ ਹੁਣ ਦੌੜ ਭਜ ਵਿਚ ਬੱਸਾਂ 'ਚ ਬੈਠੇ ਬੰਦੇ ਕਿਥੇ ਦੇ ਕਿਥੇ ਨਿਕਲ ਜਾਂਦੇ ਹਨ। ਮੈਂ ਉਹਨਾਂ ਦਾ ਹਨੋਰਾ ਲਾਹੁਣ ਦਾ ਜਤਨ ਕੀਤਾ ਪਰ ਸਮਾਂ ਕੰਨੀ ਖਿਸਕਾ ਗਿਆ। ਉਹ ੭ ਅਗਸਤ ੧੯੯੫ ਨੂੰ ਆਪਣੀ ਜੀਵਨ ਲੀਲਾ ਸਮਾਪਤ ਕਰ ਗਏ ਐਸੀ ਰਜ਼ਾ ਸੀ।

੧੩ ਅਗਸਤ ਨੂੰ ਉਹਨਾਂ ਨਮਿਤ ਅਤੇ ਸਤਿਗੁਰੂ ਜੀ ਦੇ ਇਕ ਹੋਰ ਭਗਤ, ਕਮਾਲ ਦੇ ਸੇਵਕ ਸੰਤ ਦਰਸ਼ਨ ਸਿੰਘ ਨਮਿਤ ਭੋਗ ਪਾਏ ਗਏ।

ਸ੍ਰੀ ਭੈਣੀ ਸਾਹਿਬ ਹਰੀਮੰਦਰ ਵਿਚ ਸਜੇ ਦੀਵਾਨ ਵਿਚ ਪੰਡਿਤ ਗੋਪਾਲ ਸਿੰਘ ਜੀ ਨੇ ਇਹਨਾਂ ਦੋਹਾਂ ਮਹਾਂਪੁਰਖਾਂ ਦੇ ਜੀਵਨ ਤੇ ਗਲ ਕਰਦਿਆਂ ਉਹਨਾਂ ਦੀ ਸੇਵਾ ਭਾਵਨਾ, ਮਿਠ ਬੋਲੜੇ ਸੁਭਾ ਅਤੇ ਹੋਰ ਗੁਣਾਂ ਦਾ ਜ਼ਿਕਰ ਕਰਦਿਆਂ ਸ੍ਰੋਤਿਆਂ ਦੇ ਮਨ ਪਿਘਲਾ ਦਿਤੇ।

ਉਹਨਾਂ ਨੂੰ ਯਾਦ ਕਰਦਿਆਂ ਨਾਮ ਸਿਮਰਨ ਹੋਇਆ ਅਤੇ ਰਾਗੀਆਂ ਦਾ ਕੀਰਤਨ ਵੀ ਹੋਇਆ। ਸਤਿਗੁਰੂ ਜੀ ਨੇ ਆਪ ਕਿਰਪਾ ਕਰਕੇ ਇਸ ਅਵਸਰ ਤੇ ਇਹਨਾਂ ਦੇ ਗੁਣਾਂ ਨੂੰ ਬਖਾਨ ਕੀਤਾ।

ਅਮਰੀਕਾ ਯੂ. ਕੇ. ਅਤੇ ਦੇਸ ਦੇ ਵਖ ਵਖ ਹਿਸਿਆਂ ਚੋਂ ਰਿਸ਼ਤੇਦਾਰਾਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਸੰਗਤ ਆਈ ਹੋਈ ਸੀ।

ਸ਼ਾਮ ਨੂੰ ਜਮਾਲਪੁਰ ਵਿਚ ਸੰਤ ਸੂਰਤ ਸਿੰਘ ਜੀ ਦੇ ਨਿਵਾਸ ਅਸਥਾਨ ਵਿਚ ਸਤਿਗੁਰੂ ਜੀ ਨੇ ਸੰਗੀਤ ਦੀ ਸਭਾ ਲਾਈ ਹੋਈ ਸੀ। ਲੰਮੀ ਦੇਰ ਤਕ ਸੰਗੀਤ ਦੀਆਂ ਧੁੰਨਾਂ ਫਜ਼ਾ ਵਿਚ ਘੁਲਦੀਆਂ ਰਹੀਆਂ। ਜਾਪਦਾ ਸੀ ਸ. ਸੂਰਤ ਸਿੰਘ ਜੀ ਦੀ ਆਤਮਾ ਇਹਨਾਂ ਸੰਗੀਤ ਲਹਿਰੀਆਂ ਨਾਲ ਇਕ ਮਿਕ ਹੋਈ ਪਈ ਹੈ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਸੁੰਦਰ ਨਗਰ ਵਿਚ ਸੰਗੀਤ ਸਮਾਰੋਹ

ਸ਼ੈਲਾ ਸੰਗੀਤ ਕਲਾ ਕੇਂਦਰ ਸੁੰਦਰ ਨਗਰ ਹਿਮਾਚਲ ਪ੍ਰਦੇਸ਼ ਵਲੋਂ ਆਪਣੇ ਸਿਲਵਰ ਜੁਬਲੀ ਸਮਾਰੋਹ ਅਤੇ ਪੰਡਿਤ ਵਿਸ਼ਨੂੰ ਦਿਗੰਬਰ ਜਯੰਤੀ ੧੯੯੫ ਦੇ ਸੰਬੰਧ ਵਿਚ ਦੋ ਦਿਨ ਸੰਗੀਤ ਸੰਮੇਲਨ ਕਮਿਊਨਿਟੀ ਹਾਲ ਸੁੰਦਰ ਨਗਰ ਵਿਚ ੧੯-੨੦ ਅਗਸਤ ੧੯੯੫ ਨੂੰ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਦੇ ਮੁਖ ਮਹਿਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਨ। ਆਪ ਜੀ ਦੇ ਇਥੇ ਪਧਾਰਨ ਨਾਲ ਅਤੇ ਪਰਬੰਧਕਾਂ ਨੂੰ ਭਾਰੀ ਸਹਿਯੋਗ ਦੇਣ ਕਾਰਨ ਸੁੰਦਰ ਨਗਰ ਦੇ ਇਤਿਹਾਸ ਵਿਚ ਇਹ ਦੋ ਦਿਨ ਬਹੁਤ ਯਾਦਗਾਰੀ ਸਿੱਧ ਹੋਏ।

ਸਨਿਚਰਵਾਰ ੧੯ ਅਗਸਤ ਸ਼ਾਮ ਸਤ ਵਜੇ ਸਤਿਗੁਰੂ ਜੀ ਦੀ ਆਮਦ ਤੇ ਵਿਧੀਵਤ ਢੰਗ ਨਾਲ ਭਾਰੀ ਸੁਆਗਤ ਕੀਤਾ ਗਿਆ। ਹੋ ਰਹੀ ਬਾਰਸ਼ ਨੇ ਦ੍ਰਿਸ਼ ਹੋਰ ਵੀ ਸੁਹਾਵਣਾ ਤਾਂ ਕਰ ਦਿਤਾ ਪਰ ਇਹ ਬਾਰਸ਼ ਲੋਕਾਂ ਨੂੰ ਹੁਮ ਹੁਮਾ ਕੇ ਪੁਜਣ ਤੋਂ ਨਾ ਰੋਕ ਸਕੀ।

ਖੱਚਾ ਖੱਚ ਭਰੇ ਹਾਲ ਵਿਚ ਸ਼ੈਲਾ ਸੰਗੀਤ ਕਲਾ ਕੇਂਦਰ ਦੇ ਪ੍ਰਧਾਨ ਡਾ. ਗੰਗਾ ਰਾਮ ਸ਼ਰਮਾ ਦੁਆਰਾ ਸਤਿਗੁਰੂ ਜੀ ਦਾ ਸੁਆਗਤ ਸ਼ਬਦਾਂ ਦੁਆਰਾ ਅਤੇ ਕਈ ਪ੍ਰਕਾਰ ਦੀ ਭੇਟਾ ਧਰਕੇ ਕੀਤਾ ਗਿਆ। ਸਤਿਗੁਰੂ ਜੀ ਨੇ ਦੀਪ ਜਗਾ ਕੇ ਰਸਮੀ ਤੌਰ ਤੇ ਸਮਾਰੋਹ ਦਾ ਆਰੰਭ ਕਰ ਦਿਤਾ। ਇਸ ਦੇ ਬਾਦ ਆਪ ਜੀ ਨੇ ਇਸ ਅਵਸਰ ਤੇ ਤਿਆਰ ਕੀਤੀ ਗਈ ਸਮਾਰਿਕਾ (ਸੋਵੀਨਰ) ਪੁਸਤਕ ਪ੍ਰਕਾਸ਼ ਵਿਚ ਲਿਆਂਦੀ ਅਤੇ ਕੁਝ ਸ਼ਬਦ ਆਸ਼ੀਰਵਾਦ ਵਜੋਂ ਕਹੇ।

ਸੰਗੀਤ ਦੀ ਪਹਿਲੀ ਕ੍ਰਿਤੀ ਸੀ ਸ਼ੈਲਾ ਸੰਗੀਤ ਕਲਾ ਕੇਂਦਰ ਦੇ ਸ੍ਰੀ ਪਿਆਰੇ ਲਾਲ ਦੁਆਰਾ ਭਜਨ ਗਾਇਨ। 'ਰਘੁਪਤਿ ਰਾਘਵ ਰਾਜਾ ਰਾਮ' ਅਤੇ 'ਨਾਮ ਲੀਆ ਜਿਸਨੇ ਹਰਿ ਕਾ' ਦੋ ਭਜਨ ਗਾ ਕੇ ਉਹਨਾਂ ਸ਼ੁਰੂਆਤ ਕਰ ਦਿਤੀ। ਸ੍ਰੀ ਜੀ. ਐਸ. ਗੁਲੇਰੀਆ ਨੇ ਬੰਸਰੀ ਵਾਦਨ ਕੀਤਾ ਇਹਨਾਂ ਨਾਲ ਤਬਲਾ ਕੇਂਦਰ ਦੇ ਹੀ ਸੀ ਕਮਲ ਦੇਵ ਨੇ ਵਜਾਇਆ। ਸ਼ੈਲਾ ਸੰਗੀਤ ਕਲਾ ਕੇਂਦਰ ਦੇ ਦੋ ਕਲਾਕਾਰਾਂ ਸ੍ਰੀ ਰਜਨੀਸ਼ ਗੌਤਮ ਅਤੇ ਹੇਮਰਾਜ ਨੇ ਮਿਲਕੇ ਰਾਗ ਮੁਲਤਾਨੀ ਗਾਇਆ। ਤਿੰਨ ਤਾਲ ਵਿਚ ਤਬਲਾ ਸੰਗਤ ਕਮਲ ਦੇਵ ਨੇ ਕੀਤੀ। ਕਲਾ ਕੇਂਦਰ ਦੇ ਸੰਸਥਾਪਕ ਅਤੇ ਸੰਚਾਲਕ ਡਾ. ਗੰਗਾ ਰਾਮ ਸ਼ਰਮਾ ਨੇ ਬਹਾਰ ਰਾਗ ਵਿਚ ਗਾਇਨ ਪੇਸ਼ ਕੀਤਾ ਇਹਨਾਂ ਨਾਲ ਤਬਲਾ ਪੰਡਿਤ ਸੀਤਾ ਰਾਮ ਨੇ ਵਜਾਇਆ। ਵਿਲੰਭਿਤ ਲੈਅ ਇਕ ਤਾਲ ਵਿਚ ਦਰੁਤ ਲੈਅ ਤਿੰਨ ਤਾਲ ਵਿਚ ਸੀ। ਸ੍ਰੀ ਸੁਰਦੇਵ ਮਧੁਰ ਨੇ ਰਾਗ ਬਿਹਾਗ ਵਿਚ ਮਧੁਰ ਵਾਇਲਨ ਵਾਦਨ ਕੀਤਾ।

ਅੱਜ ਦੀ ਪ੍ਰਮੁਖ ਅਤੇ ਅੰਤਮ ਕਲਾ ਕ੍ਰਿਤੀ ਸੀ ਸ੍ਰੀ ਰਾਜੇਂਦਰ ਗੰਗਾਨੀ ਦਾ ਕੱਥਕ ਨ੍ਰਿਤ।' ਰਾਜਿੰਦਰ ਗੰਗਾਨੀ ਅੱਜ ਕਲ ਕੱਥਕ ਦੇ ਦੇਸ਼ ਪ੍ਰਸਿਧ ਨਿਰਤਕ ਹਨ। ਜੈਪੁਰ ਕੱਥਕ ਸਕੂਲ ਦੇ ਵਖਿਆਤ ਗੁਰੂ ਸਵਰਗੀ ਪੰਡਿਤ ਕੁੰਦਨ ਲਾਲ ਗੰਗਾਨੀ ਦੇ ਪੁਤਰ ਤੇ ਸ਼ਿਸ਼ ਹਨ। ਆਪ ਨੇ ਪਰੰਪਰਾਗਤ ਸ਼ੈਲੀ ਦੀ ਪਵਿਤਰਤਾ ਨੂੰ ਕਾਇਮ ਰਖਿਆ ਹੈ। ਨੌਜਵਾਨ ਨਿਰਤਕ ਰਾਜੇਂਦਰ ਗੰਗਾਨੀ ਦਾ ਬਹੁਤ ਅਨੋਖਾ ਅੰਦਾਜ਼ ਸੀ। ਉਸ ਦੇ ਨ੍ਰਿਤ ਨੇ ਧੁਰ ਅੰਤਰ ਆਤਮਾ ਨੂੰ ਹਿਲਾ ਦਿਤਾ। ਤਬਲੇ ਉਤੇ ਹੀ ਕਲਾਕਾਰ ਦਾ ਭਰਾ ਫਤਹਿ ਸਿੰਘ ਗੰਗਾਨੀ ਸੀ ਜਿਸ ਦੀ ਸੰਗਤ ਸੋਨੇ ਤੇ ਸੁਹਾਗੇ ਦਾ ਕੰਮ ਦੇ ਰਹੀ ਸੀ। ਹਾਰਮੋਨੀਅਮ ਉਤੇ ਵੀ ਇਹਨਾਂ ਦਾ ਹੀ ਭਰਾ ਹਰੀਸ਼ ਗੰਗਾਨੀ ਸੀ ਅਤੇ ਸਾਰੰਗੀ ਸੰਗਤ ਸੁਰਜੀਤ ਸਿੰਘ ਕਰ ਰਿਹਾ ਸੀ। ਰਾਜੇਂਦਰ ਗੰਗਾਨੀ ਭਰਪੂਰ ਨੱਚਿਆ। ਮਨਾਂ ਤੇ ਬੰਦਗੀ ਅਤੇ ਸਾਤਵਿਕਤਾ ਦਾ ਪ੍ਰਭਾਵ ਸਿਰਜਦਾ ਉਸ ਦਾ ਨਿਰਤ ਸੰਗੀਤ ਦੀਆਂ ਕਈ ਘੁੰਢੀਆਂ ਖੋਲ੍ਹ ਰਿਹਾ ਸੀ। ਸਤਿਗੁਰੂ ਜੀ ਜੈਸੇ ਮਹਾਨ ਲੈਅ ਕਾਰ ਸਾਹਮਣੇ ਰਾਜੇਂਦਰ ਹੋਰ ਵੀ ਸੁਚੇਤ ਹੋ ਕੇ ਨਚਿਆ ਅਤੇ ਲੈਅ ਕਾਰੀ ਵਿਚ ਤਿਹਾਈਆਂ ਦੇ ਸੁੰਦਰ ਨਮੂਨੇ ਪੇਸ਼ ਕੀਤੇ।

ਅਸੀਂ ਰਾਤ ਨੂੰ ਪ੍ਰੋਗਰਾਮ ਬਾਦ ਜਦ ਮੰਡੀ ਪੁਜੇ ਤਾਂ ਉਸੇ ਰਾਤ ੧੨ ਵਜੇ ਨਾਮ ਸਿਮਰਨ ਤੇ ਸਤਿਗੁਰੂ ਜੀ ਸੰਗਤਾਂ ਸਹਿਤ ਬੈਠ ਗਏ ਜੋ ਸਵੇਰੇ ੬ ਵਜੇ ਤਕ ਚਲਿਆ।

੨੦ ਅਗਸਤ ਐਤਵਾਰ ਦੀ ਸ਼ਾਮ ਵੀ ਮੀਂਹ ਅਤੇ ਰਾਗ ਦਾ ਮੁਕਾਬਲਾ ਹੋਇਆ। ਅੱਜ ਦੀ ਪ੍ਰਮੁਖ ਆਈਟਮ ਸੀ ਮਸ਼ਹੂਰ ਗਾਇਕ ਜੋੜੀ ਸੀ ਰਾਜਨ-ਸਾਜਨ ਮਿਸ਼ਰਾ ਦਾ ਯੁਗਲ ਗਾਇਨ। ਉਹਨਾਂ ਤੋਂ ਪਹਿਲਾਂ ਸ੍ਰੀ ਕਿਸ਼ੋਰ ਕੁਮਾਰ (ਭਜਨ ਗਾਇਨ), ਸ੍ਰੀ ਜੈ ਪ੍ਰਕਾਸ਼ (ਗਾਇਨ ਆਭੋਗੀ ਕਾਨੜਾ), ਅਨਿਲ ਨਰੂਲਾ ਪਟਿਆਲਾ (ਵਾਇਲਨ ਵਾਦਨ), ਦਾ ਪ੍ਰੋਗਰਾਮ ਹੋਇਆ। ਅਤੇ ਠੀਕ ੧੦ ਵਜੇ ਰਾਤ ਰਾਜਨ-ਸਾਜਨ ਜੀ ਦਾ ਪ੍ਰੋਗਰਾਮ ਆਰੰਭ ਹੋਇਆ। ਇਹਨਾਂ ਨਾਲ ਹਾਰਮੋਨੀਅਮ ਤੇ ਸੰਗਤ ਵਾਸਤੇ ਉਸਤਾਦ ਹਰਭਜਨ ਸਿੰਘ



Sri Satguru Jagjit Singh Ji eLibrary NamdhariElibrary@gmail.com

ਬੈਠੇ, ਤਬਲੇ ਤੇ ਹਰਪ੍ਰੀਤ ਸਿੰਘ ਨਾਮਧਾਰੀ, ਤਾਨਪੂਰੇ ਤੇ ਸੁਖਦੇਵ ਸਿੰਘ। ਰਾਜਨ-ਸਾਜਨ ਹੋਰਾਂ ਅਜ ਰੰਗ ਵਿਚ ਭਿੱਜਕੇ ਗਾਇਆ। ਸ਼ੁਰੂਆਤ ਮੌਸਮ ਦੇ ਰਾਗ ਮੀਆਂ ਮਲਹਾਰ ਨਾਲ ਹੋਈ—'ਆਲੀ ਉਮਡ ਉਮਡ ਘਨ ਬਰਸੇ ਰੀ' ਨੇ ਬੱਦਲਾਂ ਅਤੇ ਬਾਰਸ਼ ਨੂੰ ਰੂਪਮਾਨ ਕਰ ਦਿਤਾ। ਫੇਰ ਰਾਗ ਦੁਰਗਾ ਵਿਚ ਜੈ ਜੈ ਦੁਰਗੇ ਮਾਤਾ ਬਾਦ ਸਤਿਗੁਰੂ ਜੀ ਵਲੋਂ ਤਿਆਰ ਮਾਲਕੌਂਸ ਦੀ ਬੰਦਿਸ਼ ਵਿਚ ਗੁਰੂ ਅਰਜਨ ਦੇਵ ਜੀ ਦਾ ਸਲੋਕ ਗਾਇਆ—

"ਨਾਨਕ ਬਿਜੁਲੀਆ ਚਮਕੰਨਿ
ਘੁਰਨਿ ਘਟਾ ਅਤਿ ਕਾਲੀਆ॥
ਬਰਸਨ ਮੇਘ ਅਪਾਰ ਨਾਨਕ
ਸੰਗਮਿ ਪਿਰੀ ਸੁਹੰਦੀਆ॥

ਸਤਿਗੁਰੂ ਜੀ ਦੀ ਆਗਿਆ ਅਨੁਸਾਰ ਮਿਸ਼ਰਾ ਭਰਾਵਾਂ ਨੇ ਅੰਤ ਵਿਚ ਪ੍ਰਸਿਧ ਭਜਨ—'ਹੇ ਮਾਧੋ ਕਹੀ ਨਾ ਜਾਤ ਦੁਖ ਬੂਜ ਕੇ'—ਰਾਗ ਦੇਸ ਦੀਆਂ ਸੁਰਾਂ ਵਿਚ ਗਾ ਕੇ ਆਪਣੇ ਪ੍ਰੋਗਰਾਮ ਦੀ ਸਿਖਰ ਲੈ ਆਂਦੀ। ਅੱਧੀ ਰਾਤ ਹੋ ਚੁਕੀ ਸੀ, ਜਦੋਂ ਪ੍ਰੋਗਰਾਮ ਸਮਾਪਤ ਹੋਇਆ।

ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਠਾਕੁਰ ਸ਼ੇਰ ਸਿੰਘ ਐਮ. ਐਲ. ਏ. ਵਲੋਂ ਸਤਿਗੁਰੂ ਜੀ ਦਾ ਅਭਿਨੰਦਰ ਬਰੁਤ ਮਾਰਮਿਕ ਸ਼ਬਦਾਂ ਵਿਚ ਕੀਤਾ ਗਿਆ।

ਮੰਚ ਸੰਚਾਲਨ ਆਚਾਰੀਆ ਹੇਮ ਪ੍ਰਭ ਨੇ ਬਹੁਤ ਸੁੰਦਰ ਸ਼ਬਦਾਂ ਵਿਚ ਕੀਤਾ ਅਤੇ ਸਭਾ ਦੇ ਅੰਤ ਉਤੇ ਕਲਾਮਈ ਸ਼ਬਦਾਂ ਦੁਆਰਾ ਸਤਿਗੁਰੂ ਜੀ ਦੇ ਵਡਮੁਲੇ ਸਹਿਯੋਗ ਲਈ ਧੰਨਵਾਦ ਕੀਤਾ।

ਡਾ: ਗੰਗਾ ਰਾਮ ਸ਼ਰਮਾ ਪ੍ਰਧਾਨ ਸ਼ੈਲਾ ਸੰਗੀਤ ਕਲਾ ਕੇਂਦਰ ਨੇ ਆਪਣੇ ਭਾਸ਼ਨ ਵਿਚ ਸਤਿਗੁਰੂ ਜੀ ਦਾ ਸੁਆਗਤ ਕੀਤਾ ਅਤੇ ਸੋਵੀਅਤ ਵਿਚ ਵੀ ਲਿਖਿਆ।

ਮੈਂ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਅਤਿਅੰਤ ਆਭਾਰੀ ਹਾਂ ਜਿਨ੍ਹਾਂ ਨੇ ਇਸ ਸੰਗੀਤ ਸਮਾਰੋਹ ਦੇ ਉਦਘਾਟਨ ਵਾਸਤੇ ਆਪਨੀ ਸ੍ਵੀਕ੍ਰਿਤੀ ਦੇ ਕੇ ਕਾਰਜ ਕਰਮ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਦਿਤੇ ਹਨ। ਇਤਨਾ ਹੀ ਨਹੀਂ ਰਾਜਨ ਸਾਜਨ ਮਿਸ਼ਰਾ ਅਤੇ ਰਾਜੇਂਦਰ ਗੰਗਾਨੀ ਜਿਹੇ ਰਾਸ਼ਟਰ ਪੱਧਰ ਦੇ ਕਲਾਕਾਰ ਵੀ ਸਾਡੇ ਸਨਮੁਖ ਹਨ।

ਸੁੰਦਰ ਨਗਰ ਦੀ ਨਾਮਧਾਰੀ ਸੰਗਤ ਨੇ ਪ੍ਰੋਗਰਾਮ ਵਿਚ ਭਰਪੂਰ ਸਹਿਯੋਗ ਦਿਤਾ ਅਤੇ ਲੰਗਰ ਵੀ ਛਕਾਇਆ।

—ਸਿਮਰਜੀਤ

## ਨਾਮਧਾਰੀ ਵਿਦਿਅਕ ਜੱਥਾ ਮੰਡੀ ਦੇ ਕਾਰਜ ਕਰਤਾ

ਮੰਡੀ ਹਿਮਾਚਲ ਵਿਚ ੨੦ ਅਗਸਤ ੧੯੯੫ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਰਵਾਨ ਹੋਏ ਨਾਮਧਾਰੀ ਵਿਦਿਅਕ ਜੱਥਾ ਮੰਡੀ ਦੇ ਅਤੇ ਸੰਗਤ ਦੀ ਪੰਚਾਇਤ ਕਮੇਟੀ ਦੇ ਕਾਰਜ ਕਰਤਾ ਇਸ ਪ੍ਰਕਾਰ ਹਨ।

**ਨਾਮਧਾਰੀ ਵਿਦਿਅਕ ਜੱਥਾ**

ਸਲਾਹਕਾਰ—ਸਤਿੰਦਰ ਪਾਲ ਸਿੰਘ
ਜਸਵਿੰਦਰ ਸਿੰਘ
ਮਨਜੀਤ ਸਿੰਘ

**੩੦ ਤੋਂ ੪੦ ਸਾਲ ਉਮਰ ਵਾਲਾ ਵਿਭਾਗ**

ਪ੍ਰਧਾਨ : ਡਾ. ਪਰਮਜੀਤ ਸਿੰਘ ਮਲਹੋਤਰਾ
ਮੀਤ ਪ੍ਰਧਾਨ : ਸ. ਹਰਵਿੰਦਰ ਸਿੰਘ ਟਾਈਗਰ
ਜਨਰਲ ਸਕੱਤਰ : ਸ. ਹਰਮੀਤ ਸਿੰਘ ਬਿੱਟੂ
ਸਕੱਤਰ : ਸ. ਹੀਰਾ ਸਿੰਘ
ਖਜ਼ਾਨਚੀ : ਸਰਵ ਸੁਖਪਾਲ ਸਿੰਘ

**੩੦ ਤੋਂ ਥੱਲੇ ਦੀ ਉਮਰ ਦਾ ਵਿਭਾਗ**

ਪ੍ਰਧਾਨ : ਹਰਮਨਦੀਪ ਸਿੰਘ
ਮੀਤ ਪ੍ਰਧਾਨ : ਯੁਵਰਾਜ ਸਿੰਘ
ਮੀਤ ਪ੍ਰਧਾਨ : ਗੁਰਦਿਤ ਸਿੰਘ
ਜਨਰਲ ਸਕੱਤਰ : ਗੁਰਮੁਖ ਸਿੰਘ
ਖਜ਼ਾਨਚੀ : ਗੁਰਮੀਤ ਸਿੰਘ

**ਮੈਂਬਰ ਪੰਚਾਇਤ ਕਮੇਟੀ ਨਾਮਧਾਰੀ ਸੰਗਤ, ਮੰਡੀ**

ਸ. ਸੰਤੋਖ ਸਿੰਘ
ਸ. ਮਨਜੀਤ ਸਿੰਘ
ਸ. ਕਰਤਾਰ ਸਿੰਘ
ਸ. ਜਸਵਿੰਦਰ ਸਿੰਘ
ਸ. ਹਰਮੀਤ ਸਿੰਘ ਬਿਟੂ

## ਪੰਜਾਬੀ ਅਕਾਦਮੀ ਵਲੋਂ ਕਾਵਿ-ਗੋਸ਼ਟੀ

ਬੀਤੇ ਦਿਨੀਂ ਪੰਜਾਬੀ ਭਾਸ਼ਾ ਦੇ ਵਿਕਾਸ, ਪ੍ਰਚਾਰ ਤੇ ਪ੍ਰਸਾਰ ਲਈ ਸਥਾਨਕ ਪੰਜਾਬੀ ਅਕਾਦਮੀ ਵਲੋਂ ਫੈਡਰੇਸ਼ਨ ਆਫ਼ ਇੰਡੀਅਨ ਪਬਲਿਸ਼ਰਜ਼ ਨੂੰ ਸਹਿਯੋਗ ਨਾਲ ਦਿੱਲੀ ਪੁਸਤਕ ਮੇਲੇ ਦੌਰਾਨ ਪ੍ਰਗਤੀ ਮੈਦਾਨ ਦੇ ਆਡੀਟੋਰੀਅਮ



Sri Satguru Jagjit Singh Ji eLibrary NamdhariElibrary@gmail.com

ਵਿਚ ਇਕਬਾਲ ਰਾਮੂਵਾਲੀਆ ਦੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ "ਕਵਿਤਾ ਮੈਨੂੰ ਲਿਖਦੀ ਹੈ" ਉਪਰ ਕਾਵਿ-ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਗੋਸ਼ਟੀ ਵਿਚ ਮੁਖ ਮਹਿਮਾਨ ਫੈਡਰੇਸ਼ਨ ਦੇ ਪ੍ਰਧਾਨ ਰਮੇਸ਼ ਗੋਇਲ ਸ਼ਨ, ਜਿਨ੍ਹਾਂ ਨੇ ਪੁਸਤਕ ਨੂੰ ਰੀਲੀਜ਼ ਵੀ ਕੀਤਾ। ਇਸ ਸਮਾਗਮ ਦੀ ਪ੍ਰਧਾਨਗੀ ਨ੍ਰਿਪਿੰਦਰ ਰਤਨ ਨੇ ਕੀਤੀ।

ਸ੍ਰੀ ਗੋਇਲ ਨੇ ਇਸ ਪੁਸਤਕ ਨੂੰ ਹੋਰਨਾਂ ਭਾਸ਼ਾਵਾਂ ਵਿਚ ਵੀ ਅਨੁਵਾਦ ਕਰਵਾਕੇ ਪ੍ਰਕਾਸ਼ਤ ਕਰਵਾਏ ਜਾਣ ਦੀ ਲੋੜ ਤੇ ਜ਼ੋਰ ਦਿਤਾ। ਅਮਰਜੀਤ ਗਰੇਵਾਲ ਨੇ ਇਸ ਪੁਸਤਕ ਉਪਰ ਆਪਣੇ ਪੇਪਰ ਵਿਚ ਕਾਵਿ-ਸ਼ਾਸਤਰੀ ਨੁਕਤਿਆਂ ਨੂੰ ਵਿਚਾਰਿਆ। ਡਾ: ਕਰਨਜੀਤ ਸਿੰਘ ਨੇ ਆਪਣੇ ਪਰਚੇ ਵਿਚ ਇਹ ਕਿਹਾ ਕਿ ਇਹ ਕਾਵਿ ਉਥੋਂ ਦੇ ਸਮਾਜ ਦੇ ਯਥਾਰਥ ਨੂੰ ਅਨੁਭਵ ਕਰਦਾ ਹੈ।

ਅਗਲੇ ਸੈਸ਼ਨ ਵਿਚ ਆਯੋਜਿਤ ਕਾਵਿ-ਗੋਸ਼ਟੀ ਵਿਚ ਪੰਜਾਬੀ ਦੇ ਪ੍ਰਤੀਨਿਧ ਸ਼ਾਇਰਾਂ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ।

ਇਸ ਕਾਵਿ-ਗੋਸ਼ਟੀ ਦੌਰਾਨ ਪੰਜਾਬੀ ਦੇ ਪ੍ਰਤੀਨਿਧ ਸ਼ਾਇਰਾਂ ਇਕਬਾਲ ਰਾਮੂਵਾਲੀਆ, ਬਲਵੰਤ ਇਕਬਾਲ, ਸ. ਸ. ਨੂਰ, ਵਨੀਤ, ਮੋਹਨਜੀਤ, ਸਵਰਾਜਬੀਰ ਅਤੇ ਨੌਜਵਾਨ ਸ਼ਾਇਰ ਬਰਜਿੰਦਰ ਚੌਹਾਨ ਨੇ ਆਪਣੀਆਂ ਕਵਿਤਾਵਾਂ ਰਾਹੀਂ ਸਰੋਤਿਆਂ ਨੂੰ ਮੋਹਿਆ।

ਗੋਸ਼ਟੀ ਦੇ ਅੰਤ ਵਿਚ ਪੰਜਾਬੀ ਅਕਾਦਮੀ ਦੇ ਸਕੱਤਰ ਪ੍ਰੀਤਮ ਸਿੰਘ ਬਤਰਾ ਨੇ ਇਕਬਾਲ ਰਾਮੂਵਾਲੀਆ ਦੀ ਪੁਸਤਕ "ਕਵਿਤਾ ਮੈਨੂੰ ਲਿਖਦੀ ਹੈ" 'ਤੇ ਆਪਣੇ ਵਿਚਾਰ ਪੇਸ਼ ਕਰਨ ਤੋਂ ਬਾਅਦ ਹਾਜ਼ਰ ਮਹਿਮਾਨਾਂ, ਸ਼ਾਇਰਾਂ ਅਤੇ ਕਾਵਿ-ਪ੍ਰੇਮੀਆਂ ਦਾ ਧੰਨਵਾਦ ਕੀਤਾ।

## ਪੰਜਾਬੀ ਅਕਾਦਮੀ ਵਲੋਂ ਰਾਸ਼ਟਰੀ ਕਵੀ ਦਰਬਾਰ ਦਾ ਆਯੋਜਨ

ਬੀਤੇ ਦਿਨੀਂ ਦਿੱਲੀ ਦੀ ਪੰਜਾਬੀ ਅਕਾਦਮੀ ਵਲੋਂ ਭਾਰਤ ਦੇ ੪੯ਵੇਂ ਸੁਤੰਤਰਤਾ ਦਿਵਸ ਦੀ ਪੂਰਵ-ਸ਼ਾਮ ਨੂੰ ਸਥਾਨਕ ਹਿਮਾਚਲ ਭਵਨ ਵਿਖੇ ਇਕ ਸ਼ਾਨਦਾਰ ਰਾਸ਼ਟਰੀ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਦਿੱਲੀ ਦੇ ਮੁਖ ਮੰਤਰੀ ਸ੍ਰੀ ਮਦਨ ਲਾਲ ਖੁਰਾਣਾ, ਜੋ ਪੰਜਾਬੀ ਅਕਾਦਮੀ ਦੇ ਚੇਅਰਮੈਨ ਵੀ ਹਨ, ਮੁੱਖ ਮਹਿਮਾਨ ਵਜੋਂ ਤਸਰੀਫ ਲਿਆਏ ਜਦ ਕਿ ਸ. ਹਰਸ਼ਰਨ ਸਿੰਘ ਬੱਲੀ, ਉਦਯੋਗ, ਕਿਰਤ ਤੇ ਜੇਲ੍ਹ ਮੰਤਰੀ ਨੇ ਕਵੀ ਦਰਬਾਰ ਦੀ ਪ੍ਰਧਾਨਗੀ ਕੀਤੀ।

ਸ੍ਰੀ ਮਦਨ ਲਾਲ ਖੁਰਾਣਾ ਨੇ ਆਪਣੇ ਭਾਸ਼ਨ ਵਿਚ ਸਮੂਹ ਦੇਸ਼ ਵਾਸੀਆਂ ਨੂੰ ਸੁਤੰਤਰਤਾ ਦਿਵਸ ਦੀ ਵਧਾਈ ਦਿੰਦਿਆਂ ਆਖਿਆ ਕਿ ਪੰਜਾਬੀਆਂ ਨੇ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਵੀ ਸਖਤ ਮਿਹਨਤ ਅਤੇ ਲਗਨ ਨਾਲ ਦੇਸ਼ ਦੀ ਉੱਨਤੀ ਅਤੇ ਖੁਸ਼ਹਾਲੀ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਸ ਮੌਕੇ 'ਤੇ ਸ੍ਰੀ ਖੁਰਾਣਾ ਨੇ ਦਿੱਲੀ ਵਿਚ ਪੰਜਾਬੀ ਭਾਸ਼ਾ ਨੂੰ ਦੂਜਾ ਦਰਜਾ ਦਿਤੇ ਜਾਣ ਸਬੰਧੀ ਆਖਿਆ ਕਿ ਦਿੱਲੀ ਸਰਕਾਰ ਦੀ ਕੈਬਨਿਟ ਨੇ ਦਿੱਲੀ ਵਿਚ ਪੰਜਾਬੀ ਨੂੰ ਦੂਜਾ ਦਰਜਾ ਦਿਤਾ ਜਾਣਾ ਸਵੀਕਾਰ ਕਰ ਲਿਆ ਹੈ ਅਤੇ ਜਲਦ ਹੀ ਇਸ ਸਬੰਧੀ ਬਿੱਲ ਵੀ ਪਾਸ ਕਰ ਦਿਤਾ ਜਾਏਗਾ। ਇਸ ਉਪਰੰਤ ਸ. ਹਰਸ਼ਰਣ ਸਿੰਘ ਬੱਲੀ (ਉਦਯੋਗ, ਕਿਰਤ ਤੇ ਜੇਲ੍ਹ ਮੰਤਰੀ) ਨੇ ਆਪਣੇ ਪ੍ਰਧਾਨਗੀ ਭਾਸ਼ਨ 'ਚ ਆਖਿਆ ਕਿ ਆਜ਼ਾਦੀ ਪਰਵਾਨਿਆਂ ਦੇ ਨਾਲ-ਨਾਲ ਦੇਸ਼ ਦਾ ਹਰ ਚਿੰਤਕ ਤੇ ਸਾਹਿਤਕਾਰ ਵੀ ਆਜ਼ਾਦੀ ਦੀ ਲਹਿਰ ਵਿਚ ਕੁੱਦ ਪਿਆ। ਉਨ੍ਹਾਂ ਆਖਿਆ ਕਿ ਸਾਡੇ ਸਾਹਿਤਕਾਰਾਂ ਨੇ ਦੇਸ਼ ਦੇ ਉਸਾਰੂ ਨਿਰਮਾਣ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ।

ਸਭ ਤੋਂ ਪਹਿਲਾਂ ਅਕਾਦਮੀ ਦੇ ਸਕਤਰ ਸ. ਪ੍ਰੀਤਮ ਸਿੰਘ ਬੱਤਰਾ ਨੇ ਆਪਣੇ ਸੁਆਗਤੀ ਭਾਸ਼ਨ 'ਚ ਪੰਜਾਬੀਆਂ ਸੁਤੰਤਰਤਾ ਸੰਗਰਾਮ 'ਚ ਪਾਏ ਯੋਗਦਾਨ ਦੀ ਚਰਚਾ ਕਰਦਿਆਂ ਆਖਿਆ ਕਿ ਸਮੂਹ ਪੰਜਾਬੀਆਂ ਨੇ ਸੁਤੰਤਰਤਾ ਪ੍ਰਾਪਤੀ ਲਈ ਉਮਰ ਕੈਦ, ਦੇਸ਼ ਨਿਕਾਲੇ ਤੇ ਫਾਂਸੀ ਵਰਗੀਆਂ ਸਜ਼ਾਵਾਂ ਨੂੰ ਖਿੜੇ ਮੱਥੇ ਕਬੂਲ ਕੀਤਾ। ਇਹਨਾਂ ਦੇਸ਼ ਭਗਤਾਂ ਨੇ ਏਨੇ ਘੋਰ ਅਤਿਆਚਾਰਾਂ ਦੇ ਬਾਵਜੂਦ ਹੌਸਲਾ ਨਹੀਂ ਹਾਰਿਆ। ਉਨ੍ਹਾਂ ਕਿਹਾ ਕਿ ਅੱਜ ਆਤਮ-ਚਿੰਤਨ ਦਾ ਦਿਨ ਹੈ। ਇਹ ਦਿਨ ਸਾਨੂੰ ਆਪਣੇ ਦੇਸ਼ ਪ੍ਰਤੀ ਆਪਣੇ ਫਰਜ਼ਾਂ ਦੀ ਯਾਦ ਦਿਵਾਉਂਦਾ ਹੈ।

ਕਵੀ ਦਰਬਾਰ ਵਿਚ ਪੰਜਾਬੀ ਦੇ ਪਰਸਿਧ ਕਵੀ ਸੁਰਜੀਤ ਪਾਤਰ, ਰਬਿੰਦਰ ਮਸਰੂਰ, ਸਰਦਾਰ ਅੰਜੁਮ, ਡਾ. ਮੋਹਨਜੀਤ, ਸੁਹਿੰਦਰਬੀਰ, ਹਰਭਜਨ ਸਿੰਘ ਰਤਨ, ਮਨਜੀਤ ਇੰਦਰਾ, ਬਲਵੰਤ ਸਿੰਘ ਨਿਰਵੈਰ, ਪਾਲ ਕੌਰ, ਕੰਵਰ ਇਮਤਿਆਜ਼, ਆਰਥਰ ਵਿਕਟਰ ਅਤੇ ਬਰਜਿੰਦਰ ਚੌਹਾਨ ਆਦਿਕ ਹਰ ਰੰਗ ਦੇ ਕਵੀ ਨੇ ਆਪਣੀ ਰਚਨਾ ਸੁਣਾਈ। ਗੁਰਦੇਵ ਸਿੰਘ ਕੋਇਲ ਦੇ ਗੀਤ ਕਵੀ ਦਰਬਾਰ ਵਿਚ ਹੋਰ ਰਸ ਭਰਦੇ ਰਹੇ। ਕਵੀ ਦਰਬਾਰ ਦਾ ਸੰਚਾਲਨ ਬਰਜਿੰਦਰ ਚੌਹਾਨ ਨੇ ਕੀਤਾ।



Sri Satguru Jagjit Singh Ji eLibrary NamdhariElibrary@gmail.com

ਕੁਲ ਮਿਲਾ ਕੇ ਇਹ ਕਵੀ ਦਰਬਾਰ ਕਾਮਯਾਬ ਰਿਹਾ ਤੇ ਲੋਕਾਂ ਦੇ ਦਿਲਾਂ 'ਤੇ ਅਮਿੱਟ ਛਾਪ ਛੱਡ ਗਿਆ।

—ਜਸਵਿੰਦਰ ਭੁੱਲਰ,
ਪੀ. ਆਰ. ਓ. ਪੰਜਾਬੀ ਅਕਾਦਮੀ,
ਦਿੱਲੀ।

## ੨੮ਵਾਂ ਸੰਗੀਤ ਸੰਮੇਲਨ

ਸੰਗੀਤ ਕਲਾ ਮੰਚ ਜਲੰਧਰ ਦਾ ੨੮ਵਾਂ ਸੰਗੀਤ ਸੰਮੇਲਨ ੮-੧੦-੯੫ ਐਤਵਾਰ ੧-੩੦ ਤੋਂ ੫- ੦ ਵਜੇ ਤਕ ਲਾਇਨਜ਼ ਭਵਨ ਲਾਜਪਤ ਨਗਰ ਜਲੰਧਰ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਵਿਚ ਗਵਾਲੀਅਰ ਦੇ ਸ੍ਰੀ ਉਮੇਸ਼ ਸੰਗੀਤ, ਨਾਗਪੁਰ ਦੀ ਸ੍ਰੀਮਤੀ ਰਾਗਣੀ ਤੋਂ ਇਲਾਵਾ ਪੰਜਾਬ ਦੇ ਪ੍ਰੋ. ਬੀ. ਐਸ. ਨਾਰੰਗ, ਡਾ. ਜੋਗਿੰਦਰ ਬਾਵਰਾ, ਪੰਡਿਤ ਰਮਾਂਕਾਂਤ ਤੇ ਹੋਰ ਕਈ ਸੰਗੀਤਕਾਰ ਭਾਗ ਲੈ ਰਹੇ ਹਨ।

## ਪੰਜਾਬੀ ਭਾਸ਼ਾ ਅਕਾਦਮੀ ਦੇ ਦਫ਼ਤਰ ਦਾ ਉਦਘਾਟਨ

ਪੰਜਾਬੀ ਭਾਸ਼ਾ ਅਕਾਦਮੀ ਦਾ ਬਾਕਾਇਦਾ ਦਫ਼ਤਰ ਦੇਸ਼ ਭਗਤ ਯਾਦਗਾਰ ਕੰਪਲੈਕਸ ਵਿਚ ਵਿਧੀਵਤ ਢੰਗ ਨਾਲ ਐਤਵਾਰ ਮਿਤੀ ੨੭ ਅਗਸਤ ੧੯੯੫ ਨੂੰ ਸਵੇਰੇ ਖੋਲ੍ਹਿਆ ਗਿਆ। ਦਫ਼ਤਰ ਦੇ ਗੇਟ ਤੇ ਲੱਗਾ ਫੀਤਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਗੰਧਰਵ ਸੈਨ ਨੇ ਕੱਟਿਆ। ਉਹਨਾਂ ਦੇ ਨਾਲ ਅਕਾਦਮੀ ਦੇ ਪ੍ਰਧਾਨ ਡਾ: ਜੋਗਿੰਦਰ ਸਿੰਘ ਪੁਆਰ ਸਨ। ਦਫ਼ਤਰ ਨੂੰ ਨਵੀਨ ਫਰਨੀਚਰ, ਪਰਦਿਆਂ ਅਤੇ ਫੁੱਲਾਂ ਨਾਲ ਸਜਾਇਆ ਗਿਆ ਸੀ ਜੋ ਕਿ ਇਕ ਸੁਖਾਵਾਂ ਪ੍ਰਭਾਵ ਪਾਉਂਦਾ ਸੀ।

ਇਸ ਸੰਬੰਧ ਵਿਚ ਹੋਏ ਸਮਾਰੋਹ ਵਿਚ ਕਾਮਰੇਡ ਹਰਦਿਆਲ ਸਿੰਘ ਨੇ ਕੈਨੇਡਾ ਵਿਚ ਵਸਦੇ ਪੰਜਾਬੀਆਂ ਦੇ ਭਾਸ਼ਾਈ ਅਤੇ ਸਭਿਆਚਾਰਕ ਮਸਲਿਆਂ ਬਾਰੇ ਆਪਣੇ ਨਿਜੀ ਅਨੁਭਵ ਸਰੋਤਿਆ ਨਾਲ ਸਾਂਝੇ ਕੀਤੇ। ਅਕਾਦਮੀ ਦੇ ਪ੍ਰਧਾਨ ਡਾ: ਜੋਗਿੰਦਰ ਪੁਆਰ ਨੇ ਅਕਾਦਮੀ ਦਾ ਇਤਿਹਾਸ ਕਾਰਜਕ੍ਰਮ ਅਤੇ ਆਗਾਮੀ ਪ੍ਰੋਗਰਾਮਾਂ ਬਾਰੇ ਦੱਸਦਿਆਂ ਪੰਜਾਬੀ ਭਾਸ਼ਾ ਦੇ ਵਿਕਾਸ ਵਾਸਤੇ ਇਸ ਦੀ ਨਿੱਗਰ ਭੂਮਿਕਾ ਦਾ ਜ਼ਿਕਰ ਕੀਤਾ। ਡਾ: ਵਰਿਆਮ ਸਿੰਘ ਸੰਧੂ ਨੇ ਆਪਣੇ ਦਿਲਕਸ਼ ਅੰਦਾਜ਼ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਸੰਗ ਵਿਚ ਵਿਚਾਰ ਰੱਖੇ। ਮੰਚ ਸੰਚਾਲਨ ਅਕਾਦਮੀ ਦੇ ਜਨਰਲ ਸਕੱਤਰ ਪ੍ਰੋ: ਵੇਦ ਅਗਨੀਹੋਤਰੀ ਨੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ। ਅੰਤ ਉਤੇ ਦੁਪਹਿਰ ਦਾ ਭੋਜਨ ਦੂਰੋਂ-ਨੇੜਿਓਂ ਆਏ ਭਰਵੇਂ ਇਕੱਠ ਵਾਸਤੇ ਹਾਜ਼ਰ ਸੀ।

## ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਚ ਮੇਲਾ

ਲੁਧਿਆਣਾ ਪੁਰਾਣੀ ਜੇਹਲ ਦੇ ਬਾਹਰ ਵਾਰ ਜਿਥੇ ਸੰਨ ੧੮੭੧ ਨੂੰ ਰਾਏਕੋਟ ਕੇਸ ਦੇ ਸੰਬੰਧ ਵਿਚ ਦੋ ਰਤਨਾਂ, ਸੂਬਾ ਰਤਨ ਸਿੰਘ ਅਤੇ ਸੰਤ ਰਤਨ ਸਿੰਘ ਪਿੰਡ ਨਾਈਵਾਲਾ ਨੂੰ ਬੋਹੜ ਨਾਲ ਫਾਂਸੀ ਦਿਤੀ ਗਈ ਸੀ ਇਕ ਯਾਦਗਾਰੀ ਸਥਾਨ ਬਣ ਗਿਆ ਹੈ। ਮੁਖ ਮੰਤਰੀ ਸ. ਬੇਅੰਤ ਸਿੰਘ ਦੀ ਸਰਕਾਰ ਵਲੋਂ ਇਹ ਥਾਂ ਕੂਕਾ ਸ਼ਹੀਦੀ ਟਰੱਸਟ ਨੂੰ ਦਿਤੇ ਜਾਣ ਕਰਕੇ ਅਤੇ ਇਥੇ ਸ਼ਹੀਦੀ ਸਮਾਰਕ ਉਸਾਰਨ ਕਰਕੇ ਇਹ ਥਾਂ ਜ਼ਿਆਰਤ ਕਰਨ ਅਤੇ ਸ਼ਰਧਾ ਪੁਸ਼ਪ ਭੇਟ ਕਰਨ ਵਾਲਾ ਤੀਰਥ ਸਥਾਨ ਬਣ ਗਿਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਇਥੇ ਹਰ ਐਤਵਾਰ ਅੰਮ੍ਰਿਤ ਵੇਲੇ ਹੁੰਦਾ ਨਾਮ ਸਿਮਰਨ ਅਤੇ ਕੀਰਤਨ ਆਸਾ ਦੀ ਵਾਰ ਨਾਲ ਇਹ ਸਥਾਨ ਸਰਗਰਮੀਆਂ ਦਾ ਗੜ੍ਹ ਬਣ ਗਿਆ ਹੈ। ਇਥੇ ਬਣਿਆ ਵਿਸ਼ਾਲ ਸ਼ੈਡ ਮੀਂਹ ਧੁਪ ਤੋਂ ਬਚਾਅ ਵਾਲਾ ਵਧੀਆ ਦੀਵਾਨ ਅਸਥਾਨ ਹੈ। ਲੰਗਰ ਆਦਿ ਦਾ ਵੀ ਪਰਬੰਧ ਹੈ। ਲੁਧਿਆਣਾ ਸੰਗਤ ਦੇ ਰੁਕਨ ਸੰਤ ਸੁਰਿੰਦਰ ਸਿੰਘ ਨਿਤ ਆਪਣਾ ਸਮਾਂ ਦੇ ਕੇ ਇਸ ਸਥਾਨ ਦੀ ਉਸਾਰੀ ਕਰਵਾ ਰਹੇ ਹਨ ਅਤੇ ਸਾਰੀ ਸੰਗਤ ਹਥੋਂ ਹਥੀਂ ਸੇਵਾ ਕਰਕੇ ਦੁਨੀਆਂ ਵਾਸਤੇ ਇਕ ਮਿਸਾਲ ਬਣ ਗਈ ਹੈ। ਇਥੋਂ ਦੇ ਉਤਸਾਹੀ ਅਤੇ ਸਮਰਥਾਵਾਨ ਸੂਬਾ ਹਰਭਜਨ ਸਿੰਘ ਜੀ, ਸੰਤ ਦਲੀਪ ਸਿੰਘ ਪ੍ਰਧਾਨ ਵਿਦਿਅਕ ਜਥਾ, ਸੰਤ ਅਜੀਤ ਸਿੰਘ ਸਕੱਤਰ, ਜਥੇਦਾਰ ਦਰਸ਼ਨ ਸਿੰਘ ਅਤੇ ਇਹਨਾਂ ਨਾਲ ਸਾਰੀ ਸੰਗਤ ਇਕ ਜਾਨ ਹੋ ਕੇ ਵਿਸ਼ਾਲ ਕਾਰਜ ਵਿਚ ਅਗੇ ਤੋਂ ਅਗੇਰੇ ਹੈ।

ਸੰਨ ੧੮੭੧ ਨੂੰ ਰਾਏਕੋਟ ਦੇ ਬੁਚੜਾਂ ਨੂੰ ਸੋਧਣ ਦੇ ਕੇਸ ਵਿਚ ਪੰਜ ਸਿੰਘਾਂ ਨੂੰ ਮੌਤ ਦੀਆਂ ਸਜ਼ਾਵਾਂ ਹੋਈਆਂ ਸਨ। ਪਿੰਡ ਪਿਥੋਂ ਦੇ ਤਿੰਨ ਸਿੰਘ ਸੰਤ ਮੰਗਲ ਸਿੰਘ, ਸੰਤ ਮਸਤਾਨ ਸਿੰਘ ਅਤੇ ਸੰਤ ਗੁਰਮੁਖ ਸਿੰਘ ਨੂੰ ੫ ਅਗਸਤ ਨੂੰ ਰਾਏਕੋਟ ਵਿਚ ਫਾਂਸੀ ਦਿਤੀ ਗਈ ਸੀ ਅਤੇ ਇਸੇ ਕੇਸ ਵਿਚ ਹੀ ਸੂਬਾ ਗਿਆਨੀ ਰਤਨ ਸਿੰਘ ਅਤੇ ਸੰਤ ਰਤਨ ਸਿੰਘ



Sri Satguru Jagjit Singh Ji eLibrary NamdhariElibrary@gmail.com

ਨਾਈਵਾਲਾ ਨੂੰ ਲੁਧਿਆਣਾ ਜੇਹਲ ਬਾਹਰ ਫਾਂਸੀ ਦਿਤੀ ਗਈ ਗਈ ਸੀ। ਲੁਧਿਆਣੇ ਦਾ ਸਮਾਰਕ ਪਹਿਲਾਂ ਤਿਆਰ ਹੋ ਗਿਆ ਹੈ। ਇਸ ਵਾਸਤੇ ਰਾਏਕੋਟ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦਾ ਸ਼ਹੀਦੀ ਦਿਵਸ ੫ ਅਤੇ ੬ ਅਗਸਤ ੧੯੯੫ ਨੂੰ ਲੁਧਿਆਣੇ ਹੀ ਮਨਾਇਆ ਗਿਆ।

ਸ਼ੁਰੂਆਤ ੫ ਅਗਸਤ ਸ਼ਾਮ ਨੂੰ ਕਵੀ ਦਰਬਾਰ ਨਾਲ ਨਾਲ ਹੋਈ। ਸ੍ਰੀ ਸਤਿਗੁਰੂ ਦੀ ਹਜ਼ੂਰੀ ਵਿਚ ਹੋਏ ਇਸ ਕਵੀ ਦਰਬਾਰ ਦਾ ਮੁਕਾਬਲਾ ਭਾਰੀ ਬਾਰਸ਼ ਨੇ ਕੀਤਾ ਪਰ ਸੰਗਤਾਂ ਚਾਰ ਚਾਰ ਫੁਟ ਪਾਣੀ ਚੀਰ ਕੇ ਪਹੁੰਚ ਗਈਆਂ। ਸ੍ਰੀ ਜੀਵਨ ਨਗਰ ਦੀ ਨਾਮਧਾਰੀ ਸਾਹਿਤ ਸਭਾ ਦੇ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਨਾਮਧਾਰੀ ਸ਼ਹੀਦ, ਨਾਮਧਾਰੀ ਸਭਿਆਚਾਰ ਅਤੇ ਨਾਮਧਾਰੀ ਇਤਿਹਾਸ ਦੇ ਪੰਨਿਆਂ ਨੂੰ ਮੁੜ ਉਜਾਗਰ ਕੀਤਾ। ਇਹਨਾਂ ਕਵੀਆਂ ਨੂੰ ਸਿਰੋਪਾ, ਬਰੀਫਕੇਸ ਮਾਇਆ ਆਦਿ ਨਾਲ ਸਨਮਾਨਤ ਕਰਕੇ ਸਤਿਗੁਰੂ ਜੀ ਨੇ ਖੁਸ਼ੀਆਂ ਬਖਸ਼ੀਆਂ। ਨਾਮਧਾਰੀ ਸਾਹਿਤ ਸਭਾ ਜੀਵਨ ਨਗਰ ਦੇ ਪ੍ਰਧਾਨ ਸ. ਬਲਬੀਰ ਸਿੰਘ ਢਿਲੋਂ ਦੇ ਸਟੇਜ ਪਰਬੰਧ ਵਿਚ ਇਹਨਾਂ ਕਵੀਆਂ ਨੇ ਭਾਗ ਲਿਆ : ਸਰਬ ਸਨਮਾਨਤ ਸਾਧੂ ਸਿੰਘ ਕਿਸਾਨ, ਮਾ: ਅਮਰੀਕ ਸਿੰਘ, ਬਲਬੀਰ ਸਿੰਘ ਢਿਲੋਂ, ਜਸਵਿੰਦਰ ਸਿੰਘ ਭਿੰਡਰ, ਜੁਗਿੰਦਰ ਸਿੰਘ ਮੁਕਤਾ, ਲਖਵਿੰਦਰ ਸਿੰਘ ਬਾਜਵਾ, ਬਲਦੇਵ ਸਿੰਘ ਸਰਪੰਚ, ਹਰਭਜਨ ਸਿੰਘ ਰਾਜਾ, ਸਵਰਨ ਸਿੰਘ, ਪੂਰਨ ਸਿੰਘ ਨਿਰਾਲਾ, ਜਰਨੈਲ ਸਿੰਘ, ਗੁਰਬਖਸ਼ ਸਿੰਘ ਰਾਮਪੁਰੀ, ਡਾਕਟਰ ਗੁਰਪ੍ਰੀਤ ਸਿੰਘ, ਗੁਰਮੁਖ ਸਿੰਘ ਵਹਿਮੀ, ਬਲਵਿੰਦਰ ਸਿੰਘ। ਸ੍ਰੀ ਭੈਣੀ ਸਾਹਿਬ ਦੇ ਕਵੀ ਅਰਜਨ ਸਿੰਘ, ਰਣਧੀਰ ਸਿੰਘ ਧੀਰਾ ਅਤੇ ਬੀਬੀ ਰਾਜਿੰਦਰ ਕੌਰ। ਲੁਧਿਆਣਾ ਦੇ ਕਵੀ ਰੂਪ ਸਿੰਘ, ਸਵਿੰਦਰ ਸਿੰਘ, ਪ੍ਰੀਤਮ ਸਿੰਘ।

ਐਤਵਾਰ ੬ ਅਗਸਤ ਨੂੰ ਅਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਅਲੌਕਿਕ ਦ੍ਰਿਸ਼ ਸੀ। ਇਸ ਤੋਂ ਬਾਦ ਹਲੇ ਦੇ ਦੀਵਾਨਾਂ ਦਾ ਇਕ ਸਿਲਸਿਲਾ ਸ਼ੁਰੂ ਹੋਇਆ। ਜਥੇਦਾਰ ਪ੍ਰੀਤਮ ਸਿੰਘ, ਇਕਬਾਲ ਸਿੰਘ ਜੌਹਲ, ਗੁਰਚਰਨ ਸਿੰਘ ਬਾਦ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ ਨੇ ਸ਼ਹੀਦੀ ਸਾਕੇ ਬਾਰੇ ਵੇਰਵੇ ਸਹਿਤ ਜਾਣਕਾਰੀ ਦਿਤੀ।

ਹਜ਼ੂਰੀ ਨਾਮ ਸਿਮਰਨ ਸਮੇਂ ਪਾਠਾਂ ਦੇ ਭੋਗ ਪਾਏ ਗਏ। ਕੀਰਤਨ ਹੋਇਆ ਅਤੇ ਇਸ ਬਾਦ ਵਿਖਿਆਨ ਹੋਏ। ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਵਾਸਤੇ ਹਾਜ਼ਰ ਸਨ, ਵਿਧਾਨ ਸਭਾ ਸਪੀਕਰ ਸ੍ਰੀ ਹਰਨਾਮ ਦਾਸ ਜੌਹਰ, ਸ. ਹਰਵਿੰਦਰ ਸਿੰਘ ਹੰਸਪਾਲ, ਸੂਬਾ ਹਰਭਜਨ ਸਿੰਘ ਜੀ, ਅਜੀਤ ਸਿੰਘ ਸਕੱਤਰ ਵਿਦਿਅਕ ਜੱਥਾ, ਸੂਬਾ ਸੁਰਿੰਦਰ ਕੌਰ ਖਰਲ, ਸਵਿੰਦਰ ਸਿੰਘ, ਸੁਖਜੀਤ ਕੌਰ ਪ੍ਰਧਾਨ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ (ਬੀਬੀਆਂ), ਹਰਪਾਲ ਸਿੰਘ ਹਜ਼ੂਰੀ ਸੇਵਕ, ਜਸਵਿੰਦਰ ਸਿੰਘ ਐਮ. ਏ. ਦਿੱਲੀ ਅਤੇ ਜਗਦੀਸ਼ ਸਿੰਘ ਸੰਪਾਦਕ ਵਰਿਆਮ।

ਸਤਿਗੁਰੂ ਜੀ ਨੇ ਆਪਣੇ ਪਰਵਚਨ ਵਿਚ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਸੇ ਹੋਏ ਮਾਰਗ ਤੇ ਚਲ ਕੇ ਨਾ ਸਿਰਫ ਭਾਰਤ ਹੀ ਸਗੋਂ ਅਫਰੀਕਾ ਅਤੇ ਹੋਰ ਦੇਸ਼ਾਂ ਨੇ ਵੀ ਆਜ਼ਾਦੀ ਪ੍ਰਾਪਤ ਕੀਤੀ। ਆਪ ਜੀ ਨੇ ਫੁਰਮਾਇਆ ਕਿ ਅਜ ਦੇ ਕੰਪਿਊਟਰ ਯੁੱਗ ਵਿਚ, ਈਰਖਾ ਦਵੈਤ ਅਤੇ ਹਉਮੈ ਦਾ ਬਹੁਤ ਪਸਾਰਾ ਹੈ ਇਸ ਤੋਂ ਸਿਰਫ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਦਾ ਆਸਰਾ ਹੀ ਬਚਾ ਸਕਦਾ ਹੈ ਸਤਿਗੁਰਾਂ ਦੇ ਚਰਨਾਂ ਦਾ ਧਿਆਨ ਧਰਕੇ ਨਾਮ ਸਿਮਰਨ ਕਰਿਆ ਕਰੋ।

ਇਸ ਮੇਲੇ ਦੀ ਸਾਰੀ ਸੇਵਾ ਸ. ਸਰਦਾਰਾ ਸਿੰਘ ਜੀ ਦੇ ਪਰਿਵਾਰ, ਸੰਤ ਜਗਮੋਹਨ ਸਿੰਘ ਜੀ, ਸੂਬਾ ਹਰਭਜਨ ਸਿੰਘ ਜੀ ਸੰਤ ਬਖਸ਼ੀਸ਼ ਸਿੰਘ ਅਤੇ ਹੋਰ ਸਭ ਮਾਈ ਭਾਈ ਨੇ ਬੜੀ ਸ਼ਰਧਾ ਅਤੇ ਖੁਲ ਦਿਲੀ ਨਾਲ ਕੀਤੀ। ਮੇਲੇ ਸਮੇਂ ਸੰਗਤਾਂ ਹਥੀਂ ਕਾਰ ਸੇਵਾ ਵੀ ਕਰਦੀਆਂ ਰਹੀਆਂ।

## ਸਤਨਾਮ ਚਾਨਾ ਨੂੰ ਸਦਮਾ

ਪ੍ਰਸਿਧ ਲੇਖਕ ਪੱਤਰਕਾਰ ਸ੍ਰੀ ਸਤਨਾਮ ਚਾਨਾ ਦੇ ਪਿਤਾ ਸ. ਸਵਰਨ ਸਿੰਘ ਚਾਨਾ ਮਿਤੀ ੬ ਸਤੰਬਰ ੧੯੯੫ ਨੂੰ ਸਦੀਵੀ ਵਿਛੋੜਾ ਦੇ ਗਏ। ਉਹਨਾਂ ਦੀ ਜੀਵ-ਆਤਮਾ ਨਮਿਤ ਭੋਗ ਸ੍ਰੀ ਅਖੰਡ ਪਾਠ ਅਤੇ ਅੰਤਿਮ ਅਰਦਾਸ ੧੩ ਸਤੰਬਰ ਬੁਧਵਾਰ ਦੁਪਹਿਰ ਚਾਨਾ ਜੀ ਦੇ ਪਰਿਵਾਰਕ ਨਿਵਾਸ ਅਸਥਾਨ ਬੀਰ ਪਿੰਡ ਤਹਿਸੀਲ ਨਕੋਦਰ ਜ਼ਿਲ੍ਹਾ ਜਲੰਧਰ ਵਿਚ ਹੋਈ। ਅਸੀਂ ਚਾਨਾ ਪਰਿਵਾਰ ਦੇ ਇਸ ਖਵਿਚ ਸ਼ਾਮਲ ਹਾਂ।

— ਸੰਪਾਦਕ

## ਚਰਨ ਸੀਚੇਵਾਲਵੀ ਨੂੰ ਸਦਮਾ

ਪੰਜਾਬੀ ਦੇ ਸ਼ਾਇਰ ਸ੍ਰੀ ਚਰਨ ਸੀਚੇਵਾਲਵੀ ਦੀ ਮਾਤਾ ਸ੍ਰੀਮਤੀ ਬੰਤੀ ਆਪਦੀ ਸੰਸਾਰ ਯਾਤਰਾ ੧੮-੯-੯੫ ਨੂੰ ਸੰਪੂਰਨ ਕਰ ਗਏ ਹਨ। ਅਦਾਰਾ ਵਰਿਆਮ ਇਸ ਦੁਖ ਵਿਚ ਸ਼ਰੀਕ ਹੈ।



Sri Satguru Jagjit Singh Ji eLibrary NamdhariElibrary@gmail.com

# ਵਿਸ਼ਵ ਸਿੱਖ ਸੰਮੇਲਨ ਵਲੋਂ ਨਾਮਧਾਰੀਆਂ ਦਾ ਸਨਮਾਨ

ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਵਲੋਂ ਸ੍ਰੀ ਅੰਮ੍ਰਿਤਸਰ ਵਿਚ ਕਰਵਾਏ ਗਏ ਵਿਸ਼ਵ ਸਿਖ ਸੰਮੇਲਨ ਦੇ ਅੰਤਲੇ ਦਿਨ ੨੫ ਸਤੰਬਰ ੧੯੯੫ ਨੂੰ ਨਾਮਧਾਰੀ ਸ਼ਹੀਦਾਂ ਪ੍ਰਤੀ ਸਤਿਕਾਰ ਦੇਣ ਵਾਸਤੇ ਨਾਮਧਾਰੀ ਸਿਖਾਂ ਦੇ ਇਕ ਗਿਆਰਾਂ ਮੈਂਬਰੀ ਪ੍ਰਤੀਨਿਧ ਮੰਡਲ ਨੂੰ ਸਨਮਾਨਿਤ ਕੀਤਾ ਗਿਆ ।

ਗੁਰਦੁਆਰਾ ਮੰਜੀ ਸਾਹਿਬ ਵਿਚ ਸਜੇ ਭਾਰੀ ਦੀਵਾਨ ਵਿਚ ਸੰਮੇਲਨ ਦੇ ਆਖਰੀ ਇਜਲਾਸ ਸਮੇਂ ਸਿੰਘ ਸਾਹਿਬ ਯੋਗੀ ਹਰਭਜਨ ਸਿੰਘ ਜੀ ਦੀ ਇਸ ਸੂਚਨਾ ਨਾਲ ਕਿ ਨਾਮਧਾਰੀ ਜੱਥਾ ਵੀ ਆਇਆ ਹੈ ਸੰਗਤਾਂ ਨੇ ਜੈਕਾਰੇ ਛੱਡ ਕੇ ਭਾਰੀ ਸੁਆਗਤ ਕੀਤਾ ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਮੇਲਨ ਦੇ ਪ੍ਰਬੰਧਕਾਂ ਦੀ ਚਿੱਠੀ ਪਰਵਾਨ ਕਰਦਿਆਂ ਨਾਮਧਾਰੀ ਦਰਬਾਰ ਦੇ ਜਨਰਲ ਸਕਤਰ ਸ. ਹਰਵਿੰਦਰ ਸਿੰਘ ਹੰਸਪਾਲ ਨੂੰ ਪਰਬੰਧ ਕਰਨ ਲਈ ਕਿਹਾ । ਇਸ ਤਰ੍ਹਾਂ ਸ. ਜਗਦੀਸ਼ ਸਿੰਘ ਵਰਿਆਮ ਦੀ ਅਗਵਾਈ ਵਿਚ ਗਏ ਪ੍ਰਤੀਨਿਧ ਮੰਡਲ ਵਿਚ ਸ਼ਹੀਦ ਲਹਿਣਾ ਸਿੰਘ ਦੇ ਵੰਸ਼ਜ ਸੰਤ ਦਲੀਪ ਸਿੰਘ ਪੰਨਵ ਅਤੇ ਹੋਰ ਸਜਨ ਸ਼ਾਮਲ ਸਨ । ਸ਼ਹੀਦ ਬਿਸ਼ਨ ਸਿੰਘ ਪਰਿਵਾਰ ਚੋਂ ਸੂਬਾ ਸੁਰਿੰਦਰ ਕੌਰ ਖਰਲ ਸਨ । ਇਹਨਾਂ ਦੇ ਨਾਲ ਹੀ ਸੰਤ ਦਲੀਪ ਸਿੰਘ ਪ੍ਰਧਾਨ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ, ਪ੍ਰਿੰਸੀਪਲ ਅਜੀਤ ਸਿੰਘ ਚੀਮਾ, ਸੂਬਾ ਨੱਥਾ ਸਿੰਘ, ਸੰਤ ਰਣਜੀਤ ਸਿੰਘ, ਸੰਤ ਅਵਤਾਰ ਸਿੰਘ, ਸੰਤ ਗੁਰਦੀਪ ਸਿੰਘ, ਸੰਤ ਸੁਲੱਖਣ ਸਿੰਘ ਅਤੇ ਸੂਬਾ ਭਗਤ ਸਿੰਘ ਸ਼ਾਮਲ ਸਨ ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਮਨਜੀਤ ਸਿੰਘ ਕਲਕਤਾ ਨੇ ਸਨਮਾਨ ਦੇਣ ਤੋਂ ਪਹਿਲਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਤੋਂ ਬਾਦ ਬਾਬਾ ਰਾਮ ਸਿੰਘ ਨੇ ਮੁੜ ਸਿਖੀ ਵਿਚ ਨਵੀਂ ਜਾਨ ਪਾਈ ਅਤੇ ਉਹਨਾਂ ਨੇ ਆਜ਼ਾਦੀ ਖਾਤਰ ਭਾਰੀ ਕੁਰਬਾਨੀਆਂ ਕੀਤੀਆਂ । ਮਾਲੇਰਕੋਟਲੇ ਕੋਈ ਸੱਠ ਨਾਮਧਾਰੀ ਤੋਪਾਂ ਨਾਲ ਸ਼ਹੀਦ ਕੀਤੇ ਗਏ । ਅੱਜ ਵਿਸ਼ਵ ਸਿੱਖ ਸੰਮੇਲਨ ਵਿਚ ਦਰਬਾਰ ਦੇ ਪ੍ਰਤੀਨਿਧ ਗਿਆਰਾਂ ਵਿਅਕਤੀਆਂ ਦਾ ਸਨਮਾਨ ਕੀਤਾ ਜਾਂਦਾ ਹੈ । ਇਸ ਐਲਾਨ ਤੇ ਮੁੜ ਜੈਕਾਰੇ ਛੱਡੇ ਗਏ ।

ਇਸ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਨੇ ਸ. ਜਗਦੀਸ਼ ਸਿੰਘ ਵਰਿਆਮ ਤੋਂ ਸ਼ੁਰੂ ਕਰਕੇ ਵਾਰੀ ਵਾਰੀ ਸਭ ਨੂੰ ਇਕ ਇਕ ਗਰਮ ਚਿੱਟੀ ਸ਼ਾਲ, ਇਕ ਕੇਸਰੀ ਰੰਗ ਦਾ ਦੁਪੱਟਾ ਅਤੇ ਚਾਂਦੀ ਦੀ ਤਸ਼ਤਰੀ ਭੇਟ ਕੀਤੀ ।

ਇਸ ਮੌਕੇ ਤੇ ਸੰਤ ਦਲੀਪ ਸਿੰਘ ਪੰਨਵ ਹੋਰਾਂ ਵਲੋਂ ਸ਼ਹੀਦ ਲਹਿਣਾ ਸਿੰਘ ਬਾਰੇ ਲਿਖੀ ਸੰਤ ਤਾਰਾ ਸਿੰਘ ਅਨਜਾਣ ਨਾਮਧਾਰੀਆਂ ਦੀਆਂ ਕੁਰਬਾਨੀਆਂ ਨੂੰ ਪਰਵਾਨ ਕਰਦਿਆਂ ਹੋਰਾਂ ਦੀ ਪੁਸਤਕ ਦੀਆਂ ਕਾਪੀਆਂ ਸ. ਟੌਹੜਾ ਨੂੰ ਭੇਟ ਕੀਤੀਆਂ ਗਈਆਂ । ਇਸ ਗਿਆਰਾਂ ਮੈਂਬਰੀ ਵਫਦ ਦੇ ਨਾਲ ਨਾਲ ਭਾਰੀ ਗਿਣਤੀ ਵਿਚ ਨਾਮਧਾਰੀ ਸੰਗਤਾਂ ਗਈਆਂ ਹੋਈਆਂ ਸਨ ।

ਸਨਮਾਨ ਉਪਰੰਤ ਨਾਮਧਾਰੀ ਵਫਦ ਦੇ ਆਗੂਆਂ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਕੜਾਹ ਪ੍ਰਸ਼ਾਦ ਭੇਟਾ ਕੀਤਾ ਅਤੇ ਮੱਥਾ ਟੇਕਿਆ । ਇਸ ਉਪਰੰਤ ਨਾਮਧਾਰੀ ਸਿੰਘਾਂ ਦੇ ਸ਼ਹੀਦੀ ਅਸਥਾਨ ਰਾਮ ਬਾਗ ਅੰਮ੍ਰਿਤਸਰ ਵਿਚ ਜਾ ਕੇ ਵੀ ਮੱਥਾ ਟੇਕਿਆ । ਇਥੇ ਸਾਧ ਸੰਗਤ ਵਲੋਂ ਲੰਗਰ ਦਾ ਪ੍ਰਬੰਧ ਸੀ ।

## *ਗਿਆਨੀ ਭਗਤ ਸਿੰਘ ਸਨਖਤਰੇ ਵਾਲੇ*

ਗਿਆਨੀ ਭਗਤ ਸਿੰਘ ਕਲਸੀ ਸਨਖਤਰੇ ਵਾਲੇ ਪਿਛਲੇ ਦਿਨੀਂ ਜਲੰਧਰ ਵਿਚ ਸਦੀਵੀ ਵਿਛੋੜਾ ਦੇ ਗਏ ਹਨ । ਉਹ ਪ੍ਰਮੁਖ ਬੁਲਾਰੇ, ਉੱਚ ਪਾਏ ਦੇ ਲੇਖਕ ਅਤੇ ਪਹਿਲੇ ਦਰਜੇ ਦੇ ਆਰਕੀਟੈਕਟ ਸਨ । ਉਹ ਵਖ ਵਖ ਇਨਸਾਨਾਂ ਅਤੇ ਫਿਰਕਿਆਂ ਵਿਚ ਪ੍ਰੇਮ ਪੈਦਾ ਕਰਨ ਲਈ ਕੰਮ ਕਰਦੇ ਰਹੇ । ਜੈਤੋ ਦੇ ਮੋਰਚੇ ਦੇ ਉਹ ਸਭ ਤੋਂ ਘਟ ਉਮਰ ਦੇ ਕੈਦੀ ਸਨ । ਉਹਨਾਂ ਦੇ ਜਾਣ ਨਾਲ ਸੰਪਾਦਕ ਵਰਿਆਮ ਨੂੰ ਇਕ ਜ਼ਾਤੀ ਦੋਸਤ, ਪ੍ਰਬੰਧਕ, ਰਹਿਨੁਮਾ ਅਤੇ ਬਜ਼ੁਰਗ ਦਾ ਵਿਗੋਚਾ ਹੋਇਆ ਹੈ ।



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਰਮ

ਤੁਹਾਨੂੰ ੨ ਸਤੰਬਰ ਨੂੰ ਦਿੱਲੀ ਮਿਲਿਆ । ਜੀਅ ਕੀਤਾ ਕਿ ਤੁਹਾਨੂੰ ਜੁਲਾਈ ੧੯੯੫ ਦੇ ਵਰਿਆਮ ਦੇ ਅੰਕ ਬਾਰੇ ਲਿਖ ਕੇ ਦੇ ਦਿਆਂ ਕਿ ਤੁਹਾਨੂੰ ਆਪਣੀ ਲਕੀਰ ਲੰਮੀ ਰੱਖਣ ਦੀ ਜਾਚ ਹੈ ।

ਪਰਚੇ ਵਿਚ ਭਾਵੇਂ ਨਾਮਧਾਰੀ ਵਿਦਿਅਕ ਜਥੇ ਦੇ ਤੀਹਵੇਂ ਸੰਮੇਲਨ ਦੀ ਜਾਣਕਾਰੀ ਭਰਪੂਰ ਸਾਰਥਕ ਰਿਪੋਰਟ ਹੈ, ਪਰ ਚਾਰੇ ਟਾਈਟਲ ਤਾਂ ਉਸਦੀ ਮੂੰਹ ਬੋਲਦੀ ਤਸਵੀਰ ਹਨ । ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਕੇਂਦਰ ਮੰਨ ਕੇ ਸੰਮੇਲਨ ਵਿਚ ਸ਼ਾਮਲ ਪ੍ਰਮੁਖ ਵਿਅਕਤੀਆਂ, ਰਾਗੀਆਂ, ਸਨਮਾਨਿਤ ਵਿਅਕਤੀਆਂ, ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲਿਆਂ, ਯੋਗ ਕਿਰਿਆਵਾਂ ਦਿਖਾਉਣ ਵਾਲਿਆਂ ਦੇ ਕਰਤਵਾਂ, ਸੇਵਾ ਕਰਵਾਉਣ ਵਾਲੀ ਯੂ. ਪੀ. ਦੀ ਇਕਾਈ ਅਤੇ ਕੈਸਟਾਂ ਰਿਲੀਜ਼ ਕਰਨ ਦੀਆਂ ਸੈੱਟ ਕੀਤੀਆਂ ਤਸਵੀਰਾਂ ਸੰਮੇਲਨ ਉਤੇ ਇਕ ਝਾਤ ਪੁਆ ਦੇਂਦੀਆਂ ਹਨ ।

ਜਸਵੰਤ ਸਿੰਘ ਵਿਰਦੀ ਅਤੇ ਅੱਤਾ ਅਫੰਦੀ ਦੀਆਂ ਕਹਾਣੀਆਂ ਨਰੋਆ ਸਾਹਿਤ ਸੁਆਦ ਦੇਂਦੀਆਂ ਹਨ । ਗੁਰਦੇਵ ਸਿੰਘ ਹੰਜਰਾ ਦਾ ਅਤੇ ਤੁਹਾਡਾ ਲੇਖ ਸਾਨੂੰ ਵਿਆਹ-ਸ਼ਾਦੀਆਂ ਦੇ ਰਸਮਾਂ ਰਿਵਾਜਾਂ ਅਤੇ ਪਨਾਹਗੀਰਾਂ ਪ੍ਰਤੀ ਜਨ-ਸਾਧਾਰਨ ਦੇ ਰਵੱਈਏ ਬਾਰੇ ਦੱਸਦੇ ਹਨ । ਤੁਹਾਡੀ ਸੰਪਾਦਕੀ ਵੀ ਸਮੇਂ ਦੀ ਕਲਮ ਦੀ ਨੋਕ ਹੇਠ ਆਈ ਘਟਨਾ ਉਤੇ ਸਟੀਕ ਟਿੱਪਣੀ ਕਰਦਾ ਹੈ ।

ਤੁਹਾਡੇ 'ਖਿਲਰੇ ਪਤਰਿਆਂ' ਨੂੰ ਪੁਸਤਕ ਰੂਪ ਵਿਚ 'ਇਕੱਠੇ ਹੋਏ' ਪੜ੍ਹਨਾ ਵੀ ਚੰਗਾ ਲੱਗੇਗਾ । ਅੱਗੇ ਵੀ ਪ੍ਰੀਤਮ ਸਿੰਘ ਕਵੀ ਦੀਆਂ 'ਬੌਤੇ ਦੀਆਂ ਪੈੜਾਂ' ਜਾਂ ਸੁਰਜੀਤ ਖ਼ੁਰਸ਼ੀਦੀ ਦਾ ਤਿਆਰ ਕੋਸ਼, ਵਰਿਆਮ ਰਾਹੀਂ ਹੀ ਪਾਠਕਾਂ ਨਾਲ ਸਾਂਝਾ ਹੋਇਆ ਹੈ ।

ਜਿਹੜੀ ਗੱਲ ੨ ਸਤੰਬਰ ਨੂੰ ਲਿਖ ਕੇ ਦੇਣੀ ਸੀ, ਡਾਕ ਵਿਚ ਭੇਜਣ ਦੀ ਭਾਵਨਾ ਨਾਲ ਲੇਟ ਹੋ ਗਈ ਹੈ; ਕਿਉਂਕਿ ਚਿੱਠੀ ਤਾਂ ਡਾਕ ਵਿਚ ਪਾਇਆਂ ਹੀ ਜਾਣੀ ਹੈ ।

— ਤਾਰਾ ਸਿੰਘ ਅਨਜਾਣ
ਏ-੧੧੦, ਜਨਤਾ ਕਾਲੋਨੀ,
ਨਵੀਂ ਦਿੱਲੀ

੧੮.੯.੯੫

ਕਾਫੀ ਪੁਰਾਣੀ ਪਾਠਕ ਹਾਂ ਮੈਂ ਵਰਿਆਮ ਦੀ, ਜਾਂ ਇਉਂ ਸਮਝ ਲਓ ਕਿ ਵਰਿਆਮ ਦੇ ਜਨਮ ਤੋਂ ਹੀ ਮੈਂ ਉਸ ਦੀ ਪਾਠਕ ਹਾਂ । ਪਰ ਕੁਝ ਚਿਰ ਵਿਚੋਂ ਤੁਸੀਂ ਸਾਡੇ ਇਥੇ ਵਰਿਆਮ ਭੇਜਣਾ ਬੰਦ ਕਰ ਦਿਤਾ ਸੀ ਮੈਂ ਚੰਦਾ ਨਹੀਂ ਸਾਂ ਭੇਜ ਸਕੀ । ਤੁਹਾਡੀ ਆਪਣੀ ਮਜਬੂਰੀ ਸੀ ਪਰ ਉਹ ਕੁਝ ਟਾਈਮ ਜੋ ਮੈਂ ਵਰਿਆਮ ਨਹੀਂ ਪੜ੍ਹ ਸਕੀ ਮੇਰਾ ਈ ਨੁਕਸਾਨ ਹੈ । ਇਸ ਸਾਲ ਜਦੋਂ ਸੰਗੀਤ ਅੰਕ ਮੈਂ ਲਿਆ ਤੇ ਫਿਰ ਤੋਂ ਆਪਣਾ ਬਕਾਇਆ ਚੰਦਾ ਦੇ ਕੇ ਰੈਗੂਲਰ ਵਰਿਆਮ ਦੀ ਪਾਠਕ ਬਣੀ ਤੇ ਫਿਰ ਉਹੀ ਟੇਸਟ ਮਿਲਿਆ ਤੁਹਾਡੀ ਆਪਣੀ ਲੇਖਣੀ ਦੇ ਕਿਆ ਕਹਿਣੇ ਹਨ ਖਿੱਲਰੇ ਪੱਤਰੇ ਇੰਜ ਲਗਦਾ ਸੀ ਪੜ੍ਹ ਕੇ ਹੁਣੇ ਸਜਰੀ ਘਟਨਾ ਤੁਸੀਂ ਲਿਖ ਰਹੇ ਹੋਂਵੋ । ਨਵਤੇਜ ਸਿੰਘ ਹੁਰਾਂ ਦੀ ਕਹਾਣੀ ਦੇਸ਼ ਵਾਪਸੀ ਨੇ ਇਕ ਵਾਰੀ ਦਿਲ ਹਿਲਾ ਦਿਤਾ ।-ਸਾਰੇ ਲੋਕੀਂ ਭਾਵੇਂ ਨਵਤੇਜ ਸਿੰਘ ਨੂੰ ਭੁਲ ਜਾਣ ਪਰ ਤੁਸੀਂ ਨਾ ਭੁਲੋ ਹੁਣ ਉਹਨਾਂ ਦੀ ਕਹਾਣੀ ਬਾਸਮਤੀ ਦੀ ਮਹਿਕ ਛਾਪੋ ਤੁਹਾਡੀ ਬਹੁਤ ਮੇਹਰਬਾਨੀ ਹੋਵੇਗੀ ਨਾਲੇ ਤੁਹਾਨੂੰ ੨੦ਵੀਂ ਵਰ੍ਹੇ ਗੰਢ ਵਰਿਆਮ ਦੀ ਵਾਸਤੇ ਬਹੁਤ ਬਹੁਤ ਵਧਾਈ, ਸੰਗੀਤ ਅੰਕ ਵਾਸਤੇ ਮੈਂ ਤੁਹਾਡੀ ਧੰਨਵਾਦੀ ਹਾਂ । —ਸਿੰਦਰ ਕੌਰ, ਦਿੱਲੀ

—0—

ਪਾਠਕ ਵੀ ਇਸ ਪੱਤਰ ਨੂੰ ਪਸੰਦ ਕਰਦੇ ਹਨ । ਜੁਲਾਈ ੧੯੯੫ ਅੰਕ ਪੜ੍ਹਿਆ ਮੈਟਰ ਇੰਨਾ ਵਧੀਆ ਹੈ ਕਿ ਕਿਸ ਕਿਸ ਦੀ ਤਾਰੀਫ ਕਰਾਂ ਤੇ ਕਿਸਨੂੰ ਛਡਾਂ । ਬਘਿਆੜਾਂ ਦੇ ਵੱਸ ਕਹਾਣੀ ਕਈ ਬੀਬੀਆਂ ਦੇ ਹੌਸਲੇ ਬੁਲੰਦ ਕਰਨ ਦਾ ਕੰਮ ਕਰ ਰਹੀ ਹੈ ਤੇ ਕਰੇਗੀ । ਕਈ ਬੀਬੀਆਂ ਨੇ ਇਹ ਅੰਕ ਬਘਿਆੜਾਂ ਦੇ ਵੱਸ ਕਹਾਣੀ ਪੜ੍ਹਣ ਲਈ ਹੀ ਮੰਗਵਾਇਆ ਹੈ । ਜ਼ਹਿਰ ਮੁਹਰਾ ਕਹਾਣੀ ਤਾਂ ਨਹਿਲੇ ਤੇ ਦਹਿਲਾ ਹੈ । ਇਸ ਕਹਾਣੀ ਨੇ ਨਵੀਂ ਰੂਹ ਫੂਕੀ ਹੈ । ਹਾਲਾਤ ਨਾਲ ਟੱਕਰ ਲੈਣ ਦੀ ਹਿੰਮਤ ਬਖਸ਼ੀ ਹੈ ਕਈਆਂ ਨੂੰ । ਦਾਸ ਦੀ ਇਹ ਦਿਲੀ ਕਾਮਨਾ ਹੈ ਕਿ ਆਪ ਜੀ ਦਾ ਪੱਤਰ ਵਰਿਆਮ ਹਰ ਪੰਜਾਬੀ ਘਰ ਦਾ ਸ਼ਿੰਗਾਰ ਬਣੇ । ਇਸੇ ਤਰ੍ਹਾਂ ਹੀ ਸਹਿਯੋਗ ਦੇਂਦੇ ਹੋਏ ਪੱਤਰ ਭੇਜਦੇ ਰਹਿਣਾ ਜੀ ਅਸੀਂ ਲਾਇਬਰੇਰੀ ਕਮੇਟੀ ਵਲੋਂ ਆਪ ਜੀ ਦੇ ਬਹੁਤ ਬਹੁਤ ਧੰਨਵਾਦੀ ਹੋਵਾਂਗੇ ।

**ਗਿ: ਅਜੀਤ ਸਿੰਘ ਵੈਦਰਾਜ**
ਗੁਰਮਤਿ ਸਾਹਿਤ ਲਾਇਬਰੇਰੀ
ਮੁਹੱਲਾ ਪੰਡੋਰੀ ਸੁਲਤਨ ਪੁਰ



Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

**KOTA STONE, RED AGRA, MANDANA, MARBLE, DHAULPUR & GWALIOR BUCH**

PROP. : DAYA SINGH BHUI

**WZ-2, Mansarover Garden, Ring Road,**
**NEW DELHI—110015**

---

ਅਪਣੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

Specialists in : 'A' Class Decoration for Marriages Parties & Govt. Functions

## Namdhari Tent House

**53, Hamidia Road Near Alpana Talkies,**
**BHOPAL (M.P.)**

---

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

## SAGGU
## IRON INDUSTRIES

ਸੱਗੂ ਆਇਰਨ ਇੰਡਸਟਰੀਜ਼

Sugar Mill Spares, Paper & Boards Mill Spares, Textile Mill Spares, Distillery Spares & Solvent Plant Spares
All Type of Gear & Chain Sprockets & Industrial Chain

Partner : S. Puran Singh Saggu
**Old Railway Road, JALANDHAR.**



Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾਈਵੇਟ ਲਿਮਟਿਡ

ਹੈਦਰਾਬਾਦ

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ

ਬਨਾਉਣ ਵਾਲੇ

# AMBER BISCUITS Pvt. Ltd.

SANTOSH NAGAR, X'ROAD, HYDERABAD-500035 (INDIA)




Sri Satguru Jagjit Singh Ji eLibrary NamdhariElibrary@gmail.com

*With best compliments from*

# YOUR
# CLOTH HOSUE

**Wholeseller & Retailor**

## Gents Wing :
**S.C.F. 1, Sector 20-C, Chandigarh.**
Phone : 23363, 31199

## Ladies Wing :
**S.C.O. 6, Sector 20-C, Chandigarh.**
Phone : 29849

## Rumal Sahib Wing :
**Booth No. 36, Sector 34-C, Chandigarh.**

## Your Saree Centre :
**S.C.F. No. 1, Sector 20-C, Chandigarh.**





Sri Satguru Jagjit Singh Ji eLibrary NamdhariElibrary@gmail.com

GOLD MEDAL WINNER
(1982-1983)

# JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P. to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634



ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼

## ਡਾਲਟਨ ਗੰਜ (ਬਿਹਾਰ)

# Namdhari Brothers

## DALTON GANJ

(Bihar)

Prop. :
S. AJIT SINGH NAMDHARI



*With best compliments from :*

# OSTER PARTNER

CARDIGANS • PULLOVERS

*Ante-date Knitters*

A quality product of
**UDEY Knitwears**
Manufacturers & Exporters
Street No.3, Jammu Colony, Nr. Preet Palace, Opp Atam Park, LUDHIANA-141 003
Phones: 405338, 36349, Fax: 26070 ATTN., 24349





Sri Satguru Jagjit Singh Ji eLibrary NamdhariElibrary@gmail.com

GRAMS : MATHARU P. O. Box 64 Ph. 32527
fg. : Rice Bran Extraction Plant Accessories

**Matharu Engineering Works**

MATHARU TRADING COMPANY
Partner—S. Swaran Singh Matharu
Works :
Near Char Batti Chowk
Sultanpur Road, Kapurthala.
Branch : Ph. : 490853
2847 St. No. 6, New Janta Nager,
Near A. T. I. College, Gill Road, Ludhiana.

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ 59869

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੋਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਅਕਹਿਰੀ ਪੁਲੀ, ਜਲੰਧਰ-੧੪੪੦੦੪.

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ,
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ: 292994

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
Turn Turn : 220010
**Makhan Singh Saggu**
**Narinder Singh Saggu**

**TECHNO INDUSTRIES**
**ਟੈਕਨੋ ਇੰਡਸਟਰੀਜ਼**

Manufacturers, Fabricators & Exporters
Industrial Chain Sprockets & Sugar Mill
Spares All Types of Graded Casting
& Machinery Parts
E.D. 311, Old Railway Road,
JALANDHAR-144001.



Sri Satguru Jagjit Singh Ji eLibrary NamdhariElibrary@gmail.com

ਬੀ ਹਰਬੰਸ ਕੌਰ ਢੌਡਾ ਪਿਛਲੇ ਦਿਨੀਂ
ਟੀਵੀਂ ਵਿਛੋੜਾ ਦੇ ਗਏ ਹਨ । ਉਹਨਾ
ਨਮਿਤ ਸਮਾਗਮ ਸਮੇਂ ਬੀਬੀ ਜੀ ਦੇ
ਤੀ ਸ: ਅਮਰ ਸਿੰਘ ਢੌਡਾ ਅਤੇ ਹੋਰ
ਰਵਾਰ ਸਤਿਗੁਰੂ ਜਗਜੀਤ ਸਿੰਘ ਜੀ
ਤਿ ਅਕੀਦਤ ਪੇਸ਼ ਕਰਦੇ ਹੋਏ ।







ਬੀਬੀ ਮਹਿੰਦਰ ਕੌਰ ਸਿਠਾਣੀ ਜਿਨ੍ਹਾ ਦੀ ਦਸਵੀਂ ਬਰਸੀ ੧ ਸਤੰਬਰ ਨੂੰ ਹੈ । ਬੀਬੀ ਜੀ ਨਮਿਤ ਇਕ ਐਵਾਰਡ ਉਹਨਾਂ ਦੇ ਪਤੀ ਸੇਠ ਤਰਲੋਕ ਸਿੰਘ ਚਾਵਲਾ ਵੱਲੋਂ ਸਥਾਪਤ ਕੀਤਾ ਗਿਆ ਹੈ ।

ਸ: ਸੂਰਤ ਸਿੰਘ (ਅਫਰੀਕਾ ਵਾਲੇ) ਜੋ ਸ਼ਰਧਾ ਅਤੇ ਸੇਵਾ ਭਰਪੂਰ ਜੀਵਨ ਬਿਤਾ ਕੇ ਸੰਸਾਰ ਤੋਂ ਵਿਦਾ ਹੋਏ ਹਨ ।





ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ੫ ਅਗਸਤ ੧੯੯੫ ਨੂੰ ਰਾਏਕੋਟ ਦੇ ਸ਼ਹੀਦਾਂ ਨਮਿਤ ਕਵੀ ਦਰਬਾਰ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਵੀਆਂ ਦਾ ਸਨਮਾਨ ਕੀਤਾ । ਤਸਵੀਰ ਵਿੱਚ ਮਾ: ਅਮਰੀਕ ਸਿੰਘ ਜੀ ਸਨਮਾਨ ਪ੍ਰਾਪਤ ਕਰਦੇ ਦਿਸ ਰਹੇ ਹਨ ।

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ
... ਕੀਤਾ । ਫੋਨ ... 222540 ... 55289
Sri Satguru Jagjit Singh Ji eLibrary NamdhariElibrary@gmail.com

Registered with the Registrar of News Papers for India No. 26453



ਸ. ਸਰਦਾਰਾ ਸਿੰਘ ਜੀ ਦੇ ਪਰਵਾਰ ਵੱਲੋਂ ਰਾਏਕੋਟ ਦੇ ਸ਼ਹੀਦਾਂ ਨਮਿਤ ਮੇਲਾ ਸ਼ਹੀਦੀ ਸਮਾਰਕ ਲੁਧਿਆਣਾ ਵਿੱਚ ੫-੬ ਅਗਸਤ ਨੂੰ ਕਰਵਾਇਆ ਗਿਆ । ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਧੁਰ ਖੱਬੇ ਬੈਠੇ ਹਨ ਸੂਬਾ ਹਰਭਜਨ ਸਿੰਘ ਜੀ ਅਤੇ ਸੱਜੇ (ਹੱਥ ਜੋੜ) ਖੜੇ ਹਨ ਸ: ਜਗਮੋਹਨ ਸਿੰਘ ।



ਇਸ ਮੇਲੇ ਵਿੱਚ ਭਾਰੀ ਕਵੀ ਦਰਬਾਰ ਵੀ ਹੋਇਆ ਅਤੇ ਕਵੀਆਂ ਦਾ ਭਰਪੂਰ ਸਨਮਾਨ ਕੀਤਾ ਗਿਆ । ਸਤਿਗੁਰੂ ਜੀ ਦੇ ਸਨਮੁੱਖ ਕਵੀਆਂ ਦੇ ਦਰਮਿਆਨ ਸੰਤ ਤਰਸੇਮ ਸਿੰਘ ਜੀ ਵਿਚਾਰ ਪੇਸ਼ ਕਰ ਰਹੇ ਹਨ ।



ਸ. ਸਾਧੂ ਸਿੰਘ ਕਿਸਾਨ ਸਤਿਗੁਰੂ ਜੀ ਤੋ ਸਨਮਾਨ ਪ੍ਰਾਪਤ ਕਰਦੇ ਹੋਏ ।





←

ਵਿਸ਼ਵ ਸਿਖ ਸੰਮੇਲ[illegible] ਅੰਮ੍ਰਿਤਸਰ ਵੱਲੋਂ ੨[illegible] ਸਤੰਬਰ ੧੯੯੫ [illegible] ਨਾਮਧਾਰੀ ਸ਼ਹੀਦਾਂ ਦੀ ਯਾ[illegible] ਵਿੱਚ ਗਿਆਰਾਂ ਮੈਂਬ[illegible] ਪ੍ਰਤਿਨਿਧ ਮੰਡ[illegible] ਸਨਮਾਨਤ ਕੀਤਾ ਗਿ[illegible]

ਖੱਬੇ ਸ: ਦਲੀਪ ਸਿੰਘ ਪ੍ਰਧਾਨ ਨਾਮਧਾਰੀ ਵਿਦਿਅਕ ਜੱਥਾ ਅਤੇ ਸ਼ਹੀਦ ਲਹਿਣਾ ਸਿੰਘ ਜੀ ਦੇ ਵੰਸ਼ਜ ਸੰਤ ਦਲੀਪ ਸਿੰਘ ਪੰਨਵ (ਜੋ ਹਰ ਸਾਲ ਸ਼ਹੀਦਾਂ ਨਮਿਤ ਮੇਲਾ ਕਰਦੇ ਹਨ) ਨੂੰ ਸਨਮਾਨ ਦੇ ਰਹੇ ਹਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੋਹੜਾ । ਸਜੇ ਸੂਬਾ ਸੁਰਿੰਦਰ ਕੌਰ ਖਰਲ, ਸ੍ਰੀ ਜਗਦੀਸ਼ ਸਿੰਘ ਵਰਿਆਮ ਅਤੇ ਹੋਰ, ਸਨਮਾਨ ਲੈਣ ਉਪਰੰਤ । ਸਜੇ ਸ. ਮਨਜੀਤ ਸਿੰਘ ਕਲਕੱਤਾ ਸਕੱਤਰ ਸ਼੍ਰੋਮਣੀ ਕਮੇਟੀ ਖੜੇ ਹਨ ।

Sri Satguru Jagjit Singh Ji eLibrary NamdhariElibrary@gmail.com